I N T E R N A T I O N A L
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.31 / No.07
14 February, 2025
੩ ਫੱਗਣ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

# ਨਹੀਂਓ ਲੱਭਣੇ ਲਾਲ ਗਵਾਚੇ – ਆਰਟਿਸਟ ਜਰਨੈਲ ਸਿੰਘ

**ਰਛਪਾਲ ਸਿੰਘ ਗਿੱਲ**

ਜਰਨੈਲ ਸਿੰਘ ਆਰਟਿਸਟ ਰੰਗਾਂ ਦੇ ਬਾਦਸ਼ਾਹ ਸੀ। ਬਾਕਮਾਲ ਆਰਟਿਸਟ, ਦੂਨੀਆਂ ਜਾਣਦੀ ਆ। ਉਹਦੇ ਬਣਾਏ ਚਿੱਤਰ ਦੂਨੀਆ ਭਰ 'ਚ ਵਸਦੇ ਸਿੱਖਾਂ ਦੇ ਘਰਾਂ ਵਿੱਚ ਅਕਸਰ ਦੇਖੇ ਜਾ ਸਕਦੇ ਨੇ। ਉਹਨੂੰ ਇਹ ਕਲਾ ਵਿਰਾਸਤ ਵਿੱਚ ਮਿਲੀ। ਉਹਦੇ ਪਿਤਾ ਜੀ ਜੋ ਅਕਸਰ ਕਾਲੇ ਰੰਗ ਦਾ ਲੰਬਾ ਚੋਲਾ ਪਾਕੇ ਰੱਖਿਆ ਕਰਦੇ ਸਨ, ਉਨਾਂ ਨੇ ਕਲਾ ਦੀਆਂ ਬਾਰਕੀਆਂ ਦੀ ਗੁੜ੍ਹਤੀ ਉਨਾਂ ਨੂੰ ਸਕੂਲੀ ਵਿੱਦਿਆ ਪ੍ਰਾਪਤ ਕਰਦਿਆਂ ਹੀ ਦੇ ਦਿੱਤੀ ਸੀ। ਉਹ ਵੀ ਜਾਣ ਗਏ ਸਨ ਕਿ ਉਨਾਂ ਦਾ ਹੋਣਹਾਰ ਪੁੱਤਰ ਭਵਿੱਖ ਵਿੱਚ ਉਨਾਂ ਦੇ ਪਾਏ ਪੂਰਨਿਆਂ 'ਤੇ ਚਲਕੇ ਇੱਕ ਅਜਿਹੀ ਕਲਾਂ ਦੀ ਸਿਰਜਨਾ ਕਰੇਗਾ ਕਿ ਦੂਨੀਆਂ ਉਨਾਂ ਦੀ ਕਲਾ ਦੀ ਤਾਰੀਫ਼ ਕਰੇਗੀ। ਜਰਨੈਲ ਸਿੰਘ ਦਾ ਪਿਛੋਕੜ ਜ਼ੀਰਾ ਸ਼ਹਿਰ ਲਾਗੇ

ਇੱਕ ਪਿੰਡ ਨਾਲ ਜੁੜਦਾ ਹੈ। ਚੰਡੀਗੜ ਨਾਲ ਉਨਾਂ ਦਾ ਸਬੰਧ ਪੰਜਾਬ ਦੇ ਛੇਵੇਂ ਦਰਿਆ ਡਾਕਟਰ ਮਹਿੰਦਰ ਸਿੰਘ ਰੰਧਾਵਾ ਦੇ ਕਰਕੇ ਹੋਇਆ। ਜੋ ਕਿ ਕਲਾਂ ਪ੍ਰੇਮੀ ਹੀ ਨਹੀਂ ਬਲਕਿ ਕਲਾਂ ਦੇ ਪਾਰਖੂ ਵੀ ਸਨ। ਜਰਨੈਲ ਸਿੰਘ ਨੇ ਉਚ ਤਾਲੀਮ ਵੀ ਚੰਡੀਗੜੋ ਹੀ ਪ੍ਰਾਪਤ ਕੀਤੀ। ਉਹ ਬਹੁਪੱਖੀ ਸਖਸ਼ੀਅਤ ਸਨ। ਹਰ ਕੰਮ ਨੂੰ ਦ੍ਰਿੜਤਾ ਤੇ ਇਮਾਨਦਾਰੀ ਨਾਲ ਕਰਦੇ। ਵੱਡੇ ਤੋਂ ਵੱਡੇ ਲੇਖਕ, ਯੂਨੀਵਰਸਿਟੀਆਂ ਦੇ ਵਾਈਸ ਚਾਸਲਰ, ਅਖਬਾਰਾਂ ਦੇ ਪੱਤਰਕਾਰ, ਸੰਪਾਦਕ, ਧਾਰਮਿਕ ਸੰਸਥਾਵਾਂ ਸਭ ਨਾਲ ਉਨਾਂ ਦੀ ਜਾਣ ਪਛਾਣ ਬਾਕਮਾਲ ਸੀ ਹੱਸਮੁੱਖ ਚਿਹਰਾ, ਫੌਜੀ ਸਟਾਈਲ ਰਹਿਣੀ, ਬਹਿਣੀ, ਠਰੰਮੇ ਨਾਲ ਗੱਲਬਾਤ ਕਰਨੀ, ਆਪਣੀ ਮੁੱਛਾਂ ਨੂੰ ਥੋੜਾ ਜਿਹਾ ਚੜ੍ਹਾ ਕਰਕੇ ਰੱਖਣਾ ਉਨਾਂ ਦੀ ਸਖਸੀਅਤ ਨੂੰ ਸਦਾ ਹੀ ਨਿਖਾਰਾ ਰੱਖਦਾ। ਉਹ ਸਾਦਗੀ ਪਸੰਦ ਸਨ। ਹਰ ਕਿਸੇ ਦੇ ਵੇਲੇ ਕੁਵੇਲੇ ਕੰਮ ਆਉਣ ਵਾਲੇ, ਬਹਿਸਬਾਜ਼ੀ ਤੋਂ ਦੂਰ ਰਹਿਣ ਵਾਲੇ, ਸਹਿਜਮਤੇ ਵਾਲੇ ਇਨਸਾਨ, ਅਗਾਹਵਧੂ ਇਨਸਾਨ ਸੀ ਕਦੇ


ਚਿੱਤਰਕਾਰ ਜਰਨੈਲ ਸਿੰਘ

ਉਨਾਂ ਨੂੰ ਭੱਜੂੰ-ਭੰਜੂੰ ਜਾਂ ਮਰੂ-ਮਰੂ ਕਰਦੇ ਹੋਏ ਨਹੀਂ ਦੇਖਿਆ। ਸਮੇਂ ਦੇ ਪਾਬੰਦ ਅਤੇ ਆਪਣੀ ਕਲਾਂ ਨੂੰ ਸਮਰਪਿਤ। ਲੋਕ ਲਾਲਚ ਤੋਂ ਦੂਰ ਰਹਿਣ ਵਾਲੇ। ਉਨਾਂ ਨਾਲ ਵਾਹ ਵਾਸਤਾ 32-33 ਸਾਲ ਤੋਂ ਸੀ। ਨੇੜਤਾ ਏਨੀ ਸੀ ਕਿ ਜਦੋਂ ਵੀ ਉਨਾਂ ਕੋਲ ਆਉਣਾ ਕਦੇ ਉਠਣ ਹੀ ਨਾ ਦੇਂਦੇ। ਕਹਿੰਦੇ ਕੀ ਕਰਨਾ ਬਹਿਜਾ, ਹੋਰ ਕੋਈ ਵੀ ਕੰਮ ਕਰਨਾ ਸਲਾਹ ਮਸ਼ਵਰਾ ਜ਼ਰੂਰ ਕਰਦੇ ਆਪਣੇ ਪਿਤਾ ਜੀ ਦੇ ਬਾਰੇ ਲਿਖਣ ਦਾ ਅਕਸਰ ਹੀ ਜ਼ਿਕਰ ਕਰਿਆ ਕਰਦੇ ਸਨ। ਇਕ ਹੋਰ ਗੱਲ ਕਰੀਏ ਸ. ਜਰਨੈਲ ਸਿੰਘ ਆਪਣੇ ਆਪ ਨੂੰ ਸਮੇਂ ਨਾਲ ਤੋਰਨ ਦੇ ਹਾਣੀ ਸਨ। ਉਨ੍ਹਾਂ ਨੇ ਕੈਨੇਡਾ ਆ ਕਿ ਪੱਛਮੀ ਤਰਜ਼ ਵਾਲੇ ਚਿੱਤਰ ਵੀ ਬਣਾਉਣੇ ਸ਼ੁਰੂ ਕਰ ਦਿੱਤੇ। ਉਸ ਦੀ ਕਲਾ ਦਾ ਮੁੱਲ ਪਿਆ ਵੀ ਚੰਗਾ ਚੋਖਾ ਪਿਆ ਹਰ ਅਦਾਰੇ ਨਾਲ ਉਨਾਂ ਦੀ ਨੇੜਤਾ ਸੀ।ਮਿਲਾਪੀ ਸੁਭਾਅ ਵਾਲੇ ਜਰਨੈਲ ਨੇ ਕਿਧਰੇ ਸਿੱਖ ਇਤਿਹਾਸ ਨਾਲ ਸਬੰਧਿਤ ਚਿੱਤਰਾਂ ਦੀ ਸਿਰਜਣਾ ਕੀਤੀ। ਕਿਧਰੇ ਧਾਰਮਿਕ ਪੱਖ ਦੇ ਚਿੱਤਰ ਵੀ ਬਣਾਏ। ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਉਨਾਂ ਦੇ ਚਿੱਤਰ ਲਾਜਵਾਬ ਹਨ। ਪੁਰਾਣਾ ਪੰਜਾਬ ਉਨਾਂ ਦੇ ਚਿੱਤਰਾਂ ਵਿੱਚ ਦੇਖਿਆ ਜਾ ਸਕਦਾ ਹੈ। ਆਉਣ ਵਾਲੀਆਂ ਪੀੜੀਆ ਉਨਾਂ ਦੀ ਕਲਾ ਤੇ ਮਾਣ ਕਰਨਗੀਆਂ। ਉਨਾਂ ਦੇ ਚਿੱਤਰ ਸਾਡੀ ਕੌਮੀ ਵਿਰਾਸਤ ਹਨ ਉਨਾਂ ਤੇ ਮਾਣ ਕਰਨਾ ਬਣਦਾ। ਅਸੀਂ ਲੰਬਾ ਸਮਾਂ ਇੱਕਠਿਆਂ ਕੰਮ ਕੀਤਾ ਨਿਤ ਦਾ ਖਾਣ ਪੀਣ ਇਕ ਟੇਬਲ ਤੇ ਹੁੰਦਾ। ਉਹ ਨਿਰੋਏ ਸੁਝਾਅ ਦਿੰਦੇ। ਜੋ ਮੰਨਣ ਲਾਇਕ ਹੁੰਦੇ। ਵਧੀਆ ਸਲਾਹਕਾਰ ਸਨ, ਮਿੱਤਰ ਪਿਆਰੇ ਦੀ ਯਾਦ ਸਤਾ ਰਹੀ ਹੈ। ਉਹ ਮੈਨੂੰ ਅਕਸਰ ਕਿਹਾ ਕਰਦੇ ਲਿਖਿਆ ਕਰ, ਹੱਟ ਕਿਉਂ ਗਿਆ। ਜਰਨੈਲ ਸਿੰਘ ਵਾਕਿਆ ਹੀ ਜਰਨੈਲ ਸੀ, ਸਿਪਾਹੀਆਂ ਦੀ ਫੌਜ਼ ਨੂੰ ਨਾਲ ਲੈਕੇ ਚੱਲਣ ਵਾਲਾ-ਬੀਬਾ ਇਨਸਾਨ।

**ਜਿਸ ਰਾਹ ਸੇ ਫ਼ਕੀਰ ਗੁਜ਼ਰ ਜਾਤੇ ਹੈ,**
**ਲੋਗੋਂ ਕੇ ਜ਼ਖਮ ਨਿਗਾਹੋਂ ਸੇ ਭਰ ਜਾਤੇ ਹੈ,**

**ਰੱਬ ਕੇ ਬੰਦੋ ਕਾ ਜੇਹੀ ਨਿਸ਼ਾਂ ਹੋਤਾ ਹੈ,**
**ਮਰਤੇ ਨਹੀਂ, ਵੋ ਹੋ ਕੇ ਅਮਰ ਜਾਤੇ ਹੈ।**

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

Satya Asha FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਫੈਮੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਈਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ਮਹਾਨ ਚਿੱਤਰਕਾਰ ਜਰਨੈਲ ਸਿੰਘ ਦੇ ਅਚਾਨਕ ਸਦੀਵੀਂ ਵਿਛੋੜੇ ਕਾਰਨ ਸਰੀ ਵਿਚ ਸੋਗ ਦੀ ਲਹਿਰ

**ਸਰੀ, (ਹਰਦਮ ਮਾਨ):** ਮਹਾਨ ਚਿੱਤਰਕਾਰ ਜਰਨੈਲ ਸਿੰਘ ਦੇ ਅਚਾਨਕ ਸਦੀਵੀ ਵਿਛੋੜੇ ਕਾਰਨ ਸਰੀ ਦੇ ਸਾਹਿਤਕ, ਕਲਾਤਮਿਕ ਅਤੇ ਸਭਿਆਚਾਰ ਹਲਕਿਆਂ ਵਿਚ ਸੋਗ ਦੀ ਲਹਿਰ ਫੈਲ ਗਈ ਹੈ। ਬਹੁਤ ਹੀ ਨਿਮਰ ਸ਼ਖ਼ਸੀਅਤ ਦੇ ਮਾਲਕ, ਕਲਾ, ਸਾਹਿਤ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ ਇਤਿਹਾਸ, ਪੰਜਾਬੀ ਸਭਿਆਚਾਰ ਨੂੰ ਆਪਣੀ ਕਲਾ ਰਾਹੀਂ ਬਾਖ਼ੂਬੀ ਚਿਤਰਿਆ ਅਤੇ ਦੁਨੀਆਂ ਭਰ ਦੇ ਪੰਜਾਬੀਆਂ ਵਿਚ ਬੇਹੱਦ ਮਕਬੂਲੀਅਤ ਅਤੇ ਪਿਆਰ ਸਤਿਕਾਰ ਹਾਸਲ ਕੀਤਾ।

ਸਰੀ ਵਿਚ ਉਨ੍ਹਾਂ ਵੱਲੋਂ ਸਥਾਪਿਤ ਕੀਤੀ 'ਜਰਨੈਲ ਆਰਟ ਗੈਲਰੀ' ਸਿਰਫ ਚਿੱਤਰਕਾਰੀ ਤੱਕ ਹੀ ਸੀਮਤ ਨਹੀਂ ਸੀ ਸਗੋਂ ਪਿਛਲੇ ਕਾਫੀ ਸਮੇਂ ਇਕ ਅਜਿਹਾ ਪਲੇਟਫਾਰਮ ਬਣਿਆ ਹੋਇਆ ਹੈ ਜਿੱਥੇ ਸਾਹਿਤਕ, ਸਭਿਆਚਾਰਕ, ਕਲਾਤਮਿਕ ਪ੍ਰੋਗਰਾਮ ਹੁੰਦੇ ਰਹਿੰਦੇ ਹਨ। ਇਹ ਗੈਲਰੀ ਇਕ ਅਜਿਹਾ ਮੰਚ ਹੈ ਕਿ ਜਿੱਥੇ ਦੇਸ਼ ਵਿਦੇਸ਼ ਤੋਂ ਆਉਣ ਵਾਲੀਆਂ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਜਾਂਦਾ ਹੈ। ਸਰੀ ਵਿਚ ਆਏ ਮਹਿਮਾਨ ਇਸ ਗੈਲਰੀ ਵਿਚ ਆ ਕੇ ਆਪਣੀ ਯਾਤਰਾ ਨੂੰ ਸਫਲ ਸਮਝਦੇ ਹਨ। ਪੰਜਾਬੀ ਪਿਆਰਿਆਂ ਨੂੰ ਖਿੜੇ ਮੱਥੇ ਆਪਣੀ ਬੁੱਕਲ ਦਾ ਨਿੱਘ ਦੇਣ ਵਾਲੀ ਇਹ ਗੈਲਰੀ ਅੱਜ ਬਹੁਤ ਉਦਾਸ ਹੈ।

ਹਰਮਨ ਪਿਆਰੇ ਆਰਟਿਸਟ ਜਰਨੈਲ ਸਿੰਘ ਵੱਲੋਂ ਅਲਵਿਦਾ ਕਹਿ ਜਾਣ 'ਤੇ ਵੈਨਕੂਵਰ ਵਿਚਾਰ ਮੰਚ, ਪੰਜਾਬੀ ਲੇਖਕ ਮੰਚ, ਗ਼ਜ਼ਲ ਮੰਚ ਸਰੀ ਅਤੇ ਹੋਰ ਕਈ ਸੰਸਥਾਵਾਂ ਦੇ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ। ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਹਰਦਮ ਮਾਨ, ਗ਼ਜ਼ਲ ਮੰਚ ਸਰੀ ਦੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਕ੍ਰਿਸ਼ਨ ਭਨੋਟ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫਿਰੋਜ਼, ਪ੍ਰੀਤ ਮਨਪ੍ਰੀਤ, ਗੁਰਮੀਤ ਸਿੱਧੂ ਤੇ ਬਲਦੇਵ ਸੀਹਰਾ, ਉੱਘੇ ਵਿਦਵਾਨ ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਕੌਰ ਸੋਹੀ, ਗੁਲਾਟੀ ਪਬਲਿਸ਼ਰਜ਼ ਸਰੀ ਦੇ ਸਤੀਸ਼ ਗੁਲਾਟੀ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਜਸਕਰਨ ਸਿੰਘ, ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ ਅਤੇ ਹੋਰ ਕਈ ਸ਼ਖ਼ਸੀਅਤਾਂ ਨੇ ਦੁੱਖ ਪ੍ਰਗਟ ਕਰਦਿਆਂ ਉਸ ਮਹਾਨ ਕਲਾਕਾਰ ਨੂੰ ਸਿਜਦਾ ਕੀਤਾ ਹੈ।



## ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਚਿਤਰਕਾਰ ਜਰਨੈਲ ਸਿੰਘ ਦੇ ਦੇਹਾਂਤ ਤੇ ਅਫ਼ਸੋਸ ਦਾ ਪ੍ਰਗਟਾਵਾ

ਲੁਧਿਆਣਾ: ਵਿਸ਼ਵ ਪ੍ਰਸਿੱਧ ਪੰਜਾਬੀ ਲੋਕ ਧਾਰਾ,ਇਨਕਲਾਬੀ ਲਹਿਰਾਂ ਤੇ ਸਿੱਖ ਇਤਿਹਾਸ ਦੇ ਚਿਤੇਰੇ ਸ. ਜਰਨੈਲ ਸਿੰਘ ਚਿਤਰਕਾਰ ਦੇ ਦੇਹਾਂਤ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਤੇ ਸਹਿਜਪ੍ਰੀਤ ਸਿੰਘ ਮਾਂਗਟ, ਰਾਮਗੜੀਆ ਵਿੱਦਿਅਕ ਅਦਾਰਿਆਂ ਦੇ ਪ੍ਰਧਾਨ ਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਲੇਖਕ ਤੇ ਫੋਟੋ ਕਲਾਕਾਰ ਸ. ਰਣਜੋਧ ਸਿੰਘ, ਸ. ਸੋਭਾ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਜਨਰਲ ਸਕੱਤਰ ਤੇਜ ਪ੍ਰਤਾਪ ਸਿੰਘ ਸੰਧੂ, ਪੰਜਾਬ ਦੇ ਸਾਬਕਾ ਕਮਿਸ਼ਨਰ ਪੁਲੀਸ ਗੁਰਪ੍ਰੀਤ ਸਿੰਘ ਤੂਰ, ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਸਰਪ੍ਰਸਤ ਸ. ਦਲਜੀਤ ਸਿੰਘ ਜੱਸਲ, ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਪੰਜਾਬੀ ਲੇਖਕ ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਗੁਰਚਰਨ ਕੌਰ ਕੋਚਰ , ਨਿਰਮਲ ਜੌੜਾ,ਜਸਮੇਰ ਸਿੰਘ ਢੱਟ, ਕਰਮਜੀਤ ਗਰੇਵਾਲ, ਚਿੱਤਰਕਾਰ ਬਬਲੀ ਸਿੰਘ, ਦੇਵਿੰਦਰ ਸਿੰਘ ਨਾਗੀ, ਹਰੀ ਮੋਹਨ ਤੇ ਕੰਵਲਜੀਤ ਸਿੰਘ ਸ਼ੰਕਰ ਨੇ ਵੀ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

ਸ. ਜਰਨੈਲ ਸਿੰਘ ਭਾਵੇਂ ਸਰੀ(ਕੈਨੇਡਾ) ਵੱਸਦੇ ਸਨ ਪਰ ਪਿਛਲੇ ਇੱਕ ਮਹੀਨੇ ਤੋਂ ਪੰਜਾਬ ਆਏ ਹੋਏ ਸਨ। ਆਪਣੇ ਚੰਡੀਗੜ੍ਹ ਨਿਵਾਸ ਵਿੱਚ ਰਹਿੰਦਿਆਂ ਹੀ ਉਹ ਬੀਮਾਰ ਪੈ ਗਏ ਜਿਸ ਕਾਰਨ ਉਹ ਰੋਗ ਤੋਂ ਮੁਕਤ ਨਾ ਹੋ ਸਕੇ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਜਰਨੈਲ ਸਿੰਘ ਚਿਤਰਕਾਰ ਨੇ ਪੰਜਾਬ ਵਿੱਚ ਫੁਲਕਾਰੀ ਕਲਾ ਨੂੰ ਆਪਣੀਆਂ ਪੇਂਟਿੰਗਜ਼ ਵਿੱਚ ਚਿੱਤਰ ਕੇ ਮੁੜ ਸੁਰਜੀਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਆਪਣੇ ਬਾਪ ਵਿਸ਼ਵ ਪ੍ਰਸਿੱਧ ਚਿੱਤਰਕਾਰ ਸ. ਕਿਰਪਾਲ ਸਿੰਘ ਵਾਂਗ ਹੀ ਜਰਨੈਲ ਸਿੰਘ ਨੇ ਸਿੱਖ ਇਤਿਹਾਸ ਚਿੱਤਰ ਕੇ ਦੇਸ਼ ਬਦੇਸ਼ ਵਿੱਚ ਪਹੁੰਚਾਇਆ। ਲੁਧਿਆਣਾ ਦੀਆਂ ਕਲਾ ਸਰਗਰਮੀਆਂ ਨਾਲ ਉਹ 1983 ਤੋਂ ਲਗਾਤਾਰ ਜੁੜੇ ਹੋਏ ਸਨ।

ਇਸੇ ਦੌਰਾਨ "ਮੇਲਾ ਗੀਤਕਾਰਾਂ ਦਾ" ਸੰਸਥਾ ਵੱਲੋਂ ਵੀ ਜਰਨੈਲ ਸਿੰਘ ਨੂੰ ਪੰਜਾਬੀ ਭਵਨ ਲੁਧਿਆਣਾ ਵਿੱਚ ਇੱਕ ਮੀਟਿੰਗ ਦੌਰਾਨ ਸ਼ਰਧਾਂਜਲੀ ਫੁੱਲ ਭੇਂਟ ਕੀਤੇ ਗਏ ਹਨ।


# ਨਾਟੋ ਖਰਚ ਵਧਾਉਣ ਲਈ ਕੈਨੇਡਾ ਵਚਨਬੱਧ: ਰੱਖਿਆ ਮੰਤਰੀ ਬਿਲ ਬਲੇਅਰ

ਔਟਵਾ : ਕੈਨੇਡਾ ਆਪਣਾ ਰੱਖਿਆ ਖਰਚ ਤੇਜ਼ੀ ਨਾਲ ਵਧਾਉਣ ਲਈ ਜ਼ੋਰ ਲਾ ਰਿਹਾ ਹੈ ਤਾਂ ਜੋ ਨਾਟੋ ਦੇ ਜੀਡੀਪੀ ਦਾ 2% ਰੱਖਿਆ ਖਰਚ ਪੂਰਾ ਕਰਨ ਦੇ ਟੀਚੇ ਨੂੰ ਪ੍ਰਾਪਤ ਕਰ ਸਕੇ। ਇਹ ਗੱਲ ਰੱਖਿਆ ਮੰਤਰੀ ਬਿਲ ਬਲੇਅਰ ਨੇ ਕਹੀ, ਜੋ ਨਾਟੋ ਭਾਈਵਾਲਾਂ ਅਤੇ ਯੂਕਰੇਨ ਰੱਖਿਆ ਸੰਪਰਕ ਗਰੁੱਪ ਨਾਲ ਮੁਲਾਕਾਤ ਕਰਨ ਬਰੱਸਲਜ਼ ਪਹੁੰਚੇ ਹਨ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸ਼ਿਕਾਇਤ ਹੈ ਕਿ ਕੈਨੇਡਾ ਆਪਣੀਆਂ ਨਾਟੋ ਸਬੰਧੀ ਵਚਨਬੱਧਤਾਵਾਂ ਨੂੰ ਪੂਰਾ ਨਹੀਂ ਕਰ ਰਿਹਾ। ਉਹ ਇਸ ਮਾਮਲੇ 'ਤੇ ਵਾਰ-ਵਾਰ ਕੈਨੇਡਾ ਨੂੰ 51ਵਾਂ ਅਮਰੀਕੀ ਸੂਬਾ ਬਣਾਉਣ ਦੀ ਗੱਲ ਕਰਦੇ ਰਹੇ ਹਨ। ਬਲੇਅਰ ਨੇ ਟਰੰਪ ਦੀ ਇਸ ਟਿੱਪਣੀ ਨੂੰ "ਅਪਮਾਨਜਨਕ ਅਤੇ ਚਿੰਤਾਜਨਕ" ਦੱਸਿਆ। ਉਹਨਾਂ ਕਿਹਾ, "ਕੈਨੇਡਾ ਇੱਕ ਆਜ਼ਾਦ ਦੇਸ਼ ਹੈ ਅਤੇ ਅਸੀਂ ਆਪਣੀ ਰੱਖਿਆ ਅਤੇ ਰਣਨੀਤੀਕ ਫ਼ੈਸਲੇ ਖੁਦ ਕਰਦੇ ਹਾਂ।"

ਬਲੇਅਰ ਨੇ ਨੋਰੈਡ (North Ameircan Aerospace Defense Command) ਨੂੰ ਉਦਾਹਰਣ ਵਜੋਂ ਪੇਸ਼ ਕਰਦੇ ਹੋਏ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਪਹਿਲਾਂ ਹੀ ਮਹਾਂਦੀਪੀ ਰੱਖਿਆ 'ਚ ਮਿਲਕੇ ਕੰਮ ਕਰ ਰਹੇ ਹਨ।

ਉਨ੍ਹਾਂ ਕਿਹਾ, "ਨੋਰੈਡ ਇੱਕ ਬੇਹੱਦ ਪ੍ਰਭਾਵਸ਼ਾਲੀ ਗਠਜੋੜ ਹੈ, ਜਿੱਥੇ ਦੋਵੇਂ ਦੇਸ਼ ਸਾਂਝੇ ਰੂਪ ਵਿੱਚ ਉੱਤਰੀ ਅਮਰੀਕਾ ਦੀ ਹਵਾਈ ਅਤੇ ਸਮੁੰਦਰੀ ਰੱਖਿਆ ਲਈ ਕੰਮ ਕਰਦੇ ਹਨ।"




ਕੈਨੇਡਾ ਨੇ ਨੋਰੈਡ ਦੇ ਆਧੁਨਿਕਰਨ ਲਈ $38.6 ਬਿਲੀਅਨ ਦੀ ਰਕਮ ਦਾ ਵਾਅਦਾ ਕਰ ਚੁੱਕਾ ਹੈ।

ਕੈਨੇਡਾ ਨੇ ਯੂਕਰੇਨ ਦੀ ਰੱਖਿਆ ਲਈ ਨਾਟੋ ਭਾਈਵਾਲਾਂ ਨਾਲ ਮਿਲਕੇ 2.4 ਬਿਲੀਅਨ ਡਾਲਰ ਦੀ ਸਹਾਇਤਾ ਦਿੰਦੀ ਹੈ। ਨਾਟੋ ਦੇ ਲਿਥੁਆਨੀਆ 'ਚ ਮੌਜੂਦ ਬਟਾਲਿਅਨ ਦੀ ਅਗਵਾਈ ਵੀ ਕੈਨੇਡਾ ਕਰ ਰਿਹਾ ਹੈ, ਜਿਸ ਵਿੱਚ 2,200 ਤੋਂ ਵੱਧ ਕੈਨੇਡੀਅਨ ਸੈਨਿਕ ਤਾਇਨਾਤ ਹਨ।

ਪਰ ਨਾਟੋ ਦੇ 2% ਰੱਖਿਆ ਖਰਚ ਦੇ ਟੀਚੇ ਨੂੰ ਹਾਸਲ ਕਰਨ ਲਈ, ਕੈਨੇਡਾ ਨੂੰ ਆਪਣੇ ਵਿੱਤੀ ਯੋਜਨਾ 'ਚ ਵੱਡੇ ਬਦਲਾਅ ਕਰਨੇ ਪੈਣਗੇ।

ਟਰੰਪ ਨੇ ਅਮਰੀਕੀ ਵੋਟਰਾਂ ਨੂੰ ਯਕੀਨ ਦਵਾਇਆ ਹੈ ਕਿ ਉਹ ਨਾਟੋ 'ਚ ਜ਼ਿਆਦਾ ਰੁਚੀ ਨਹੀਂ ਰਖਦੇ। ਉਨ੍ਹਾਂ ਨੇ ਪਿਛਲੇ ਹਫ਼ਤੇ ਹੀ ਕਿਹਾ ਸੀ ਕਿ ਜੇਕਰ ਕੋਈ ਨਾਟੋ ਭਾਈਵਾਲ 2% ਰੱਖਿਆ ਖਰਚ ਨਹੀਂ ਭਰਨਦਾ, ਤਾਂ ਅਮਰੀਕਾ ਉਨ੍ਹਾਂ ਦੀ ਸਹਾਇਤਾ ਨਹੀਂ ਕਰੇਗਾ।

ਇਸ ਬਿਆਨ ਨੇ ਯੂਰਪੀ ਸੰਯੁਕਤ ਰਾਸ਼ਟਰਾਂ ਅਤੇ ਨਾਟੋ ਦੇ ਬਾਕੀ ਮੈਂਬਰਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ।

ਬਲੇਅਰ ਨੇ ਕਿਹਾ ਕਿ "ਕੈਨੇਡਾ ਆਪਣੀ ਨਾਟੋ ਅਤੇ ਮਹਾਂਦੀਪੀ ਰੱਖਿਆ ਦੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟੇਗਾ"। ਉਨ੍ਹਾਂ ਦੱਸਿਆ ਕਿ ਨਵੀਆਂ ਰਣਨੀਤੀਆਂ ਤਹਿਤ 2030 ਤੱਕ ਕੈਨੇਡਾ ਆਪਣੇ ਰੱਖਿਆ ਖਰਚ ਵਿੱਚ ਵਾਧੂ ਇਜ਼ਾਫ਼ਾ ਕਰੇਗਾ।

# ਕੈਨੇਡਾ ਕਦੇ ਵੀ ਅਮਰੀਕਾ ਦਾ 51ਵਾਂ ਸੂਬਾ ਨਹੀਂ ਬਣੇਗਾ : ਜਸਟਿਨ ਟਰੂਡੋ

**ਔਟਵਾ (ਏਕਜੋਤ ਸਿੰਘ):** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ 51ਵਾਂ ਸੂਬਾ ਨਹੀਂ ਬਣੇਗਾ, ਪਰ ਸਰਕਾਰ ਨੂੰ ਡੋਨਲਡ ਟਰੰਪ ਵੱਲੋਂ ਦਿੱਤੀਆਂ ਕੈਨੇਡਾ ਨੂੰ ਅਮਰੀਕਾ ਵਿੱਚ ਰਲਾਉਣ ਦੀਆਂ ਧਮਕੀਆਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਧਮਕੀਆਂ ਅਮਰੀਕਾ ਵੱਲੋਂ ਲਾਏ ਗਏ ਵਪਾਰਿਕ ਟੈਰਿਫ਼ਾਂ ਨਾਲ ਨਜਿੱਠਣ ਦੌਰਾਨ ਵੀ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਲ ਹੀ ਵਿੱਚ ਇਕ ਵਪਾਰਕ ਇਵੈਂਟ ਦੌਰਾਨ ਦਾਅਵਾ ਕੀਤਾ ਕਿ ਕੈਨੇਡਾ ਅਤੇ ਅਮਰੀਕਾ ਦੀ ਇੱਕਤਾ ਹੋ ਸਕਦੀ ਹੈ। ਉਨ੍ਹਾਂ ਨੇ ਕਿਹਾ, "ਕੈਨੇਡਾ ਅਸੀਂ ਤੁਹਾਡੇ ਨਾਲ ਹੀ ਹਮੇਸ਼ਾ ਵਪਾਰ ਕਰਦੇ ਹਾਂ। ਤੁਸੀਂ ਅਸੀਂ ਇੱਕੋ ਹੀ ਹਾਂ। ਕਿਸੇ ਨਾ ਕਿਸੇ ਦਿਨ ਤੁਸੀਂ ਅਸੀਂ ਮਿਲ ਸਕਦੇ ਹਾਂ।" ਟਰੰਪ ਦੇ ਇਸ ਬਿਆਨ ਨੇ ਕੈਨੇਡਾ ਦੀ ਰਾਜਨੀਤੀ 'ਚ ਹਲਚਲ ਮਚਾ ਦਿੱਤੀ। ਉਥੇ ਹੀ, ਅਮਰੀਕਾ ਵੱਲੋਂ ਕੈਨੇਡੀਅਨ ਉਤਪਾਦਾਂ 'ਤੇ ਨਵੇਂ ਟੈਰਿਫ਼ ਲਗਾਉਣ ਦੇ ਫ਼ੈਸਲੇ ਨੇ ਦੋਵੇਂ ਦੇਸ਼ਾਂ ਵਿਚ ਵਪਾਰਕ ਦਬਾਅ ਵਧਾ ਦਿੱਤਾ ਹੈ। ਕੈਨੇਡਾ ਦੇ ਰੱਖਿਆ ਮੰਤਰੀ ਬਿਲ ਬਲੇਅਰ ਨੇ ਵੀ ਟਰੰਪ ਦੇ ਬਿਆਨ 'ਤੇ ਆਪਣੀ ਤਿੱਖੀ ਪ੍ਰਤੀਕ੍ਰਿਆ ਦਿੱਤੀ। ਉਨ੍ਹਾਂ ਨੇ ਕਿਹਾ, "ਇਹ ਬਿਆਨ ਨਾ ਸਿਰਫ਼ ਅਪਮਾਨਜਨਕ ਹਨ, ਬਲਕਿ ਚਿੰਤਾਜਨਕ ਵੀ ਹਨ।" ਪਰ ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਇਹ ਕੋਈ 'ਸੱਚਮੁੱਚ ਦਾ ਖ਼ਤਰਾ' ਨਹੀਂ ਹੈ। ਬਲੇਅਰ ਨੇ ਕਿਹਾ ਕਿ , "ਅਸੀਂ ਆਪਣੇ ਦੇਸ਼ 'ਤੇ ਮਾਣ ਕਰਦੇ ਹਾਂ। ਕੈਨੇਡਾ ਇੱਕ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਦੇਸ਼ ਹੈ, ਅਤੇ ਅਸੀਂ ਆਪਣੇ ਹੱਕ 'ਚ ਕੋਈ ਵੀ ਘਾਟ ਨਹੀਂ ਆਉਣ ਦੇਵਾਂਗੇ।"



ਇਹ ਪਹਿਲਾ ਮੌਕਾ ਨਹੀਂ ਹੈ, ਜਦ ਟਰੰਪ ਨੇ ਕੈਨੇਡਾ ਨੂੰ ਆਪਣੇ ਨਿਸ਼ਾਨੇ 'ਤੇ ਲਿਆ ਹੋਵੇ। ਪਿਛਲੇ ਹਫ਼ਤੇ ਟੋਰਾਂਟੋ ਵਿੱਚ ਹੋਏ ਕੈਨੇਡਾ-ਅਮਰੀਕਾ ਆਰਥਿਕ ਸੰਮੇਲਨ ਦੌਰਾਨ, ਟਰੂਡੋ ਨੇ ਸਾਫ਼ ਕਿਹਾ ਕਿ ਟਰੰਪ ਦੀ ਇਹ ਧਮਕੀ ਮਜ਼ਾਕ ਨਹੀਂ, ਸਗੋਂ ਅਸਲੀਅਤ ਹੋ ਸਕਦੀ ਹੈ। ਉਨ੍ਹਾਂ ਨੇ ਕਿਹਾ, "ਅਸੀਂ ਆਪਣੀ ਆਜ਼ਾਦੀ ਨੂੰ ਸਹੀ ਢੰਗ ਨਾਲ ਸੁਰੱਖਿਅਤ ਕਰਨ ਲਈ ਹਰ ਤਿਆਰ ਹਾਂ।" ਟਰੰਪ ਵੱਲੋਂ ਨਵੇਂ ਟੈਰਿਫ਼ ਲਾਉਣ ਦੇ ਆਦੇਸ਼ ਨੇ ਕੈਨੇਡਾ-ਅਮਰੀਕਾ ਸੰਬੰਧਾਂ 'ਚ ਹੋਰ ਵੀ ਤਨਾਅ ਪੈਦਾ ਕਰ ਦਿੱਤਾ। ਟਰੰਪ ਨੇ ਕੈਨੇਡਾ 'ਤੇ ਦੋਸ਼ ਲਾਇਆ ਕਿ ਉਹ ਗੈਰ-ਕਾਨੂੰਨੀ ਪਰਵਾਸ ਅਤੇ ਫੈਂਟਾਨਿਲ ਤਸਕਰੀ 'ਤੇ ਕੰਟਰੋਲ ਨਹੀਂ ਕਰ ਰਿਹਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਕੈਨੇਡਾ ਅਮਰੀਕਾ ਦੇ ਵਪਾਰਕ ਸ਼ਰਤਾਂ ਨੂੰ ਨਹੀਂ ਮੰਨਦਾ, ਤਾਂ ਉਨ੍ਹਾਂ ਨੂੰ ਨਤੀਜੇ ਭੁਗਤਣੇ ਪੈਣਗੇ। ਉਧਰ ਕੈਨੇਡਾ ਸਰਕਾਰ ਨੇ 1.3 ਬਿਲੀਅਨ ਡਾਲਰ ਦੀ ਯੋਜਨਾ ਤਿਆਰ ਕੀਤੀ ਹੈ, ਜਿਸ ਵਿਚ ਨਵੇਂ ਹੈਲੀਕਾਪਟਰ, ਵਧੇਰੇ ਬਾਰਡਰ ਅਧਿਕਾਰੀ, ਅਤੇ ਨਵੀਨਤਮ ਟੈਕਨੋਲੋਜੀ ਦੀ ਤਾਇਨਾਤੀ ਸ਼ਾਮਲ ਹੈ। ਵਪਾਰ ਮੰਤਰੀ ਮੈਰੀ ਨਿਗ, ਜੋ ਕਿ ਅਮਰੀਕਾ 'ਚ ਵਪਾਰ ਸੰਬੰਧੀ ਮੀਟਿੰਗਾਂ 'ਚ ਸ਼ਾਮਲ ਹੋ ਰਹੀ ਹਨ, ਨੇ ਕਿਹਾ, "ਕੈਨੇਡਾ ਹਮੇਸ਼ਾ ਅਮਰੀਕਾ ਨਾਲ ਵਪਾਰਕ ਰਿਸ਼ਤੇ ਸਧਾਰਨ ਰੱਖਣ 'ਚ ਵਿਸ਼ਵਾਸ ਕਰਦਾ ਹੈ, ਪਰ ਅਸੀਂ ਆਪਣੇ ਹਿੱਤਾਂ ਦੀ ਰਾਖੀ ਲਈ ਹਰ ਉਪਾਅ ਚੁੱਕਾਂਗੇ।"

ਟਰੰਪ ਦੀ 'ਕੈਨੇਡਾ ਨੂੰ ਅਮਰੀਕਾ ਵਿੱਚ ਮਿਲਾਉਣ' ਵਾਲੀ ਗੱਲ ਨੇ ਕੈਨੇਡਾ ਦੀ ਰਾਜਨੀਤੀ 'ਚ ਨਵਾਂ ਵਿਰੋਧ ਪੈਦਾ ਕਰ ਦਿੱਤਾ ਹੈ। ਹਾਲਾਂਕਿ, ਕੈਨੇਡੀਅਨ ਸਰਕਾਰ ਨੇ ਆਪਣੀ ਆਜ਼ਾਦੀ ਅਤੇ ਖ਼ੁਦਮੁਖ਼ਤਿਆਰਤਾ ਨੂੰ ਬਚਾਉਣ ਲਈ ਸਿੱਧਾ ਰਵੱਈਆ ਅਪਣਾਇਆ ਹੈ। ਅਗਲੇ ਕੁੱਝ ਹਫ਼ਤਿਆਂ ਵਿੱਚ ਕੈਨੇਡਾ-ਅਮਰੀਕਾ ਸੰਬੰਧ ਹੋਰ ਵੀ ਤਣਾਅ ਭਰੇ ਹੋ ਸਕਦੇ ਹਨ, ਜੇਕਰ ਟਰੰਪ ਆਪਣੀ ਟੈਰਿਫ਼ ਨੀਤੀ 'ਚ ਕੋਈ ਲਚਕ ਨਹੀਂ ਦਿਖਾਉਂਦੇ। This report was written by Ekjot Singh as part of the Local Journalism Initiative.

# ਕੈਨੇਡੀਆਈ ਉਤਪਾਦਾਂ 'ਤੇ ਟੈਰਿਫ਼ ਵਿਰੁੱਧ ਕੈਨੇਡਾ ਦੇ ਪ੍ਰੀਮੀਅਰ ਵ੍ਹਾਈਟ ਹਾਊਸ 'ਚ ਕਰਨਗੇ ਮੀਟਿੰਗ



ਔਟਵਾ (ਏਕਜੋਤ ਸਿੰਘ): ਕੈਨੇਡਾ ਦੇ 13 ਪ੍ਰੀਮੀਅਰ ਇਸ ਹਫ਼ਤੇ ਵ੍ਹਾਈਟ ਹਾਊਸ ਪਹੁੰਚ ਰਹੇ ਹਨ, ਤਾਂ ਜੋ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਲਾਏ ਜਾਣ ਵਾਲੇ ਨਵੇਂ ਟੈਰਿਫ਼ਾਂ ਦੇ ਵਿਰੁੱਧ ਆਪਣੀ ਇੱਕਜੁਟਤਾ ਦਰਸਾ ਸਕਣ। ਬੁੱਧਵਾਰ ਨੂੰ ਇਹ ਪ੍ਰੀਮੀਅਰ ਟਰੰਪ ਦੇ ਇਕ ਉੱਚ ਪਦਅਧਿਕਾਰੀ, ਡਿਪਟੀ ਚੀਫ਼ ਆਫ਼ ਸਟਾਫ਼, ਜਿਮ ਬਲੇਅਰ ਨਾਲ ਮੁਲਾਕਾਤ ਕਰਨਗੇ।

ਟਰੰਪ ਨੇ ਸੋਮਵਾਰ ਨੂੰ ਇੱਕ ਆਦੇਸ਼ 'ਤੇ ਦਸਤਖਤ ਕੀਤੇ, ਜਿਸ ਅਨੁਸਾਰ ਕੈਨੇਡਾ ਤੋਂ ਆਯਾਤ ਕੀਤੇ ਜਾਣ ਵਾਲੇ ਸਟੀਲ ਅਤੇ ਐਲੂਮੀਨਮ ਉਤਪਾਦਾਂ 'ਤੇ 25% ਟੈਰਿਫ਼ ਲਾਗੂ ਹੋਵੇਗਾ। ਇਹ ਨਵੇਂ ਟੈਰਿਫ਼ 12 ਮਾਰਚ ਤੋਂ ਲਾਗੂ ਹੋਣਗੇ। ਇਸ ਤੋਂ ਪਹਿਲਾਂ, ਟਰੰਪ ਨੇ 4 ਮਾਰਚ ਨੂੰ ਕੁਝ ਹੋਰ ਟੈਰਿਫ਼ ਲਾਗੂ ਕਰਨ ਦੀ ਯੋਜਨਾ ਬਣਾਈ ਸੀ, ਪਰ ਕੈਨੇਡਾ ਵੱਲੋਂ ਕੁਝ ਸਰਹੱਦੀ ਉਪਾਅ ਲਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਅਸਥਾਈ ਤੌਰ 'ਤੇ ਮੁਲਤਵੀ ਕੀਤਾ ਗਿਆ।

ਕੈਨੇਡਾ ਦੇ ਵਿੱਤ ਮੰਤਰੀ ਡੋਮਿਨਿਕ ਲੇਬਲਾਂ ਨੇ ਵਾਸ਼ਿੰਗਟਨ ਵਿਖੇ ਟਰੰਪ ਦੇ ਵਣਜ ਸਕੱਤਰ, ਹਾਵਰਡ ਲੁਟਨਿਕ, ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੇ ਪੱਤਰਕਾਰਾਂ ਨੂੰ ਦੱਸਿਆ, "ਮੈਂ ਉਨ੍ਹਾਂ ਨੂੰ ਸਾਫ਼ ਤੌਰ 'ਤੇ ਕਿਹਾ ਕਿ ਕੈਨੇਡਾ ਦੇ ਲੋਕ ਟੈਰਿਫ਼ਾਂ ਕਾਰਨ ਚਿੰਤਤ ਹਨ, ਅਤੇ ਅਸੀਂ ਆਪਣੀ ਅਰਥਵਿਵਸਥਾ ਦੀ ਰੱਖਿਆ ਲਈ ਸਭ ਕੁਝ ਕਰਾਂਗੇ।"

ਟਰੰਪ ਸਰਕਾਰ ਦਾ ਦਾਅਵਾ ਹੈ ਕਿ ਇਹ ਟੈਰਿਫ਼ ਕੈਨੇਡਾ ਅਤੇ ਮੈਕਸੀਕੋ ਨੂੰ ਉਨ੍ਹਾਂ ਦੀਆਂ ਸਰਹੱਦਾਂ 'ਤੇ ਜ਼ਿਆਦਾ ਸਖ਼ਤੀ ਕਰਨ ਲਈ ਮਜਬੂਰ ਕਰਨ ਦਾ ਇੱਕ ਹਿੱਸਾ ਹਨ। ਟਰੰਪ ਨੇ ਕੈਨੇਡਾ 'ਤੇ ਇਲਜ਼ਾਮ ਲਾਇਆ ਹੈ ਕਿ ਉਹ ਗੈਰ-ਕਾਨੂੰਨੀ ਪਰਵਾਸ ਅਤੇ ਫ਼ੈਂਟਾਨਿਲ ਦਵਾਈ ਦੀ ਤਸਕਰੀ ਰੋਕਣ 'ਚ ਨਾਕਾਮ ਰਹਿਆ ਹੈ।


ਅਮਰੀਕੀ ਅੰਕੜਿਆਂ ਮੁਤਾਬਕ, ਪਿਛਲੇ ਸਾਲ 19.5 ਕਿਲੋ ਫ਼ੈਂਟਾਨਿਲ ਕੈਨੇਡਾ ਨਾਲ ਲੱਗਦੀ ਸਰਹੱਦ 'ਤੇ ਫੜੀ ਗਈ ਸੀ, ਜਦਕਿ 9,570 ਕਿਲੋ ਫ਼ੈਂਟਾਨਿਲ ਮੈਕਸੀਕੋ ਦੇ ਰਾਹੀਂ ਆਈ। ਬਾਵਜੂਦ ਇਸਦੇ, ਟਰੰਪ ਕੈਨੇਡਾ 'ਤੇ ਦਬਾਅ ਬਣਾਉਣ ਲਈ ਟੈਰਿਫ਼ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।


ਕੈਨੇਡਾ ਨੇ ਟਰੰਪ ਦੀ ਨੀਤੀ ਦਾ ਵਿਰੋਧ ਕਰਦੇ ਹੋਏ 1.3 ਬਿਲੀਅਨ ਡਾਲਰ ਦੀ ਯੋਜਨਾ ਬਣਾਈ ਹੈ, ਜਿਸ ਵਿੱਚ ਨਵੇਂ ਹੈਲੀਕਾਪਟਰ, ਵਧੇਰੇ ਬਾਰਡਰ ਅਧਿਕਾਰੀ ਅਤੇ ਨਵੀਨਤਮ ਟੈਕਨੋਲੋਜੀ ਦੀ ਤਾਇਨਾਤੀ ਸ਼ਾਮਲ ਹੈ। ਇਹ ਉਪਾਅ ਗੈਰ-ਕਾਨੂੰਨੀ ਪਰਵਾਸ ਅਤੇ ਨਸ਼ੀਲੀ ਦਵਾਈਆਂ ਦੀ ਤਸਕਰੀ ਨੂੰ ਰੋਕਣ ਲਈ ਹਨ। ਕੈਨੇਡਾ ਨੇ ਸਾਬਕਾ ਸੀਨੀਅਰ ਆਰ.ਸੀ.ਐਮ.ਪੀ. ਅਧਿਕਾਰੀ, ਕੈਵਿਨ ਬ੍ਰੋਸੋਂ, ਨੂੰ "ਫ਼ੈਂਟਾਨਿਲ ਜ਼ਾਰ" ਨਿਯੁਕਤ ਕੀਤਾ ਹੈ, ਜੋ ਕਿ ਸਰਹੱਦੀ ਨੀਤੀ ਅਤੇ ਨਸ਼ੀਲੀ ਦਵਾਈਆਂ ਦੇ ਵਿਰੁੱਧ ਲੜਾਈ ਦੀ ਅਗਵਾਈ ਕਰੇਗਾ।

ਕੈਨੇਡਾ ਦੇ ਪ੍ਰੀਮੀਅਰ ਵ੍ਹਾਈਟ ਹਾਊਸ 'ਚ ਟਰੰਪ ਦੇ ਆਲਾ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਇਹ ਸਿਧ ਕਰਨਾ ਚਾਹੁੰਦੇ ਹਨ ਕਿ ਕੈਨੇਡਾ-ਅਮਰੀਕਾ ਵਪਾਰਿਕ ਰਿਸ਼ਤਾ, ਦੋਵੇਂ ਦੇਸ਼ਾਂ ਲਈ ਲਾਭਕਾਰੀ ਹੈ, ਅਤੇ ਨਵੇਂ ਟੈਰਿਫ਼ ਦੋਵਾਂ ਦੇਸ਼ਾਂ ਦੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਉਣਗੇ।

ਲੇਬਲਾਂ ਨੇ ਕਿਹਾ, "ਅਸੀਂ ਸਿੱਧ ਕਰਨਾ ਚਾਹੁੰਦੇ ਹਾਂ ਕਿ ਇਹ ਟੈਰਿਫ਼ ਨਾਂ ਹੀ ਨਿਆਂਉਂਨੇ ਹਨ ਅਤੇ ਨਾਂ ਹੀ ਲਾਭਕਾਰੀ।"

ਹੁਣ, ਇਹ ਦੇਖਣਾ ਹੋਵੇਗਾ ਕਿ ਕੀ ਕੈਨੇਡਾ-ਅਮਰੀਕਾ ਵਪਾਰਿਕ ਸੰਕਟ 'ਚ ਕੋਈ ਸੁਧਾਰ ਆਉਂਦਾ ਹੈ ਜਾਂ ਨਹੀਂ। This report was written by Ekjot Singh as part of the Local Journalism Initiative.


SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ
ਅਕਾਊਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ
ਸਾਡਾ ਅਕਾਊਟਿੰਗ ਵਿੱਚ ਲੰਬਾ ਤਜ਼ਰਬਾ ਹੈ

ਜਸਬੀਰ-ਸਿੰਘ-ਬਾਧ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...

Accepting Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

THINKING ABOUT
BUYING
SELLING
OR
LEASE?




For a Free market evaluation of your property, contact

READY FOR A FREE EVALUATION :
Clients Evaluation of Borrowing Power for New Purchase
More Than Fourteen Years Experience in Real Estate.



ਘਰ, ਬੇਰੀ ਫਾਰਮ, ਖਾਲੀ ਜ਼ਮੀਨ,
ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ
ਅਤੇ ਵੇਚਣ ਵੇਲੇ ਇਮਾਨਦਾਰ ਸੇਵਾਵਾਂ
ਲਈ ਅੱਜ ਹੀ ਮਿਲੋ।

for more information
Amarpal Singh
Call : 604.338.7310

PARALLEL
1200 W 73rd Ave Unit 828,
Vancouver, BC V6P 6G5



Keep Smiling Denture Clinic

# Keep Smiling Denture Clinic

SEMCD CERTIFIED CLINICIAN

Complete Denture · Implant Denture · Partial Denture

CARE HOME MOBILE SERVICE

ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ
ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ
ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card.
Book appointment


ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ
ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ
ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist

Book Your Appointment
778-600-0811
6834 King George Blvd Surrey BC
778-600-0810
2644 Cyril St Abbotsford BC

# ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਸਮਾਗਮ 23 ਫਰਵਰੀ ਨੂੰ



ਸਰੀ, (ਹਰਦਮ ਮਾਨ): ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 23 ਫਰਵਰੀ (ਐਤਵਾਰ) ਨੂੰ ਤਾਜ ਪਾਰਕ ਕਨਵੈਨਸ਼ਨ ਸੈਂਟਰ (8580-132 ਸਟਰੀਟ) ਸਰੀ ਵਿਖੇ ਇਕ ਵਜੇ ਤੋਂ ਤਿੰਨ ਵਜੇ ਤੱਕ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਦੀਪਕ ਬਿਨਿੰਗ ਫਾਊਂਡੇਸ਼ਨ ਅਤੇ ਤਾਜ ਪਾਰਕ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿਚ ਸਰੀ ਨਿਊਟਨ ਤੋਂ ਐਮ. ਐਲ. ਏ. ਅਤੇ ਐਂਟੀ ਰੇਸਿਜ਼ਮ ਅਤੇ ਡਿਪਟੀ ਪ੍ਰੀਮੀਅਰ ਅਤੇ ਅਟੌਰਨੀ ਜਨਰਲ ਨਿੱਕੀ ਸ਼ਰਮਾਂ ਦੇ ਪਾਰਲੀਮੈਂਟਰੀ ਸਕੱਤਰ ਜੈਸੀ ਸੁੰਨੜ ਮੁੱਖ ਬੁਲਾਰੇ ਹੋਣਗੇ। ਸਮਾਗਮ ਵਿਚ ਸਰੀ ਸਕੂਲ ਬੋਰਡ ਦੇ ਮੈਂਬਰ ਗੈਰੀ ਥਿੰਦ, ਐਬਸਫੋਰਡ ਸਕੂਲ ਬੋਰਡ ਦੇ ਵਾਈਸ ਚੇਅਰ ਪ੍ਰੀਤ ਰਾਏ ਅਤੇ ਡੈਲਟਾ ਸਕੂਲ ਬੋਰਡ ਦੇ ਮੈਂਬਰ ਨਿੰਮੀ ਡੌਲਾ ਆਪੋ ਆਪਣੇ ਸਕੂਲ ਜ਼ਿਲਿਆਂ ਵਿਚ ਪੰਜਾਬੀ ਬਾਰੇ ਹੋ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕਰਨਗੇ। ਸਥਾਨਿਕ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਦੇ ਵਿਦਿਆਰਥੀ ਮਾਂ ਬੋਲੀ ਪੰਜਾਬੀ ਸੰਬੰਧੀ ਆਪਣੇ ਵਿਚਾਰ, ਕਵਿਤਾਵਾਂ, ਗੀਤ ਪੇਸ਼ ਕਰਨਗੇ। ਗਾਇਕ ਸੁੱਖੀ ਲਾਲੀ ਅਤੇ ਬਿੰਦਰ ਰੌਡੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ। ਸਕੂਲ ਵਿਦਿਆਰਥੀਆਂ ਵੱਲੋਂ ਪੰਜਾਬੀ ਸਿੱਖਣ ਲਈ ਪ੍ਰੇਰਨਾ ਦੇਣ ਵਾਲੀ ਛੋਟੀ ਵੀਡੀਓ ਵੀ ਦਿਖਾਈ ਜਾਵੇਗੀ। ਸਮਾਗਮ ਵਿਚ ਸ਼ਾਮਲ ਹੋਣ ਲਈ ਕੋਈ ਐਂਟਰੀ ਫੀਸ ਨਹੀਂ। ਪਲੀਅ ਵੱਲੋਂ ਸਮੂਹ ਪੰਜਾਬੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਅਤੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਉਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਬਲਵੰਤ ਸਿੰਘ ਸੰਘੇੜਾ ਨਾਲ ਫੋਨ ਨੰਬਰ 604-836-8976 ਅਤੇ ਸਾਧੂ ਬਿਨਿੰਗ ਨਾਲ 778-773-1886 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡਾ ਵਲੋਂ ਨਵੇਂ 'ਫੈਂਟਾਨਿਲ ਜ਼ਾਰ' ਦੀ ਨਿਯੁਕਤੀ



ਔਟਵਾ— ਕੈਨੇਡਾ ਨੇ ਸਾਬਕਾ ਸੀਨੀਅਰ ਆਰਸੀਐਮਪੀ ਅਧਿਕਾਰੀ ਕੇਵਿਨ ਬ੍ਰੋਸੋ ਨੂੰ ਫੈਂਟਾਨਿਲ ਜ਼ਾਰ ਨਿਯੁਕਤ ਕੀਤਾ ਹੈ। ਇਹ ਅਹੁਦਾ ਅਮਰੀਕਾ ਨਾਲ ਵਪਾਰਿਕ ਸੰਕਟ ਅਤੇ ਸਰਹੱਦੀ ਸੁਰੱਖਿਆ ਚੁਣੌਤੀਆਂ ਨੂੰ ਮੱਦੇਨਜ਼ਰ ਰੱਖਦਿਆਂ ਸਥਾਪਿਤ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਦਫ਼ਤਰ ਮੁਤਾਬਕ, ਬ੍ਰੋਸੋ ਦਾ ਕੰਮ ਅਮਰੀਕੀ ਏਜੰਸੀਆਂ ਨਾਲ ਤਾਲਮੇਲ ਕਰਕੇ ਕੈਨੇਡਾ ਵਿਚ ਫੈਂਟਾਨਿਲ ਤਸਕਰੀ ਨੂੰ ਰੋਕਣਾ ਅਤੇ ਨਸ਼ਾ ਵਪਾਰ ਉੱਤੇ ਨੱਕਲ ਕੱਸਣ ਨੂੰ ਤੇਜ਼ ਕਰਨਾ ਹੋਵੇਗਾ।

ਸਰਕਾਰੀ ਬਿਆਨ ਅਨੁਸਾਰ, "ਫੈਂਟਾਨਿਲ ਦੀ ਉਤਪਾਦਨ ਪ੍ਰਕਿਰਿਆ ਰੁਕਣੀ ਚਾਹੀਦੀ ਹੈ ਅਤੇ ਇਸਦੇ ਤਸਕਰਾਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ"।

20 ਸਾਲ ਤਕ ਆਰਸੀਐਮਪੀ ਵਿੱਚ ਸੇਵਾ ਦੇ ਚੁੱਕੇ ਬ੍ਰੋਸੋ ਮੈਨੀਟੋਬਾ ਵਿੱਚ ਡਿਪਟੀ ਕਮਿਸ਼ਨਰ ਅਤੇ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਦੇ ਸੁਰੱਖਿਆ ਸਲਾਹਕਾਰ ਵੀ ਰਹੇ ਹਨ। ਉਹਨਾਂ ਕੋਲ ਐਲਬਰਟਾ ਯੂਨੀਵਰਸਿਟੀ ਅਤੇ ਹਾਰਵਰਡ ਤੋਂ ਕਾਨੂੰਨੀ ਡਿਗਰੀ ਵੀ ਹੈ।

ਫੈਂਟਾਨਿਲ, ਜੋ ਇੱਕ ਸ਼ਕਤੀਸ਼ਾਲੀ ਓਪੀਔਇਡ ਹੈ, ਕੈਨੇਡਾ ਤੇ ਅਮਰੀਕਾ ਦੋਵਾਂ ਲਈ ਗੰਭੀਰ ਚੁਣੌਤੀ ਬਣ ਚੁੱਕਾ ਹੈ। ਅੰਕੜਿਆਂ ਮੁਤਾਬਕ, 2016 ਤੋਂ 2024 ਤੱਕ 49,000 ਤੋਂ ਵੱਧ ਕੈਨੇਡੀਅਨਜ਼ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋਏ।

ਅਮਰੀਕੀ ਸੀਡੀਸੀ ਮੁਤਾਬਕ, 2023 ਵਿੱਚ 74,000 ਅਮਰੀਕੀ ਨਾਗਰਿਕ ਡਰੱਗਜ਼ ਕਾਰਨ ਮੌਤ ਹੋ ਗਏ। ਪਿਛਲੇ ਸਾਲ ਅਮਰੀਕੀ ਬਾਰਡਰ ਅਧਿਕਾਰੀਆਂ ਨੇ 19.5 ਕਿਲੋ ਫੈਂਟਾਨਿਲ ਕੈਨੇਡਾ ਵੱਲੋਂ ਅਤੇ 9,570 ਕਿਲੋ ਮੈਕਸੀਕੋ ਵੱਲੋਂ ਫੜੀ ਸੀ।

ਪਬਲਿਕ ਸੇਫ਼ਟੀ ਮਿਨਿਸਟਰ ਡੇਵਿਡ ਮੈਕਗਿੰਟੀ ਨੇ ਕਿਹਾ ਕਿ ਫੈਂਟਾਨਿਲ ਜ਼ਾਰ ਤਸਕਰੀ ਵਿਰੁੱਧ ਏਜੰਸੀਆਂ ਵਿਚ ਤਾਲਮੇਲ ਵਧਾਵੇਗਾ। ਇਸ ਲਈ ਨਵੇਂ ਹੈਲੀਕਾਪਟਰ, ਵਧੇਰੇ ਸੈਨਿਕ ਅਤੇ ਨਵੀਂ ਟੈਕਨੋਲੋਜੀ ਦੀ ਤਾਇਨਾਤੀ ਵੀ ਕੀਤੀ ਜਾਵੇਗੀ। ਡੌਨਲਡ ਟਰੰਪ ਨੇ ਕੈਨੇਡਾ 'ਤੇ ਵਪਾਰਿਕ ਪਾਬੰਦੀਆਂ ਲਗਾਉਣ ਦੀ ਚਿਤਾਵਨੀ ਦਿੱਤੀ ਸੀ। ਹਾਲਾਂਕਿ, ਟ੍ਰੂਡੋ ਨਾਲ ਫੋਨ ਕਾਲ ਦੌਰਾਨ ਕੈਨੇਡਾ ਵੱਲੋਂ 1.3 ਬਿਲੀਅਨ ਡਾਲਰ ਦੀ ਯੋਜਨਾ ਦਾ ਉਲੇਖ ਹੋਣ 'ਤੇ ਟਰੰਪ ਨੇ 4 ਮਾਰਚ ਤੱਕ ਟੈਰਿਫ਼ ਟਾਲ ਦਿੱਤੇ।

ਪਰ ਹੁਣ ਟਰੰਪ ਨੇ ਐਲੂਮੀਨਮ ਅਤੇ ਸਟੀਲ 'ਤੇ 25% ਟੈਰਿਫ਼ ਲਗਾਉਣ ਦਾ ਫੈਸਲਾ ਕੀਤਾ, ਜੋ 12 ਮਾਰਚ ਤੋਂ ਲਾਗੂ ਹੋਵੇਗਾ।

# ਬਲਤੇਜ ਸਿੰਘ ਢਿੱਲੋਂ ਸੁਤੰਤਰ ਸੈਨੇਟਰ ਨਿਯੁਕਤ



ਸਰੀ (ਹਰਦਮ ਮਾਨ): ਰਾਇਲ ਕੈਨੇਡੀਅਨ ਮਾਊਂਟੇਡ ਪੁਲੀਸ (ਆਰਸੀਐੱਮਪੀ) ਵਿੱਚ ਸੇਵਾ ਨਿਭਾਉਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੂੰ ਗਵਰਨਰ ਜਨਰਲ ਮੈਰੀ ਸਾਈਮਨ ਵੱਲੋਂ ਬ੍ਰਿਟਿਸ਼ ਕੋਲੰਬੀਆ ਲਈ ਸੁਤੰਤਰ ਸੈਨੇਟਰ ਵਜੋਂ ਸੈਨੇਟ ਵਿੱਚ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਦਾ ਐਲਾਨ ਬੀਤੇ ਦਿਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ। ਉਨ੍ਹਾਂ ਦੇ ਨਾਲ ਕਿਊਬਿਕ ਲਈ ਮਾਰਟੀਨ ਹੇਬਰਟ ਅਤੇ ਸਸਕੈਚਵਨ ਲਈ ਟੌਡ ਲੇਵਿਸ ਨੂੰ ਵੀ ਸੈਨੇਟਰ ਨਿਯੁਕਤ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ. ਢਿੱਲੋਂ, ਹੇਬਰਟ ਅਤੇ ਲੁਈਸ ਨੂੰ ਸੰਸਦ ਦੇ ਨਵੇਂ ਸੁਤੰਤਰ ਸੈਨੇਟਰ ਵਜੋਂ ਨਿਯੁਕਤੀ 'ਤੇ ਵਧਾਈ ਦਿੰਦਿਆਂ ਕਿਹਾ ਕਿ "ਉਨ੍ਹਾਂ ਦੇ ਵਿਸ਼ਾਲ ਤਜਰਬੇ ਦਾ ਸੈਨੇਟ ਲਈ ਬਹੁਤ ਵੱਡਾ ਲਾਭ ਹੋਵੇਗਾ ਅਤੇ ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਭਾਈਚਾਰਿਆਂ ਲਈ ਮਜ਼ਬੂਤ ਆਵਾਜ਼ ਬਣਦੇ ਰਹਿਣਗੇ।"

ਜ਼ਿਕਰਯੋਗ ਹੈ ਕਿ ਬਲਤੇਜ ਸਿੰਘ ਢਿੱਲੋਂ ਸੇਵਾ ਮੁਕਤ ਪੁਲੀਸ ਅਧਿਕਾਰੀ ਅਤੇ ਕਮਿਊਨਿਟੀ ਲੀਡਰ ਹਨ। 1991 ਵਿੱਚ ਉਸ ਨੇ ਦਸਤਾਰ ਪਹਿਨਣ ਵਾਲੇ ਪਹਿਲੇ ਆਰਸੀਐੱਮਪੀ ਅਧਿਕਾਰੀ ਵਜੋਂ ਇਤਿਹਾਸ ਰਚਿਆ। ਉਸ ਨੇ ਆਰਸੀਐੱਮਪੀ ਨਾਲ 30 ਸਾਲਾਂ ਦਾ ਸਫਲ ਕਰੀਅਰ ਬਣਾਇਆ, ਕਈ ਉੱਚ-ਪ੍ਰੋਫਾਈਲ ਜਾਂਚਾਂ ਵਿੱਚ ਮੁੱਖ ਭੂਮਿਕਾ ਨਿਭਾਈ। 2019 ਤੋਂ ਉਸ ਨੇ ਬ੍ਰਿਟਿਸ਼ ਕੋਲੰਬੀਆ ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ। ਉਹ ਆਪਣੇ ਭਾਈਚਾਰੇ ਵਿੱਚ ਲਗਾਤਾਰ ਸਰਗਰਮ ਰਿਹਾ ਹੈ।

ਆਪਣੇ ਬਿਆਨ ਵਿੱਚ ਸ. ਢਿੱਲੋਂ ਨੇ ਕਿਹਾ, "ਸੈਨੇਟਰ ਵਜੋਂ ਨਿਯੁਕਤ ਹੋਣ 'ਤੇ ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਸ ਸ਼ਾਨਦਾਰ ਸਨਮਾਨ ਲਈ ਮੈਂ ਬੇਹੱਦ ਸ਼ੁਕਰਗੁਜ਼ਾਰ ਹਾਂ ਅਤੇ ਵੱਕਾਰੀ ਭੂਮਿਕਾ ਵਿੱਚ ਆਪਣੇ ਦੇਸ਼ ਦੀ ਸੇਵਾ ਕਰਨ ਲਈ ਪ੍ਰਦਾਨ ਕੀਤੇ ਇਸ ਮੌਕੇ ਲਈ ਬਹੁਤ ਧੰਨਵਾਦੀ ਹਾਂ। ਇੱਕ ਸੈਨੇਟਰ ਹੋਣ ਦੇ ਨਾਤੇ, ਮੈਂ ਸਾਰੇ ਕੈਨੇਡੀਅਨਾਂ ਦੇ ਹਿੱਤਾਂ ਅਤੇ ਆਵਾਜ਼ ਦੀ ਨੁਮਾਇੰਦਗੀ ਕਰਨ ਲਈ ਸਮਰਪਿਤ ਹਾਂ।"


ਟਰੱਕ ਡਰਾਇਵਰਾਂ ਦੀ ਲੋੜ

8 ਤੋਂ 10 ਹਜ਼ਾਰ ਡਾਲਰ ਕਮਾਓ

TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ

778-982-3900 ਜਾਂ 604-751-1408

ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।

ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।

ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।

ਹੋਰ ਜਾਣਕਾਰੀ ਲਈ ਫ਼ੂਨ ਕਰੋ:

ਦਲਜੀਤ ਸਿੰਘ ਰਾਏ

604-807-1012



ਦਲਜੀਤ ਸਿੰਘ ਰਾਏ



ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)

306-861-5876

306-891-5441

Email : devicharno35@gmail.com

Follow charanjeet_861



# ਪੂਰਬੀ ਕੈਨੇਡਾ ਵਿਚ ਭਾਰੀ ਬਰਫ਼ਬਾਰੀ ਅਤੇ ਬਰਫ਼ੀਲੇ ਤੂਫ਼ਾਨ ਕਾਰਨ ਜੀਵਨ ਪ੍ਰਭਾਵਿਤ, ਸਕੂਲ ਬੰਦ





ਔਟਵਾ : ਵੀਰਵਾਰ ਨੂੰ ਕੈਨੇਡਾ ਦੇ ਦੱਖਣੀ ਅਤੇ ਪੂਰਬੀ ਇਲਾਕਿਆਂ ਵਿਚ ਭਾਰੀ ਬਰਫ਼ਬਾਰੀ ਅਤੇ ਬਰਫ਼ੀਲੇ ਤੂਫ਼ਾਨ ਨੇ ਜੀਵਨ ਅਸਧਾਰਣ ਕਰ ਦਿੱਤਾ। ਘੱਟ ਵਾਯੂ-ਦਾਬ ਵਾਲਾ ਤੂਫ਼ਾਨ ਤੇਜ਼ੀ ਨਾਲ ਅਟਲਾਂਟਿਕ ਕੈਨੇਡਾ ਵੱਲ ਵਧ ਰਿਹਾ ਹੈ, ਜਿਸ ਕਾਰਨ ਕਈ ਸੂਬਿਆਂ ਵਿਚ ਸਕੂਲ ਬੰਦ ਹੋ ਗਏ ਹਨ ਅਤੇ ਯਾਤਰਾ ਪ੍ਰਭਾਵਿਤ ਹੋਈ ਹੈ।

ਓਨਟੇਰਿਓ ਅਤੇ ਕਿਊਬੈਕ ਵਿਚ ਸੜਕਾਂ ਬਰਫ਼ ਦੇ ਢੇਰ ਨਾਲ ਢੱਕੀਆਂ ਹੋਈਆਂ ਹਨ, ਜਿਸ ਕਾਰਨ ਗੱਡੀਆਂ ਦੀ ਆਵਾਜਾਈ ਵਧੇਰੇ ਸੰਕਟਮਈ ਹੋ ਗਈ ਹੈ। ਓਨਟੇਰਿਓ ਪ੍ਰੋਵਿੰਸ਼ੀਅਲ ਪੁਲਿਸ ਦੇ ਸਾਰਜੈਂਟ ਕੈਰੀ ਸ਼ਮਿਡਟ ਨੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਹਦਾਇਤ ਦਿੱਤੀ ਹੈ।

ਵੀਰਵਾਰ ਦੁਪਹਿਰ ਤੱਕ ਓਨਟੇਰਿਓ ਦੇ ਵਿੰਡਸਰ ਤੋਂ ਲੈਕੇ ਕਿਊਬੈਕ ਦੇ ਗੈਸਪੀ ਤੱਕ 15 ਤੋਂ 40 ਸੈਂਟੀਮੀਟਰ ਤੱਕ ਬਰਫ਼ਬਾਰੀ ਹੋਣ ਦੀ ਸੰਭਾਵਨਾ ਹੈ। ਟੋਰੌਂਟੋ, ਵਾਟਰਲੂ, ਜੀਟੀਏ, ਅਤੇ ਔਟਵਾ ਵਿੱਚ ਬਰਫ਼ਬਾਰੀ ਕਾਰਨ ਸਕੂਲ ਬੰਦ ਕਰ ਦਿੱਤੇ ਗਏ ਹਨ। ਔਟਵਾ ਵਿੱਚ 20 ਸੈਂਟੀਮੀਟਰ ਬਰਫ਼ਬਾਰੀ ਹੋ ਚੁੱਕੀ ਹੈ, ਅਤੇ ਹੋਰ 10 ਤੋਂ 20 ਸੈਂਟੀਮੀਟਰ ਦੀ ਉਮੀਦ ਹੈ।

ਹਾਈਵੇ 401 'ਤੇ, ਜੋ ਬੈਲਵਿਲ, ਬਰੌਕਵਿਲ, ਕਿੰਗਸਟਨ, ਅਤੇ ਪ੍ਰਿੰਸ ਐਡਵਰਡ ਕਾਊਂਟੀ ਨਾਲ ਜੁੜਦੀ ਹੈ, 5 ਤੋਂ 10 ਸੈਂਟੀਮੀਟਰ ਬਰਫ਼ਬਾਰੀ ਦੀ ਚਿਤਾਵਨੀ ਜਾਰੀ ਕੀਤੀ ਗਈ। ਟੋਰੌਂਟੋ ਪੀਅਰਸਨ ਏਅਰਪੋਰਟ 'ਤੇ 22 ਸੈਂਟੀਮੀਟਰ ਬਰਫ਼ਬਾਰੀ ਹੋਈ, ਜੋ ਇਸ ਸਰਦੀਆਂ ਦੀ ਸਭ ਤੋਂ ਵੱਧ ਬਰਫ਼ਬਾਰੀ ਹੈ। ਇਸ ਕਾਰਨ ਕਈ ਫ਼ਲਾਈਟਾਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਬਹੁਤੀਆਂ ਉਡਾਣਾਂ ਦੇਰੀ ਨਾਲ ਹੋ ਰਹੀਆਂ ਹਨ।

ਮੌਂਟਰੀਅਲ ਵਿਚ 40 ਸੈਂਟੀਮੀਟਰ ਤੱਕ ਬਰਫ਼ਬਾਰੀ ਦੀ ਸੰਭਾਵਨਾ ਹੈ, ਜਿਸ ਕਾਰਨ ਕਈ ਸਕੂਲ ਬੰਦ ਹਨ। ਕਿਊਬੈਕ ਸਿਟੀ ਵਿਚ 30 ਸੈਂਟੀਮੀਟਰ ਤੱਕ ਬਰਫ਼ ਦੀ ਉਮੀਦ ਹੈ। ਨਿਊ ਬ੍ਰੰਜ਼ਵਿਕ, ਨੋਵਾ ਸਕੋਸ਼ੀਆ, ਅਤੇ ਪ੍ਰਿੰਸ ਐਡਵਰਡ ਆਈਲੈਂਡ ਵਿਚ ਵੀ ਬਰਫ਼ੀਲੇ ਤੂਫ਼ਾਨ ਦੀ ਚਿਤਾਵਨੀ ਜਾਰੀ ਹੋ ਗਈ ਹੈ।


ਨਿਊ ਬ੍ਰੰਜ਼ਵਿਕ ਵਿਚ ਵੀਰਵਾਰ ਰਾਤ ਤੱਕ 25 ਸੈਂਟੀਮੀਟਰ ਤੱਕ ਬਰਫ਼ ਦੀ ਉਮੀਦ ਹੈ। ਨੋਵਾ ਸਕੋਸ਼ੀਆ ਵਿਚ ਵੀ ਬਰਫ਼ੀਲੇ ਮੌਸਮ ਕਾਰਨ ਯਾਤਰਾ ਕਰਨ ਵਾਲਿਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹੈਲੀਫ਼ੈਕਸ ਏਅਰਪੋਰਟ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਉਡਾਣਾਂ ਦੇ ਸਟੇਟਸ ਦੀ ਜਾਂਚ ਕਰਦੇ ਰਹਿਣ।

ਸਸਕੈਚਵਨ, ਮੈਨੀਟੋਬਾ, ਐਲਬਰਟਾ, ਅਤੇ ਉੱਤਰੀ ਓਨਟੇਰਿਓ ਵਿਚ ਅੱਤ ਦੀ ਠੰਡ ਪਈ ਹੋਈ ਹੈ, ਜਿਥੇ ਤਾਪਮਾਨ -40 ਡਿਗਰੀ ਤੱਕ ਮਹਿਸੂਸ ਹੋ ਸਕਦਾ ਹੈ। ਐਨਵਾਇਰਨਮੈਂਟ ਕੈਨੇਡਾ ਨੇ ਨਾਗਰਿਕਾਂ ਨੂੰ ਨਿੱਘੇ ਕੱਪੜੇ ਪਾਉਣ ਦੀ ਹਦਾਇਤ ਦਿੱਤੀ ਹੈ।

ਇਸ ਬਰਫ਼ੀਲੇ ਤੂਫ਼ਾਨ ਨੇ ਯਾਤਰਾ, ਸਕੂਲ, ਅਤੇ ਰੋਜ਼ਮਰ੍ਹਾ ਦੇ ਜੀਵਨ 'ਤੇ ਗੰਭੀਰ ਪ੍ਰਭਾਵ ਪਾਇਆ ਹੈ। ਹਾਲਾਤ ਨੂੰ ਦੇਖਦੇ ਹੋਏ, ਮੌਸਮ ਵਿਭਾਗ ਨੇ ਹੋਰ ਬਰਫ਼ਬਾਰੀ ਦੀ ਚਿਤਾਵਨੀ ਜਾਰੀ ਕੀਤੀ ਹੈ, ਅਤੇ ਲੋਕਾਂ ਨੂੰ ਬੇਵਜ੍ਹਾ ਯਾਤਰਾ ਨਾ ਕਰਨ ਦੀ ਅਪੀਲ ਕੀਤੀ ਗਈ ਹੈ।

# ਘਰ 'ਚ ਵੜ ਕੇ ਔਰਤ 'ਤੇ ਹਮਲਾ ਕਰਨ ਵਾਲੇ ਪੰਜਾਬੀ ਨੌਜਵਾਨ 'ਤੇ ਲੱਗੇ ਦੋਸ਼

ਸਰੀ, (ਸਿਮਰਜੀਤ ਸਿੰਘ): ਸਰੀ 'ਚ 24 ਸਾਲਾ ਜਤਿੰਦਰ ਸਿੰਘ 'ਤੇ ਇੱਕ ਮਹਿਲਾ 'ਤੇ ਹਮਲੇ ਨਾਲ ਜੁੜੇ ਹੋਰ ਦੋਸ਼ ਲਾਏ ਗਏ ਹਨ। ਇਹ ਘਟਨਾ 20 ਜੁਲਾਈ 2024 ਦੀ ਰਾਤ 91 ਐਵੇਨਿਊ ਅਤੇ 14100 ਬਲਾਕ 'ਚ ਵਾਪਰੀ ਸੀ।



ਸਰੀ ਆਰਸੀਐਮਪੀ ਨੂੰ 20 ਜੁਲਾਈ ਦੀ ਸਵੇਰ 3:15 ਵਜੇ ਇੱਕ ਮਹਿਲਾ 'ਤੇ ਹਮਲੇ ਦੀ ਸੂਚਨਾ ਮਿਲੀ। ਕੌਂਸਟੇਬਲ ਸਰਬਜੀਤ ਸੰਘਾ ਨੇ ਕਿਹਾ, "ਪੀੜਤਾ ਨੇ ਰਿਪੋਰਟ ਦਿੱਤੀ ਕਿ ਉਹ ਆਪਣੇ ਘਰ 'ਚ ਸੌਂ ਰਹੀ ਸੀ, ਜਦੋਂ ਜਤਿੰਦਰ ਨੇ ਉਸ 'ਤੇ ਹਮਲਾ ਕਰ ਦਿੱਤਾ। ਉਸ ਨੇ ਜਦੋਂ ਚੀਕਾਂ ਮਾਰੀਆਂ ਤਾਂ ਦੋਸ਼ੀ ਉਥੋਂ ਭੱਜ ਗਿਆ।"

ਜਤਿੰਦਰ ਸਿੰਘ ਨੂੰ ਪਹਿਲਾਂ 16 ਅਗਸਤ 2024 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਸ਼ਰਤਾਂ ਦੇ ਅਧੀਨ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਤਫ਼ਤੀਸ਼ ਦੌਰਾਨ, ਉਸ 'ਤੇ ਹੋਰ ਚਾਰ ਦੋਸ਼ ਲਾਏ ਗਏ ਹਨ, ਜਿਸ ਵਿੱਚ ਦੋ ਵਾਰ ਕਿਸੇ ਵਿਅਕਤੀ ਨੂੰ ਗੁਪਤ ਤਰੀਕੇ ਨਾਲ ਦੇਖਣਾ ਜਾਂ ਰਿਕਾਰਡ ਕਰਨਾ। ਦੋ ਵਾਰ ਕਿਸੇ ਘਰ ਦੇ ਨੇੜੇ ਰਾਤ ਦੇ ਸਮੇਂ ਬਿਨਾਂ ਇਜਾਜ਼ਤ ਘੁੰਮਣਾ।

7 ਫ਼ਰਵਰੀ 2025 ਨੂੰ ਅਦਾਲਤ ਨੇ ਉਸ ਨੂੰ ਫਿਰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ, ਪਰ ਕੁਝ ਨਵੇਂ ਨਿਯਮ ਲਾਗੂ ਕੀਤੇ ਹਨ ਜਿਸ ਦੇ ਅਨੁਸਾਰ ਮਈ 2025 ਤੱਕ ਇਲੈਕਟ੍ਰਾਨਿਕ ਜੰਤਰ (ਮਾਨੀਟਰਿੰਗ ਬਰੇਸਲੈਟ) ਰਾਹੀਂ ਉਸ ਦੀ ਨਿਗਰਾਨੀ ਕੀਤੀ ਜਾਵੇਗੀ। ਇਸ ਤੋਂ ਬਾਅਦ, ਉਸ 'ਤੇ ਜ਼ਮਾਨਤ ਸੁਪਰਵਾਈਜ਼ਰ (Bial Superivsor) ਦੀ ਨਿਗਰਾਨੀ ਰਹੇਗੀ। ਉਸ 'ਤੇ ਰਾਤ ਦੀ ਚਲਣ-ਫਿਰਣ 'ਤੇ ਪਾਬੰਦੀ ਲਾਈ ਗਈ ਹੈ।

ਜ਼ਿਕਰਯੋਗ ਹੈ ਕਿ ਇਹ ਮਾਮਲਾ ਸਰੀ 'ਚ ਵਧ ਰਹੀਆਂ ਅਪਰਾਧਕ ਗਤੀਵਿਧੀਆਂ 'ਤੇ ਇਕ ਵੱਡਾ ਪ੍ਰਸ਼ਨ ਚੁੱਕਦਾ ਹੈ। ਲੋਕਾਂ ਦੀ ਸੁਰੱਖਿਆ ਲਈ ਪੁਲਿਸ ਵੱਲੋਂ ਮਹੱਤਵਪੂਰਨ ਉਪਾਅ ਕੀਤੇ ਜਾ ਰਹੇ ਹਨ, ਪਰ ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਹੋਰ ਸਖ਼ਤ ਕਾਨੂੰਨੀ ਕਾਰਵਾਈ ਦੀ ਲੋੜ ਹੈ।

ਸਰੀ ਪੁਲਿਸ ਬੋਰਡ ਵੱਲੋਂ ਵੀ ਅਪਰਾਧਿਕ ਮਾਮਲਿਆਂ 'ਤੇ ਆਉਣ ਵਾਲੀ ਮੀਟਿੰਗ 'ਚ ਗੱਲਬਾਤ ਕਰਨ ਦੀ ਉਮੀਦ ਹੈ। This report was written by Simranjit Singh as part of the Local Journalism Initiative.


**Guru Nanak's Free Kitchen**

LOVE ALL, FEED ALL

**ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ**

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

# ਇਲੈਕਟ੍ਰੋਪਲੇਟਿੰਗ ਖ਼ੇਤਰ ਵਿੱਚ ਵਿਸ਼ੇਸ਼ ਕਾਰਜ ਲਈ ਮੈਟਲਮੈਨ ਬਿਕਰਮ ਬੇਂਬੀ ਡਾਕਟਰੇਟ ਐਵਾਰਡ ਨਾਲ ਸਨਮਾਨਿਤ

ਲੁਧਿਆਣਾ (ਹਰਦਮ ਮਾਨ): ਨਿਕਲ, ਸਿਲਵਰ ਅਤੇ ਗੋਲਡ ਪਲੇਟਿੰਗ ਵਿੱਚ ਮੁਹਾਰਤ ਰੱਖਣ ਵਾਲੇ ਬਿਕਰਮਜੀਤ ਬੇਂਬੀ ਨੂੰ ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਇਨ ਇਲੈਕਟ੍ਰੋਪਲੇਟਿੰਗ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਯੂਨੀਵਰਸਿਟੀ ਦੀ ਨੋਇਡਾ (ਯੂਪੀ) ਸ਼ਾਖਾ ਵਿੱਚ ਦਿੱਤਾ ਗਿਆ। ਵਰਨਣਯੋਗ ਹੈ ਕਿ ਡਾ: ਬੇਂਬੀ ਲੁਧਿਆਣਾ ਦੇ ਸਰਾਭਾ ਨਗਰ ਇਲਾਕੇ ਦਾ ਰਹਿਣ ਵਾਲੇ ਹਨ। ਉਨ੍ਹਾਂ ਦਾ ਜਨਮ 8 ਮਈ 1950 ਨੂੰ ਹੋਇਆ ਸੀ। 1972 ਵਿਚ ਪੰਜਾਬ ਯੂਨੀਵਰਸਿਟੀ ਤੋਂ ਬੀ.ਸੀ.ਸੀ ਕਰਨ ਤੋਂ ਬਾਅਦ ਉਹ ਮੈਟਲ ਫਰਨੀਸ਼ਿੰਗ ਵਿਚ ਉਚੇਰੀ ਪੜ੍ਹਾਈ ਲਈ ਯੂ.ਕੇ. ਚਲੇ ਗਏ। ਉੱਥੇ ਉਹਨਾਂ ਨੇ ਇੰਸਟੀਚਿਊਟ ਆਫ ਮੈਟਲ ਫਰਨੀਸ਼ਿੰਗ ਤੋਂ ਫੈਲੋਸ਼ਿਪ ਪ੍ਰਾਪਤ ਕੀਤੀ ਅਤੇ ਫਿਰ ਵਿਹਾਰਕ ਕੰਮ ਲਈ ਯੂ.ਕੇ. ਗਏ ਅਤੇ ਉੱਥੇ ਭਰਪੂਰ ਤਜਰਬਾ ਹਾਸਲ ਕੀਤਾ।



ਡਾ: ਬੇਂਬੀ ਦਾ ਕਹਿਣਾ ਹੈ ਕਿ ਇੰਗਲੈਂਡ ਤੋਂ ਮੈਟਲ ਫਰਨੀਚਰਿੰਗ ਵਿੱਚ ਉਦਯੋਗਿਕ ਅਨੁਭਵ ਓਹਨਾਂ ਦੀ ਸਫਲਤਾ ਦੀ ਕੁੰਜੀ ਸੀ। ਧਾਤੂ ਫਰਨੀਚਰਿੰਗ ਅਤੇ ਪ੍ਰਦੂਸ਼ਣ ਨਿਯੰਤਰਣ ਦੇ ਖੇਤਰ ਵਿੱਚ ਨਵੀਨਤਮ ਵਿਕਾਸ ਬਾਰੇ ਜਾਣਕਾਰੀ ਸਦਕਾ ਉਹ ਯੂ.ਕੇ. ਅਤੇ ਜਰਮਨੀ ਵਿੱਚ ਸਲਾਹਕਾਰ ਨਿਯੁਕਤ ਕੀਤੇ ਗਏ। 1974 ਵਿੱਚ ਉਹਨਾਂ ਨੇ ਲੰਡਨ ਵਿੱਚ੍ਹ ਇਲੈਕਟ੍ਰੋਪਲੇਟਸ ਵਿੱਚ ਇੱਕ ਸਾਲ ਲਈ ਕੰਮ ਕੀਤਾ। ਦੁਨੀਆ ਦੇ ਪ੍ਰਮੁੱਖ ਬ੍ਰਾਂਡਾਂ 'ਤੇ ਵੱਖ-ਵੱਖ ਤਰ੍ਹਾਂ ਦੀਆਂ ਮੈਟਲ ਡਾਇੰਗ ਪ੍ਰਕਿਰਿਆਵਾਂ ਕੀਤੀਆਂ ਅਤੇ 1976 ਵਿੱਚ ਭਾਰਤ ਪਰਤਣ ਤੋਂ ਬਾਅਦ ਉਹਨਾਂ ਨੇ ਏਵਨ ਸਾਈਕਲ ਲਿਮਟਿਡ ਵਿੱਚ ਪਲੇਟਿੰਗ ਅਤੇ ਪੇਂਟ ਪਲਾਟ ਦੇ ਮੁਖੀ ਵਜੋਂ ਕੰਮ ਕੀਤਾ। ਫਿਰ 1977 ਤੋਂ 2017 ਤੱਕ ਉਹ ਰਾਸ਼ਟਰੀ ਉਦਯੋਗ ਦੇ ਮੈਨੇਜਿੰਗ ਡਾਇਰੈਕਟਰ ਅਤੇ ਫਾਊਂਡਿੰਗ ਪਾਰਟਨਰ ਵਜੋਂ ਸੇਵਾ ਨਿਭਾਈ। 1977 ਵਿੱਚ ਉਹਨਾਂ ਨੇ ਇਲੈਕਟ੍ਰੋਪਲੇਟਿੰਗ ਦੇ ਕੰਮ ਲਈ ਆਪਣੀ ਕੰਪਨੀ ਸ਼ੁਰੂ ਕੀਤੀ, ਬਾਅਦ ਵਿੱਚ ਆਟੋ ਪਾਰਟਸ ਦੇ ਨਿਰਮਾਣ ਵਿੱਚ ਦਾਖਲਾ ਲਿਆ। ਉਦੋਂ ਤੋਂ ਉਹਨਾਂ ਨੇ ਮੈਟਲ ਕਲੀਨਰ, ਨਿਕਲ ਅਤੇ ਜ਼ਿੰਕ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ। ਬ੍ਰਾਈਟਨਰ, ਇਲੈਕਟ੍ਰੋਲਾਈਸਿਸ ਨਿਕਲ, ਪ੍ਰਦੂਸ਼ਣ ਕੰਟਰੋਲ ਉਪਕਰਨਾਂ ਵਰਗੇ ਵਿਸ਼ੇਸ਼ ਰਸਾਇਣਾਂ ਵਿੱਚ ਬਹੁਤ ਖੋਜ ਅਤੇ ਵਿਕਾਸ ਦਾ ਓਹਨਾ ਨੇ ਕੰਮ ਕੀਤਾ। ਡਾ: ਬੇਂਬੀ ਅਨੁਸਾਰ ਉਨ੍ਹਾਂ ਨੇ ਕਾਰੋਬਾਰੀ ਨਵਨੀਤ ਜੇਰਥ ਨਾਲ ਮਿਲ ਕੇ ਨੈਸ਼ਨਲ ਇੰਡਸਟਰੀਜ਼ ਸ਼ੁਰੂ ਕੀਤੀ। ਕੰਪਨੀ ਦਾ ਮੌਜੂਦਾ ਟਰਨਓਵਰ ਕਈ ਸੌ ਕਰੋੜ ਰੁਪਏ ਹੈ, ਜਿਸ ਵਿੱਚ 1000 ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ। ਦੇਸ਼ ਭਰ ਵਿੱਚ ਉਹਨਾਂ ਦੇ 10 ਤੋਂ ਵੱਧ ਵੱਡੇ ਯੂਨਿਟ ਚੱਲ ਰਹੇ ਹਨ। ਡਾ: ਬੇਂਬੀ ਅਨੁਸਾਰ ਉਨ੍ਹਾਂ ਨੇ ਇਲੈਕਟ੍ਰੋਪਲੇਟਿੰਗ ਉਦਯੋਗ ਵਿੱਚ ਪਾਣੀ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਸਭ ਤੋਂ ਵੱਡਾ ਕ੍ਰਾਂਤੀਕਾਰੀ ਯਤਨ ਕੀਤਾ, ਜਿਸ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵੀ ਮਾਨਤਾ ਦਿੱਤੀ ਹੈ। ਇਸ ਦੇ ਨਾਲ ਹੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਪਹਿਲਾਂ ਇਲੈਕਟ੍ਰੋਪਲੇਟਿੰਗ ਲਈ ਕੈਮੀਕਲ ਮੰਗਵਾਏ ਜਾਂਦੇ ਸਨ ਅਤੇ ਹੁਣ ਡਾ: ਬੇਂਬੀ ਦੇ ਯਤਨਾਂ ਸਦਕਾ ਉਹੀ ਕੈਮੀਕਲ ਇੱਥੇ ਤਿਆਰ ਹੋਣ ਲੱਗੇ ਹਨ।

# ਟਰੰਪ ਵਲੋਂ ਪਲਾਸਟਿਕ ਸਟ੍ਰਾਅ ਦੀ ਵਰਤੋਂ ਵਧਾਉਣ ਲਈ ਨਵਾਂ ਆਦੇਸ਼ ਜਾਰੀ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਸੋਮਵਾਰ ਨੂੰ ਇੱਕ ਨਵਾਂ ਕਾਰਜਕਾਰੀ ਆਦੇਸ਼ ਜਾਰੀ ਕਰਦਿਆਂ ਫੈਡਰਲ ਸੰਸਥਾਵਾਂ ਅਤੇ ਉਪਭੋਗਤਾਵਾਂ ਨੂੰ ਪਲਾਸਟਿਕ ਸਟ੍ਰਾਅ ਦੀ ਵਰਤੋਂ ਵਧਾਉਣ ਲਈ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ। ਇਹ ਆਦੇਸ਼ ਜੋਅ ਬਾਈਡਨ ਦੀ ਸਰਕਾਰ ਵਲੋਂ ਇਕਹਿਰੀ ਵਰਤੋਂ ਵਾਲੇ ਪਲਾਸਟਿਕ ਉਤਪਾਦਾਂ ਨੂੰ ਘਟਾਉਣ ਅਤੇ ਵਾਤਾਵਰਣ ਸੰਬੰਧੀ ਉਪਾਅ ਲਾਗੂ ਕਰਨ ਦੀ ਨੀਤੀ ਦੇ ਉਲਟ ਮੰਨੀ ਜਾ ਰਹੀ ਹੈ। ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ, ਟਰੰਪ ਨੇ ਦੱਸਿਆ ਕਿ ਉਹ "ਪਲਾਸਟਿਕ ਦੇ ਸਟ੍ਰਾਅ ਵੱਲ ਵਾਪਸ ਜਾ ਰਹੇ ਹਨ"। ਉਨ੍ਹਾਂ ਕਿਹਾ, "ਕਾਗਜ਼ ਦੇ ਸਟ੍ਰਾਅ ਕੰਮ ਦੇ ਨਹੀਂ ਹੁੰਦੇ, ਇਹ ਘੁਲ ਜਾਂਦੇ ਹਨ ਅਤੇ ਲੋਕਾਂ ਲਈ ਅਸੁਵਿਧਾਜਨਕ ਹੁੰਦੇ ਹਨ।"

ਟਰੰਪ ਨੇ ਆਪਣੀ ਚਿਰਚਿਤ ਸ਼ੈਲੀ ਵਿੱਚ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਪਲਾਸਟਿਕ ਸਮੁੰਦਰ ਵਿੱਚ ਫਿਰਦੀਆਂ ਸ਼ਾਰਕ ਮੱਛੀਆਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰੇਗਾ।" ਉਨ੍ਹਾਂ ਇਹ ਵੀ ਜੋੜਿਆ ਕਿ ਉਹ ਇੱਕ ਐਸੀ ਨੀਤੀ ਲਿਆਉਣ ਚਾਹੁੰਦੇ ਹਨ, ਜੋ ਅਮਰੀਕਾ ਦੀਆਂ ਸੰਸਥਾਵਾਂ ਅਤੇ ਉਪਭੋਗਤਾਵਾਂ ਨੂੰ ਪਲਾਸਟਿਕ ਉਤਪਾਦਾਂ ਦੀ ਵਰਤੋਂ ਲਈ ਉਤਸ਼ਾਹਿਤ ਕਰੇ।

ਨਵੇਂ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਅਮਰੀਕੀ ਸਰਕਾਰ ਹੁਣ ਕਾਗਜ਼ ਦੇ ਸਟ੍ਰਾਅ ਖਰੀਦਣ ਬੰਦ ਕਰੇਗੀ। ਨਾਲ ਹੀ, 45 ਦਿਨਾਂ ਵਿੱਚ ਇੱਕ ਨਵੀਂ ਰਾਸ਼ਟਰੀ ਰਣਨੀਤੀ ਤਿਆਰ ਕੀਤੀ ਜਾਵੇਗੀ, ਜਿਸ ਵਿੱਚ ਫੈਡਰਲ ਇਮਾਰਤਾਂ ਵਿੱਚ ਕਾਗਜ਼ੀ ਸਟ੍ਰਾਅ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾਵੇਗਾ। ਇਹ ਫੈਸਲਾ, ਟਰੰਪ ਵਲੋਂ ਵਾਤਾਵਰਣ ਸੰਬੰਧੀ ਨੀਤੀਆਂ ਵਿੱਚ ਕੀਤੇ ਗਏ ਬਦਲਾਅ ਦੀ ਇੱਕ ਹੋਰ ਕੜੀ ਮੰਨੀ ਜਾ ਰਹੀ ਹੈ। ਪਹਿਲਾਂ ਹੀ, ਉਨ੍ਹਾਂ ਨੇ ਪੈਰਿਸ ਕਲਾਈਮਟ ਸਮਝੌਤੇ ਤੋਂ ਅਮਰੀਕਾ ਨੂੰ ਵਾਪਸ ਖਿੱਚ ਲਿਆ ਸੀ ਅਤੇ ਬਾਈਡਨ ਵਲੋਂ ਲਾਈ ਗਈਆਂ ਕਈ ਹਦਬੰਦੀਆਂ ਨੂੰ ਰੱਦ ਕਰ ਦਿੱਤਾ ਸੀ।


ਜੋਅ ਬਾਈਡਨ ਦੇ ਰਾਸ਼ਟਰਪਤੀ ਦੌਰਾਨ, ਉਨ੍ਹਾਂ ਨੇ ਇਕਹਿਰੀ ਵਰਤੋਂ ਵਾਲੇ ਪਲਾਸਟਿਕ ਉਤਪਾਦਾਂ ਦੀ ਵਰਤੋਂ ਘਟਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ 2032 ਤੱਕ ਫੈਡਰਲ ਸੰਪਤੀ 'ਤੇ ਪਲਾਸਟਿਕ ਉਤਪਾਦਾਂ ਦੀ ਵਰਤੋਂ ਰੋਕਣ ਲਈ ਇੱਕ ਨੀਤੀ ਤਿਆਰ ਕੀਤੀ ਸੀ। ਉਨ੍ਹਾਂ ਨੇ ਇਕੱਠ ਕਰਕੇ ਪਲਾਸਟਿਕ ਦੀ ਉਤਪਤੀ ਘਟਾਉਣ ਅਤੇ ਇਸ ਦੀ ਦੁਬਾਰਾ ਰੀਸਾਈਕਲਿੰਗ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ। ਦਰਜਨਾਂ ਦੇਸ਼, ਜਿਵੇਂ ਕਿ ਯੂਰਪੀ ਯੂਨੀਅਨ ਦੇ ਕਈ ਰਾਸ਼ਟਰ, ਕੈਨੇਡਾ ਅਤੇ ਆਸਟ੍ਰੇਲੀਆ, ਇਕਹਿਰੀ ਵਰਤੋਂ ਵਾਲੇ ਪਲਾਸਟਿਕ ਉਤਪਾਦਾਂ 'ਤੇ ਹੌਲੀ-ਹੌਲੀ ਪਾਬੰਦੀ ਲਾ ਰਹੇ ਹਨ। ਕੈਨੇਡਾ ਨੇ 2021 ਵਿੱਚ ਨਿਰਧਾਰਤ ਕੀਤਾ ਸੀ ਕਿ ਪਲਾਸਟਿਕ ਦੇ ਚੈੱਕਆਉਟ ਬੈਗ, ਕਟਲਰੀ, ਸਟਿਰ ਸਟਿਕ ਅਤੇ ਸਟ੍ਰਾਅ ਨੂੰ ਜ਼ਹਿਰੀਲੇ ਪਦਾਰਥਾਂ ਦੀ ਸੂਚੀ 'ਚ ਸ਼ਾਮਲ ਕੀਤਾ ਜਾਵੇ। ਹਾਲਾਂਕਿ, ਪਲਾਸਟਿਕ ਉਦਯੋਗ ਨਾਲ ਸੰਬੰਧਿਤ ਕੰਪਨੀਆਂ ਨੇ ਕੈਨੇਡਾ ਸਰਕਾਰ ਦੇ ਇਸ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ। 2023 ਵਿੱਚ, ਇੱਕ ਫੈਡਰਲ ਜੱਜ ਨੇ ਕੈਨੇਡਾ ਦੀ ਪਾਬੰਦੀ ਨੂੰ "ਗ਼ੈਰ-ਵਾਜਬ ਅਤੇ ਅਸੰਵਿਧਾਨਕ" ਕਰਾਰ ਦਿੰਦਿਆਂ ਇਸ 'ਤੇ ਰੋਕ ਲਗਾ ਦਿੱਤੀ। OECD (ਆਰਗੇਨਾਈਜੇਸ਼ਨ ਆਫ਼ ਇਕਾਨਾਮਿਕ ਕੋਆਪਰੈਸ਼ਨ ਐਂਡ ਡਿਵੈਲਪਮੈਂਟ) ਦੀ ਇੱਕ ਰਿਪੋਰਟ ਮੁਤਾਬਕ, ਜੇਕਰ ਨਵੇਂ ਨਿਯੰਤਰਣ ਨਾ ਲਾਏ ਗਏ, ਤਾਂ 2020 ਵਿੱਚ 81 ਮਿਲੀਅਨ ਟਨ ਪਲਾਸਟਿਕ ਕੂੜਾ 2040 ਤਕ 119 ਮਿਲੀਅਨ ਟਨ ਤੱਕ ਪਹੁੰਚ ਸਕਦਾ ਹੈ। ਵਾਤਾਵਰਣ ਸੰਭਾਲ ਲਈ ਇੱਕ ਵਿਸ਼ਵਵਿਆਪੀ ਸੰਧੀ 'ਤੇ ਗੱਲਬਾਤ ਪਿਛਲੇ ਸਾਲ ਠੁੱਸ ਹੋ ਗਈ ਸੀ, ਜਦੋਂ ਪਲਾਸਟਿਕ ਉਤਪਾਦਨ ਵਾਲੇ ਮੁਲਕ ਉਤਪਾਦਨ ਸੀਮਾਵਾਂ 'ਤੇ ਵਚਨਬੱਧ ਹੋਣ ਤੋਂ ਹਿਚਕ ਗਏ।

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• **Rachhpal Singh Gill**
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by :**
**International Punjabi Tribune Inc.**

604-584-5577 (Office)
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨਡਾ-ਅਮਰੀਕਾ ਵਿਚ ਪੰਜਾਬੀਆਂ ਦਾ ਬੁਢਾਪਾ

**ਲੇਖਕ : ਸੁਰਿੰਦਰ ਗੀਤ**

ਕੈਨੇਡਾ-ਅਮਰੀਕਾ ਵਿਚ ਪੰਜਾਬੀਆਂ ਦਾ ਬੁਢਾਪਾ ਸਾਹਮਣੇ ਆਉਂਦੇ ਸਾਰ ਹੀ ਫਰੀਮੌਂਟ ਕੈਲੀਫੋਰਨੀਆ ਦਾ ਸਮੁੰਦਰ ਦਾ ਕਿਨਾਰਾ, ਹਰਾ ਭਰਾ ਘਾਹ ਅਤੇ ਲੱਕੜ ਦੇ ਬਣੇ ਬੈਂਚ 'ਤੇ ਬੈਠੇ ਬਜ਼ੁਰਗ ਪੰਜਾਬੀ ਜੋੜੇ ਦਾ ਖਿਆਲ ਆਇਆ ਜੋ ਕਾਫ਼ੀ ਲੰਬੇ ਸਮੇਂ ਤੋਂ ਮੇਰੀ ਚੇਤਨਾ ਵਿਚ ਵਸਿਆ ਹੋਇਆ ਸੀ। ਬਜ਼ੁਰਗ ਔਰਤ ਨੇ ਸਲਵਾਰ ਕਮੀਜ਼ ਪਾਈ ਸੀ ਤੇ ਸਿਰ ਉੱਪਰ ਪੰਜਾਬੀ ਤਰੀਕੇ ਨਾਲ ਚੁੰਨੀ ਲਈ ਹੋਈ ਸੀ। ਬਜ਼ੁਰਗ ਮਰਦ ਨੇ ਪੈਂਟ ਕਮੀਜ਼ ਅਤੇ ਸਿਰ ਉੱਪਰ ਪੇਂਡੂ ਲਹਿਜੇ ਨਾਲ ਦਸਤਾਰ ਸਜਾਈ ਹੋਈ ਸੀ। ਦੂਰੋਂ ਹੀ ਉਨ੍ਹਾਂ ਦੇ ਪੰਜਾਬੀ ਹੋਣ ਦਾ ਪਤਾ ਲੱਗਦਾ ਸੀ। ਜਿਵੇਂ ਹੀ ਮੇਰੀ ਨਜ਼ਰ ਉਨ੍ਹਾਂ ਉੱਪਰ ਗਈ ਤਾਂ ਤਰ੍ਹਾਂ ਤਰ੍ਹਾਂ ਦੇ ਖਿਆਲ ਮਨ 'ਚ ਆਉਣੇ ਸ਼ੁਰੂ ਹੋ ਗਏ। ਸਭ ਤੋਂ ਪਹਿਲਾ ਖਿਆਲ ਜੋ ਮੇਰੇ ਮਨ 'ਚ ਆਇਆ ਉਹ ਇਹ ਸੀ ਕਿ ਇਹ ਕਿੰਨੀ ਚੰਗੀ ਕਿਸਮਤ ਵਾਲੇ ਹਨ ਜੋ ਏਨੇ ਸੋਹਣੇ ਸਾਫ਼ ਸੁਥਰੇ ਵਾਤਾਵਰਣ 'ਚ ਤੇ ਖ਼ਾਸ ਕਰਕੇ ਸਮੁੰਦਰ ਦੇ ਕਿਨਾਰੇ ਬੈਠੇ ਹਨ। ਮੇਰਾ ਜੀਅ ਕਰਦਾ ਸੀ ਕਿ ਮੈਂ ਕੋਲ ਜਾਵਾਂ, ਪਰ ਮਜਬੂਰੀ ਸੀ ਅਤੇ ਬੇਗਾਨੇ ਵੱਸ ਸਾਂ। ਮੈਂ ਆਪਣੀ ਸਹੇਲੀ ਨਾਲ ਕੈਲੀਫੋਰਨੀਆ ਗਈ ਸੀ ਅਤੇ ਰਿਸ਼ਤੇਦਾਰਾਂ ਨਾਲ ਬਾਹਰ ਕਿਤੇ ਘੁੰਮਣ ਜਾਣ ਲਈ ਨਿਕਲੇ ਸਾਂ। ਕਾਰ ਵਿਚ ਹੋਣ ਕਾਰਨ ਸਿਰਫ਼ ਦੋ ਕੁ ਮਿੰਟ ਹੀ ਮੈਂ ਉਨ੍ਹਾਂ ਨੂੰ ਉੱਥੇ ਬੈਠੇ ਦੇਖ ਸਕੀ ਸਾਂ। "ਇਹ ਕੀ ਸੋਚ ਰਹੇ ਹੋਣਗੇ?" ਮੈਂ ਸੋਚਣ ਲੱਗੀ। ਸ਼ਾਇਦ ਸਮੁੰਦਰ ਦੀਆਂ ਲਹਿਰਾਂ ਨਾਲ ਗੱਲਬਾਤ ਕਰ ਰਹੇ ਹੋਣਗੇ, ਦੂਰ ਜਾਂਦੇ ਸਮਾਨ ਨਾਲ ਲੱਦੇ ਜਹਾਜ਼ਾਂ ਵੱਲ ਦੇਖ ਰਹੇ ਹੋਣਗੇ, ਉਨ੍ਹਾਂ ਦੇ ਲੰਬੇ ਸਫ਼ਰ ਬਾਰੇ ਸੋਚ ਰਹੇ ਹੋਣਗੇ? ਅਜਿਹੇ ਅਣਗਿਣਤ ਖਿਆਲਾਂ ਨੇ ਮੈਨੂੰ ਘੇਰ ਲਿਆ। ਉੱਥੇ ਕੁਝ ਦਿਨ ਰਹਿ ਕੇ ਅਸੀਂ ਵਾਪਸ ਆ ਗਏ ਅਤੇ ਕੰਮਾਂ ਕਾਰਾਂ 'ਤੇ ਜਾਣਾ ਸ਼ੁਰੂ ਹੋ ਗਿਆ। ਉਸ ਬਜ਼ੁਰਗ ਜੋੜੇ ਦੀ ਤਸਵੀਰ ਅੱਜ ਤਕ ਮੇਰੇ ਜ਼ਿਹਨ 'ਚ ਵਸੀ ਹੋਈ ਹੈ। ਇਕ ਦਿਨ ਮੈਂ ਕੰਮ ਤੋਂ ਘਰ ਵਾਪਸ ਆ ਰਹੀ ਸਾਂ। ਬੱਸ ਵਿਚ ਮੇਰੇ ਨਾਲ ਦੀ ਸੀਟ 'ਤੇ ਇਕ ਬਜ਼ੁਰਗ ਆ ਕੇ ਬਹਿ ਗਿਆ। ਉਸ ਨਾਲ ਥੋੜ੍ਹੀ ਬਹੁਤ ਜਾਣ ਪਹਿਚਾਣ ਸੀ। ਮੈਂ ਸਤਿ ਸ੍ਰੀ ਅਕਾਲ ਬੁਲਾਈ ਅਤੇ ਗੱਲਬਾਤ ਤੋਰਨ ਲਈ ਪੁੱਛਣ ਲੱਗੀ ਕਿ ਅੰਕਲ ਜੀ ਕਿਧਰੋਂ ਆ ਰਹੇ ਹੋ? ਉਸ ਬਜ਼ੁਰਗ ਨੇ ਡੂੰਘਾ ਸਾਹ ਲਿਆ ਤੇ ਕਹਿਣ ਲੱਗਾ ਕੀ ਦੱਸਾਂ ਬੀਬੀ, ਜੇਕਰ ਘਰੇ ਰਹਿੰਦਾ ਹਾਂ ਤਾਂ ਨੂੰਹ ਸਾਰਾ ਦਿਨ ਬੁੜ ਬੁੜ ਕਰਦੀ ਹੈ, ਅਖੇ ਸੋਫੇ ਤੋੜਦਾ ਹੈ। ਇਸ ਕਰਕੇ ਮੈਂ ਸਵੇਰੇ ਹੀ ਘਰੋਂ ਨਿਕਲ ਜਾਂਦਾ ਹਾਂ ਅਤੇ ਸ਼ਾਮ ਨੂੰ ਵਾਪਸ ਆ ਜਾਂਦਾ ਹਾਂ। ਇਹ ਸੁਣ ਕੇ ਮੈਂ ਕੰਬ ਜਿਹੀ ਗਈ ਅਤੇ ਕੈਲੀਫੋਰਨੀਆ ਵਾਲੇ ਬਜ਼ੁਰਗ ਜੋੜੇ ਦਾ ਖਿਆਲ ਆ ਗਿਆ। ਸ਼ਾਇਦ ਉਹ ਬਜ਼ੁਰਗ ਜੋੜਾ ਵੀ ਏਸੇ ਕਾਰਨ ਉੱਥੇ ਬੈਠਾ ਹੋਵੇ। ਆਪਣਾ ਵਕਤ ਲੰਘਾਉਂਦਾ ਹੋਵੇ। ਘਰ 'ਚ ਕੋਈ ਝੱਲਦਾ ਨਾ ਹੋਵੇ। ਬਜ਼ੁਰਗ ਮਰਦ ਤਾਂ ਬਾਹਰ ਸਮਾਂ ਬਤੀਤ ਕਰ ਆਉਂਦੇ ਹਨ, ਪਰ ਬਜ਼ੁਰਗ ਔਰਤਾਂ ਸਾਰਾ ਸਮਾਂ ਘਰ ਰਹਿਣ ਕਰਕੇ ਇਸ ਤਰ੍ਹਾਂ ਦੀਆਂ ਵਧੀਕੀਆਂ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ।

ਉਨ੍ਹਾਂ ਦਿਨਾਂ 'ਚ ਮੈਂ ਕੈਲਗਰੀ ਪੁਲੀਸ ਦੇ ਪ੍ਰਬੰਧਕੀ ਢਾਂਚੇ ਦੇ ਦਫ਼ਤਰ 'ਚ ਨੌਕਰੀ ਕਰਦੀ ਸਾਂ। ਉੱਥੇ ਮੈਂ ਗਿਆਰਾਂ ਸਾਲ ਕੰਮ ਕੀਤਾ ਅਤੇ ਪੰਜਾਬੀਆਂ ਦੇ ਬੁਢਾਪੇ ਦੀ ਅਸਲੀ ਤਸਵੀਰ ਦੇਖੀ।

ਉਦਾਹਰਣ ਵਜੋਂ ਇਕ ਘਟਨਾ ਦਾ ਜ਼ਿਕਰ ਕਰਦੀ ਹਾਂ। ਸਵੇਰ ਦਾ ਵੇਲਾ ਸੀ। ਦਫ਼ਤਰ ਗਿਆਂ ਅਜੇ ਦੋ ਕੁ ਘੰਟੇ ਹੀ ਹੋਏ ਸਨ ਕਿ ਪੁਲੀਸ ਕਰਮਚਾਰੀ ਆਇਆ ਤੇ ਕਹਿਣ ਲੱਗਾ ਕਿ ਮੈਂ ਇਕ ਬਜ਼ੁਰਗ ਪੰਜਾਬੀ ਔਰਤ ਨੂੰ ਬੰਦੀ ਬਣਾ ਕੇ ਲਿਆਇਆ ਹਾਂ। ਇੰਟਰਪਰੇਟਰ ਦੀ ਲੋੜ ਹੈ ਤੂੰ ਹੀ ਚਲੀ ਜਾ। ਕੁਝ ਦੇਰ ਬਾਅਦ ਮੈਂ ਉੱਪਰਲੀ ਮੰਜ਼ਿਲ 'ਤੇ ਚਲੀ ਗਈ ਜਿੱਥੇ ਲੋਕਾਂ ਨੂੰ ਬੰਦੀ ਬਣਾ ਕੇ ਲਿਆਇਆ ਜਾਂਦਾ ਸੀ। ਉਸ ਬਜ਼ੁਰਗ ਔਰਤ ਨੂੰ ਬਾਹਰ ਲਿਆਂਦਾ ਗਿਆ ਕਿਉਂਕਿ ਜੱਜ ਦੇ ਪੇਸ਼ੀ ਸੀ। ਜ਼ਮਾਨਤ ਹੋਣੀ ਸੀ। ਸੱਤਰ ਕੁ ਸਾਲ ਦੀ ਉਸ ਔਰਤ ਨੇ ਸਾਧਾਰਨ ਜਿਹੀ ਸਲਵਾਰ ਕਮੀਜ਼ ਪਾਈ ਸੀ। ਉਸ ਕੋਲ ਚੁੰਨੀ ਨਹੀਂ ਸੀ। ਉਹ ਬਚਾਓ ਦੇ ਪੱਖੋਂ ਜਮ੍ਹਾਂ ਕਰਵਾ ਲਈ ਗਈ ਸੀ। ਉਹ ਔਰਤ ਆਪਣੀਆਂ ਦੋਵਾਂ ਬਾਹਾਂ ਨੂੰ ਆਪਣੀ ਹਿੱਕ ਨਾਲ ਲਾਈ ਬੈਠੀ ਸੀ ਜਿਵੇਂ ਬਾਹਾਂ ਨਾਲ ਆਪਣਾ ਨੰਗੇਜ਼ ਢਕ ਰਹੀ ਹੋਵੇ। ਮੈਂ ਪਿਆਰ ਨਾਲ ਬੀਜੀ ਕਹਿ ਕੇ ਉਸ ਕੋਲ ਬੈਠ ਗਈ। ਉਹ ਰੋਣ ਲੱਗ ਪਈ। ਉਸ ਬੀਬੀ ਨੇ ਸਭ ਤੋਂ ਪਹਿਲੀ ਗੱਲ ਜੋ ਮੈਨੂੰ ਆਖੀ ਉਹ ਇਹ ਸੀ ਕਿ ਮੇਰੀ ਚੁੰਨੀ ਮੇਰੇ ਕੋਲ ਨਹੀਂ। ਮੇਰੀ ਚੁੰਨੀ ਲੈ ਕੇ ਆ। ਮੈਂ ਬੜੇ ਪਿਆਰ ਨਾਲ ਉਸ ਨੂੰ ਸਮਝਾਇਆ ਕਿ ਚੁੰਨੀ ਘਰੇ ਜਾਣ ਲੱਗਿਆਂ ਹੀ ਮਿਲੇਗੀ। ਉਹ ਜ਼ਿੱਦ ਕਰ ਰਹੀ ਸੀ ਕਿ ਚੁੰਨੀ ਬਗੈਰ ਉਹ ਜੱਜ ਦੇ ਸਾਹਮਣੇ ਕਿਵੇਂ ਜਾਵੇ। ਮੇਰਾ ਨਹੀਂ ਖਿਆਲ ਕਿ ਉਹ ਬੀਬੀ ਕਦੇ ਚੁੰਨੀ ਬਗੈਰ ਕਿਸੇ ਦੇ ਸਾਹਮਣੇ ਹੋਈ ਹੋਵੇ। ਕਦੇ ਪੁਲੀਸ ਥਾਣੇ ਦੇ ਅੱਗੋਂ ਦੀ ਲੰਘੀ ਹੋਵੇ। ਥਾਣੇ ਅੰਦਰ ਜਾਣਾ ਤਾਂ ਦੂਰ ਦੀ ਗੱਲ ਸੀ। ਅਸਲ ਮੁੱਦੇ ਦੀ ਗੱਲ ਇਹ ਹੈ ਕਿ ਬੀਬੀ ਥਾਣੇ ਕਿਵੇਂ ਪੁੱਜੀ? ਉਸ ਦੇ ਦੱਸਣ ਮੁਤਾਬਕ ਜਾਂ ਪੁਲੀਸ ਦੀ ਰਿਪੋਰਟ ਮੁਤਾਬਕ ਸਵੇਰੇ ਜਦੋਂ ਉਸ ਦੇ ਨੂੰਹ ਪੁੱਤ ਦੋਵਾਂ ਨੇ ਕੰਮ 'ਤੇ ਜਾਣਾ ਸੀ ਤਾਂ ਨੂੰਹ ਆਪਣੇ ਡੇਢ ਕੁ ਸਾਲ ਦੇ ਬੱਚੇ ਨੂੰ ਬੀਬੀ ਨੂੰ ਫੜਾਉਣ ਆਈ ਤਾਂ ਦੋਵਾਂ ਵਿਚਕਾਰ ਤੂੰ ਤੂੰ ਮੈਂ ਮੈਂ ਹੋ ਗਈ। ਨੂੰਹ ਨਹੀਂ ਸੀ ਚਾਹੁੰਦੀ ਕਿ ਉਹ ਲਾਈਟ ਜਗਾਵੇ ਜਿਸ ਨਾਲ ਬੱਚੇ ਦੀ ਨੀਂਦ ਖ਼ਰਾਬ ਹੋਵੇ, ਪਰ ਬੀਬੀ ਦੇ ਪਾਠ ਕਰਨ ਦਾ ਸਮਾਂ ਸੀ, ਬੱਤੀ ਜਗਾਉਣੀ ਪੈਣੀ ਸੀ। ਨੌਬਤ ਏਥੋਂ ਤਕ ਪੁੱਜ ਗਈ। ਨੂੰਹ ਦਾ ਇਲਜ਼ਾਮ ਸੀ ਕਿ ਉਸ ਦੀ ਸੱਸ ਨੇ ਉਸ ਦੇ ਘਸੁੰਨ ਮਾਰੇ ਹਨ। ਬੀਬੀ ਦੇ ਵੀ ਨਹੁੰਆਂ ਦੇ ਨਿਸ਼ਾਨ ਸਨ ਜੋ ਉਸ ਨੇ ਮੈਨੂੰ ਆਪਣੀ ਖਿੱਚ ਕੇ ਪਾੜੀ ਕਮੀਜ਼ ਦੇ ਗਲੇ ਥਾਣੀਂ ਦਿਖਾਏ। ਮੈਂ ਕਿਹਾ ਬੀਜੀ ਤੁਸੀਂ ਇਹ ਪੁਲੀਸ ਅਫ਼ਸਰ ਨੂੰ ਕਿਉਂ ਨਹੀਂ ਦਿਖਾਇਆ ਤਾਂ ਉਹ ਆਖਣ ਲੱਗੀ "ਕੀ ਦੱਸਾਂ ਧੀਏ ਮੈਂ ਤਾਂ ਸੋਚਿਆ ਸੀ ਢਕੀ ਰਿੱਝੀ ਜਾਵੇ।" ਮੁੱਕਦੀ ਗੱਲ ਬੀਬੀ ਦੀ ਜ਼ਮਾਨਤ ਹੋ ਗਈ। ਨੂੰਹ ਨਾਲੋਂ ਅਲੱਗ ਰਹਿਣ ਦੀ ਪਾਬੰਦੀ ਲਾ ਕੇ ਅਤੇ ਅਗਲੀ ਤਰੀਕ ਦੇ ਕੇ ਜੱਜ ਨੇ ਛੱਡ ਦਿੱਤਾ। ਮੈਂ ਬੀਬੀ ਦਾ ਸਾਰਾ ਸਾਮਾਨ ਜਿਸ ਵਿਚ ਬੀਬੀ ਦੀ ਚੁੰਨੀ, ਗੁਟਕਾ ਸਾਹਿਬ ਅਤੇ ਛੋਟਾ ਲੱਕੜ ਦਾ ਕੰਘਾ ਸੀ, ਬੀਬੀ ਨੂੰ ਦਵਾ ਕੇ ਬਾਹਰ ਉਸ ਦੇ ਪੁੱਤਰ ਕੋਲ ਛੱਡਣ ਚਲੀ ਗਈ। ਉਸ ਦਾ ਪੁੱਤਰ ਉਸ ਨੂੰ ਲੈਣ ਆਇਆ ਸੀ। ਪੜ੍ਹਿਆ ਲਿਖਿਆ ਸੋਹਣਾ ਸੁਨੱਖਾ ਨੌਜਵਾਨ, ਮਾਂ ਨੇ ਰੀਝਾਂ ਨਾਲ ਪਾਲਿਆ ਲੱਗਦਾ ਸੀ। ਹੈਰਾਨੀ ਦੀ ਗੱਲ ਇਹ ਹੋਈ ਕਿ ਉਹ ਮੈਨੂੰ ਇਹ ਕਹਿਣ ਲੱਗ ਪਿਆ ਕਿ ਪੁਲਸੀਏ ਨੇ ਇਕ ਪਾਸੇ ਦੀ ਕਹਾਣੀ ਸੁਣੀ ਤੇ ਮੇਰੀ ਮਾਂ ਨੂੰ ਫੜ ਕੇ ਲੈ ਆਇਆ। ਅਸਲ ਗੱਲ ਇਹ ਸੀ ਕਿ ਉਸ ਨੇ ਆਪਣੀ ਪਤਨੀ ਦੇ ਸਾਹਮਣੇ ਆਪਣੀ ਮਾਂ ਦੇ ਵਿਰੁੱਧ ਗਵਾਹੀ ਭਰੀ ਸੀ। ਮੇਰੀ ਇਸ ਲੰਬੀ ਕਹਾਣੀ ਤੋਂ ਉੱਤਰੀ ਅਮਰੀਕਾ ਵਿਚ ਵੱਸਦੇ ਬਜ਼ੁਰਗ ਪੰਜਾਬੀਆਂ ਦੇ ਰਹਿਣ ਸਹਿਣ ਦਾ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਦੀ ਸੰਤਾਨ ਵੱਲੋਂ ਕਿਵੇਂ ਉਨ੍ਹਾਂ ਨਾਲ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਜ਼ੁਲਮ ਢਾਇਆ ਜਾਂਦਾ ਹੈ। ਮਹੱਤਵਪੂਰਨ ਗੱਲ ਜੋ ਮੈਂ ਆਖਣਾ ਚਾਹੁੰਦੀ ਹਾਂ ਉਹ ਇਹ ਕਿ ਬਹੁਤੇ ਘਰਾਂ ਵਿਚ ਮਾਂ ਬਾਪ ਨੂੰ ਬੱਚੇ ਸਾਂਭਣ ਅਤੇ ਘਰ ਦੇ ਕੰਮਕਾਜ ਲਈ ਹੀ ਵਰਤਿਆ ਜਾਂਦਾ ਹੈ। ਬੱਚਿਆਂ ਨੂੰ ਸਾਂਭਣਾ, ਘਰ ਦੇ ਕੰਮਕਾਜ ਵਿਚ ਆਪਣੇ ਵਿਤ ਅਨੁਸਾਰ ਮਦਦ ਕਰਨੀ ਕੋਈ ਮਿਹਣੇ ਵਾਲੀ ਗੱਲ ਨਹੀਂ, ਪਰ ਮਿਹਣੇ ਵਾਲੀ ਗੱਲ ਓਦੋਂ ਬਣਦੀ ਹੈ ਜਦੋਂ ਬਜ਼ੁਰਗਾਂ ਨੂੰ ਘਰਾਂ 'ਚ ਕੇਵਲ ਤੇ ਕੇਵਲ ਇਸੇ ਮੰਤਵ ਨਾਲ ਰੱਖਿਆ ਜਾਂਦਾ ਹੈ। ਬੁੱਢੇ ਮਾਂ-ਬਾਪ ਕੰਮ ਕਰਦੇ ਹਨ। ਪੈਸੇ ਕਮਾਉਂਦੇ ਹਨ, ਪਰ ਉਨ੍ਹਾਂ ਦੀ ਕਮਾਈ 'ਤੇ ਪੁੱਤ-ਨੂੰਹ ਹੀ ਕਬਜ਼ਾ ਕਰ ਲੈਂਦੇ ਹਨ। ਕਿਹਾ ਜਾਂਦਾ ਹੈ ਕਿ ਜਦੋਂ ਇਨ੍ਹਾਂ ਨੂੰ ਰੋਟੀ ਕੱਪੜਾ ਤੇ ਸਿਰ ਢੱਕਣ ਲਈ ਛੱਤ ਮਿਲਦੀ ਹੈ ਤਾਂ ਇਨ੍ਹਾਂ ਨੇ ਪੈਸੇ ਕੀ ਕਰਨੇ ਹਨ? ਏਥੋਂ ਤਕ ਕਿ ਸਰਕਾਰ ਵੱਲੋਂ ਮਿਲਦੀ ਬੁਢਾਪਾ ਪੈਨਸ਼ਨ ਵੀ ਔਲਾਦ ਦੇ ਕੰਮ ਆਉਂਦੀ ਹੈ।

ਹੁਣ ਉਸ ਸਮੇਂ 'ਤੇ ਆਉਂਦੇ ਹਾਂ ਜਦੋਂ ਮਾਂ ਬਾਪ ਤੁਰਨ ਫਿਰਨ ਤੋਂ ਆਹਰੀ ਹੋ ਜਾਂਦੇ ਹਨ। ਰੋਜ਼ਾਨਾ ਜੀਵਨ ਦੀਆਂ ਕਿਰਿਆਵਾਂ ਸੋਧਣ ਲਈ, ਖਾਣ ਪੀਣ, ਉੱਠਣ ਬੈਠਣ ਲਈ ਉਹ ਆਪਣੇ ਬੱਚਿਆਂ ਵੱਲ ਤੱਕਦੇ ਰਹਿੰਦੇ ਹਨ। ਅਜਿਹੇ ਸਮੇਂ ਉਨ੍ਹਾਂ ਨੂੰ ਬਜ਼ੁਰਗਾਂ ਲਈ ਬਣੇ ਨਰਸਿੰਗ ਹੋਮਾਂ 'ਚ ਛੱਡ ਆਉਂਦੇ ਹਨ। ਇਹ ਠੀਕ ਹੈ ਕਿ ਇਨ੍ਹਾਂ ਮੁਲਕਾਂ ਦੀ ਤੇਜ਼ ਤਰਾਰ ਜ਼ਿੰਦਗੀ ਵਿਚ ਮਾਂ-ਬਾਪ ਨੂੰ ਸਾਂਭਣ ਦਾ ਸਮਾਂ ਨਹੀਂ ਹੁੰਦਾ, ਪਰ ਨੌਬਤ ਏਥੋਂ ਤਕ ਵੀ ਨਹੀਂ ਹੁੰਦੀ ਕਿ ਨਰਸਿੰਗ ਹੋਮ 'ਚ ਮਾਂ-ਬਾਪ ਦਾ ਪਤਾ ਸੁਤਾ ਲੈਣ ਜਾਇਆ ਹੀ ਨਾ ਜਾਵੇ। ਬੁੱਢੇ ਮਾਂ-ਬਾਪ ਆਪਣੇ ਜਾਇਆਂ ਨੂੰ ਦੇਖਣ ਲਈ ਤਰਸਦੇ ਰਹਿੰਦੇ ਹਨ। ਕਈ ਕਈ ਮਹੀਨੇ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਦੇਖਣ ਹੀ ਨਹੀਂ ਜਾਂਦੇ। ਜਦੋਂ ਸਵਾਸ ਤਿਆਗ ਦਿੰਦੇ ਹਨ ਤਾਂ ਪੁੱਜ ਜਾਂਦੇ ਹਨ ਮੁਰਦਾ ਦੇਹ ਦਾ ਕਬਜ਼ਾ ਲੈਣ। ਉਨ੍ਹਾਂ ਦੇ ਪੁੱਤ-ਧੀ ਹੋਣ ਦਾ ਸਬੂਤ ਦੇਣ ਲਈ। ਇਹ ਬੜਾ ਹੀ ਸ਼ਰਮਨਾਕ ਵਰਤਾਰਾ ਹੈ।

ਦੂਸਰੇ ਪਾਸੇ ਆਉਂਦੇ ਹਾਂ। ਕਈ ਬਜ਼ੁਰਗ ਵੀ ਇਨ੍ਹਾਂ ਮੁਲਕਾਂ ਦੀਆਂ ਖੁੱਲ੍ਹਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਇਹ ਗੱਲ ਬੜੀ ਕੌੜੀ ਅਤੇ ਸ਼ਰਮਨਾਕ ਹੈ, ਪਰ ਹੈ ਸੱਚੀ। ਬਜ਼ੁਰਗ ਮਰਦਾਂ ਦਾ ਆਪਣੀਆਂ ਨੂੰਹਾਂ ਪ੍ਰਤੀ ਗ਼ਲਤ ਵਰਤਾਰਾ, ਸਕੂਲਾਂ ਕੋਲ ਜਾ ਕੇ ਬੈਠਣਾ, ਜਵਾਨ ਕੁੜੀਆਂ ਵੱਲ ਗ਼ਲਤ ਨਜ਼ਰਾਂ ਨਾਲ ਤੱਕਣਾ, ਮੌਕਾ ਆਉਣ 'ਤੇ ਭੱਦਾ ਵਰਤਾਰਾ ਕਰਨਾ, ਬੱਸ ਜਾਂ ਟਰੇਨ ਵਿਚ ਨਾਲ ਦੀ ਸੀਟ 'ਤੇ ਬੈਠੀ ਗੋਰੀ-ਕਾਲੀ ਭਾਵ ਕਿਸੇ ਵੀ ਨਸਲ ਦੀ ਕੁੜੀ ਨਾਲ ਜਾਣ ਬੁੱਝ ਕੇ ਖਹਿਣਾ ਆਦਿ। ਇਸ ਪ੍ਰਕਾਰ ਦਾ ਵਤੀਰਾ ਉਨ੍ਹਾਂ ਨੂੰ ਤਾਂ ਕੀ ਸਮੁੱਚੇ ਭਾਈਚਾਰੇ ਨੂੰ ਬਹੁਤ ਪਿਛਾਂਹ ਲੈ ਜਾਂਦਾ ਹੈ। ਬਦਨਾਮੀ ਦਾ ਕਾਰਨ ਬਣਦਾ ਹੈ। ਕਈ ਮਾਮਲਿਆਂ 'ਚ ਪੁਲੀਸ ਵਿਚ ਆ ਜਾਂਦੀ ਹੈ। ਇਹ ਬੜਾ ਹੀ ਸ਼ਰਮਨਾਕ ਵਰਤਾਰਾ ਹੈ। ਬਜ਼ੁਰਗਾਂ ਦੇ ਵਰਤਾਰੇ ਵਿਚ ਇਕ ਹੋਰ ਗੱਲ ਆ ਜੁੜਦੀ ਹੈ। ਉਨ੍ਹਾਂ ਦਾ ਛੇ ਮਹੀਨੇ ਏਥੇ ਰਹਿਣਾ ਅਤੇ ਛੇ ਮਹੀਨੇ ਪੰਜਾਬ ਜਾ ਕੇ ਰਹਿਣਾ। ਸਰਕਾਰ ਵੱਲੋਂ ਮਿਲੀਆਂ ਸਹੂਲਤਾਂ ਦਾ ਨਾਜਾਇਜ਼ ਫਾਇਦਾ ਉਠਾਉਣਾ। ਅਸਲ 'ਚ ਇਨ੍ਹਾਂ ਸਹੂਲਤਾਂ ਨੂੰ ਕੋਈ ਹੋਰ ਹੀ ਮਾਣਦਾ ਹੈ। ਪਹਿਲਾਂ ਪਹਿਲ ਜਦੋਂ ਸਾਡੀ ਪੰਜਾਬੀ ਭਾਈਚਾਰੇ ਦੀ ਗਿਣਤੀ ਘੱਟ ਸੀ ਤਾਂ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਸਨ। ਸਿਰ 'ਤੇ ਦਸਤਾਰ ਸਜਾ ਕੇ ਜਾਂ ਦੇਸੀ ਸਲਵਾਰ ਕਮੀਜ਼ ਪਾ ਕੇ ਬਾਹਰ ਅੰਦਰ ਜਾਣਾ ਔਖਾ ਹੋ ਜਾਂਦਾ ਸੀ। ਬੜੀਆਂ ਓਪਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਸੀ ਅਤੇ ਬਹੁਤ ਵਾਰ ਨਸਲਵਾਦ ਦਾ ਸ਼ਿਕਾਰ ਵੀ ਬਣਨਾ ਪੈਂਦਾ ਸੀ, ਪਰ ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ। ਅੱਜਕੱਲ੍ਹ ਹਰ ਛੋਟੇ ਵੱਡੇ ਸ਼ਹਿਰ ਵਿਚ ਪੰਜਾਬ ਦਾ ਇਕ ਟੋਟਾ ਵੱਸਦਾ ਹੈ।

ਬਜ਼ੁਰਗਾਂ ਲਈ ਸਭਾ ਸੁਸਾਇਟੀਆਂ ਬਣੀਆਂ ਹਨ ਜਿੱਥੇ ਜਾ ਕੇ ਉਹ ਮਨਪ੍ਰਚਾਵਾ ਕਰ ਲੈਂਦੇ ਹਨ। ਤਾਸ਼ ਖੇਡ ਲੈਂਦੇ ਹਨ, ਗੱਪਾਂ ਮਾਰ ਲੈਂਦੇ ਹਨ। ਬਜ਼ੁਰਗ ਔਰਤਾਂ ਲਈ ਵੀ ਅਜਿਹੀਆਂ ਸਹੂਲਤਾਂ ਹਨ। ਮਨਪ੍ਰਚਾਵੇ ਦੇ ਨਾਲ ਨਾਲ ਉਸਾਰੂ ਗੱਲਾਂ ਬਾਤਾਂ ਕਰਦੀਆਂ ਹਨ, ਦੁੱਖ ਸੁੱਖ ਦੀ ਸਾਂਝ ਪਾਉਂਦੀਆਂ ਹਨ। ਸ਼ਾਮ ਵੇਲੇ ਸਾਫ਼ ਸੁਥਰੇ ਪਾਰਕਾਂ 'ਚ ਬੈਠ ਸਾਫ਼ ਸੁਥਰੀ ਹਵਾ 'ਚ ਸਾਹ ਲੈਂਦੀਆਂ ਬਜ਼ੁਰਗ ਜ਼ਿੰਦਗੀਆਂ ਨੂੰ ਦੇਖ ਖੁਸ਼ੀ ਹੁੰਦੀ ਹੈ। ਪੰਜਾਬ 'ਚ ਅੱਜਕੱਲ੍ਹ ਅਜਿਹਾ ਵਾਤਾਵਰਣ ਕਿੱਥੇ? ਇਨ੍ਹਾਂ ਸਹੂਲਤਾਂ ਅਤੇ ਖੁੱਲ੍ਹਾਂ ਨੂੰ ਮਾਣਨ ਦੇ ਨਾਲ ਨਾਲ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਜਿਸ ਦੇਸ਼ ਦਾ ਖਾਂਦੇ ਹਾਂ, ਜਿਸ ਦੇਸ਼ ਨੇ ਸਾਨੂੰ ਰੁਜ਼ਗਾਰ ਬਖ਼ਸ਼ਿਆ ਹੈ, ਉਸ ਦੇਸ਼ ਦੇ ਕਾਨੂੰਨ, ਅਨੁਸ਼ਾਸਨ ਅਤੇ ਸਫ਼ਾਈ ਦਾ ਧਿਆਨ ਰੱਖੀਏ। ਕੇਵਲ ਪੰਜਾਬੀਆਂ ਦਾ ਹੀ ਨਹੀਂ ਸਗੋਂ ਹਰ ਨਾਗਰਿਕ ਦਾ ਸਨਮਾਨ ਕਰੀਏ। ਆਪਣੀ ਲੋਹੜੀ, ਦੀਵਾਲੀ ਦੇ ਨਾਲ ਨਾਲ ਬਾਕੀ ਲੋਕਾਂ ਦੇ ਵੀ ਤਿਉਹਾਰਾਂ ਦਾ ਮਾਣ ਸਨਮਾਨ ਕਰੀਏ। ਜਿਸ ਦੇਸ਼ ਨੇ ਸਾਨੂੰ ਵਧੀਆ ਜ਼ਿੰਦਗੀ ਜਿਉਣ ਦੇ ਮੌਕੇ ਪ੍ਰਦਾਨ ਕੀਤੇ ਹੋਣ, ਉਸ ਦੇਸ਼ ਦੇ ਪਾਸਪੋਰਟ ਦਾ ਹੀ ਆਨੰਦ ਨਾ ਮਾਣੀਏ ਸਗੋਂ ਉਸ ਦੇਸ਼ ਦੇ ਵਧੀਆ ਨਾਗਰਿਕ ਹੋਣ ਦਾ ਵੀ ਸਬੂਤ ਦਈਏ।

## ਦਰਵੇਸ਼ ਸਿਆਸਤਦਾਨ

# ਜੱਥੇਦਾਰ ਜਗਦੇਵ ਸਿੰਘ ਖੁੱਡੀਆਂ

ਲਿਖਤ : ਇਕਬਾਲ ਸਿੰਘ ਸ਼ਾਂਤ



ਦਰਵੇਸ਼ ਸਿਆਸਤਦਾਨ ਅਤੇ ਸਾਦਗੀ ਦੇ ਪ੍ਰਤੀਕ ਜੱਥੇਦਾਰ ਜਗਦੇਵ ਸਿੰਘ ਖੁੱਡੀਆਂ ਦਾ ਜਨਮ ਖੁੱਡੀਆਂ ਵਿਖੇ ਸੰਨ 1937 ਵਿਚ ਇੱਕ ਸਧਾਰਨ ਕਿਸਾਨ ਸ. ਫੁੱਮਨ ਸਿੰਘ ਦੇ ਘਰ ਹੋਇਆ। ਮੁੱਢਲੀ ਸਿੱਖਿਆ ਪਿੰਡ ਤੋਂ ਪ੍ਰਾਪਤ ਕਰਕੇ ਆਪ ਨੇ ਮੈਟ੍ਰਿਕ ਲੰਬੀ ਤੋਂ ਪਾਸ ਕਰਨ ਉਪਰੰਤ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਦਾਖਲਾ ਲਿਆ। ਜਿੱਥੇ ਸ਼ੁਰੂਆਤੀ ਦੌਰ ਦੌਰਾਨ ਹੀ ਆਪ ਦਾ ਧਿਆਨ ਸਿਆਸੀ ਗਤੀਵਿਧੀਆਂ ਵੱਲ ਹੋ ਗਿਆ ਅਤੇ ਆਪ ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਸਰਗਰਮੀਆਂ ’ਚ ਭਰਪੂਰ ਹਾਜ਼ਰੀ ਦਰਜ ਕਰਵਾਉਣ ਲੱਗ ਪਏ। ਗ੍ਰੇਜੂਏਸ਼ਨ ਕਰਨ ਤੋਂ ਬਾਅਦ ਆਪ ਆਪਣੇ ਜੱਦੀ ਪਿੰਡ ਖੁੱਡੀਆਂ ਪਰਤ ਆਏ। ਆਪ ਅਨਥਕ ਨੌਜਵਾਨ ਆਗੂ ਸੀ। ਆਪਨੇ ਆਪਣੀ ਨੇਕ ਨੀਯਤੀ ਅਤੇ ਰੌਸ਼ਨ ਖਿਆਲ ਸੋਚ ਸਦਕਾ ਥੋੜੇ ਸਮੇਂ ’ਚ ਇਲਾਕੇ ਦੇ ਲੋਕਾਂ ਵਿੱਚ ਵਧੇਰੇ ਹਰਮਨ ਪਿਆਰੇ ਹੋ ਨਿਬੜੇ। ਹੇਠਲੇ ਪੱਧਰ ਦੀ ਸਿਆਸਤ ਤੋਂ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ ਅਤੇ ਸਰਕਲ ਅਕਾਲੀ ਜੱਥਾ ਤੇ ਜ਼ਿਲ੍ਹਾ ਅਕਾਲੀ ਜੱਥਾ ਦੇ ਜਨਰਲ ਸਕੱਤਰ, ਖੁੱਡੀਆਂ ਦੇ ਸਰਪੰਚ, ਬਲਾਕ ਸੰਮਤੀ ਲੰਬੀ ਦੇ ਮੈਂਬਰ ਅਤੇ ਜ਼ਿਲ੍ਹਾ ਅਕਾਲੀ ਜੱਥਾ ਦੇ ਪ੍ਰਧਾਨ ਦੇ ਅਹੁਦੇ ’ਤੇ ਵੀ ਰਹੇ।

ਆਪ ਦੇ ਸੰਤ ਹਰਚੰਦ ਸਿੰਘ ਲੌਂਗੋਵਾਲ, ਜੱਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜੱਥੇਦਾਰ ਮੋਹਣ ਸਿੰਘ ਤੁੜ ਨਾਲ ਨਿਜੀ ਸਬੰਧ ਰਹੇ। ਇਸਤੋਂ ਇਲਾਵਾ ਆਪ ਨੂੰ ਸੰਨ 1977 ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੌਰਾਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਥਾਪਿਆ ਗਿਆ। ਇਸ ਮਹੱਤਵ ਪੂਰਨ ਅਹੁਦੇ ’ਤੇ ਰਹਿੰਦੇ ਸਮੇਂ ਤੁਸੀਂ ਆਪਣੀ ਇਮਾਨਦਾਰੀ ਦੀਆਂ ਰਾਹ ’ਤੇ ਚਲਤਿਦਆਂ ਲੱਖਾਂ ਕਰੋੜਾਂ ਰੁਪਏ ਨੂੰ ਠੋਕਰ ਮਾਰ ਦਿੱਤੀ ਅਤੇ ਹੋਰਨਾਂ ਲਈ ਭ੍ਰਿਸ਼ਟਚਾਰ ਦੇ ਇਸ ਯੁਗ ਵਿੱਚ ਹੋਰਨਾਂ ਰਾਜਸੀ ਲੀਡਰਾਂ ਲਈ ਸਬਕ ਕਾਇਮ ਕੀਤਾ। ਆਪਨੇ ਹੋਰ ਸਾਥੀਆਂ ਸਮੇਤ ਅਨੇਕਾਂ ਮੋਰਚਿਆਂ ਵਿੱਚ ਭਾਂਗ ਲਿਆ। ਜ਼ੇਲ੍ਹਾਂ ਵੀ ਕੱਟੀਆਂ । ਸੰਨ 1984 ਦੇ ਆਪ੍ਰੇਸ਼ਨ ਬਲਿਊ ਸਟਾਰ ਦੌਰਾਨ ਫ਼ੌਜ਼ ਵੱਲੋਂ ਹਰਮੰਦਿਰ ਸਾਹਿਬ ’ਤੇ ਹਮਲੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਨਾਲ ਇਨ੍ਹਾਂ ਦੇ ਮਾਨਸਿਕ ਤੌਰ ’ਤੇ ਝੰਝੋੜ ਦਿੱਤਾ ਤੇ ਸ਼੍ਰੋਮਣੀ ਅਕਾਲੀ ਦਲ (ਮਾਨ) ਵਿੱਚ ਸ਼ਾਮਲ ਹੋ ਗਏ।

ਸੰਨ 1989 ਦੇ ਲੋਕਸਭਾ ਚੋਣਾਂ ’ਚ ਆਪ ਨੇ ਫ਼ਰੀਦਕੋਟ ਹਲਕੇ ਤੋਂ ਚੋਣ ਲੜੀ ਅਤੇ ਡੇਢ ਲੱਖ ਵੋਟ ਨਾਲ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਆਪ ਦੀ ਈਮਾਨਦਾਰੀ ਅਤੇ ਵਿਕਾਸਪੱਖੀ ਸੋਚ ਦੇ ਚਰਚੇ ਦੂਰ ਦੂਰ ਤੱਕ ਹੋਣ ਲੱਗੇ। ਇਸ ਦੌਰਾਨ ਜੱਥੇਦਾਰ ਖੁੱਡੀਆਂ ਇੱਕ ਸ਼ਕਤੀਸ਼ਾਲੀ ਆਗੂ ਵਜੋਂ ਸਥਾਪਿਤ ਹੋ ਚੁੱਕੇ ਸਨ।

28 ਦਸੰਬਰ ਸੰਨ 1989 ਨੂੰ ਚੋਣਾਂ ਤੋਂ ਸਵਾ ਮਹੀਨਾ ਬਾਅਦ ਆਪ ਅਪਣੇ ਘਰ ਸੁੱਤੇ ਪਏ ਸਨ ਤਾਂ ਸਵੇਰੇ ਸਵੇਰੇ ਗਾਇਬ ਪਾਏ ਗਏ ਅਤੇ ਪਗੜੀ, ਲੋਈ ਤੇ ਜੁੱਤੀ ਪਿੰਡ ਦੇ ਨੇੜੇ ਰਾਜਸਥਾਨ ਨਹਿਰ ਦੀ ਪਟੜੀ ਕਿਨਾਰੇ ਤੋਂ ਮਿਲੇ। ਲਗਾਤਾਰ ਛੇ ਦਿਨ ਭਾਲ ਪਿੱਛੋਂ 4 ਜਨਵਰੀ ਨੂੰ ਸੰਨ 1990 ਨੂੰ ਆਪ ਦੀ ਲਾਸ਼ ਨਹਿਰ ਵਿੱਚੋਂ ਮਿਲੀ। ਲੰਬਾ ਸਮਾਂ ਬੀਤਣ ਦੇ ਬਾਅਦ ਵੀ ਆਪਦੀ ਯਾਦ ਜਿਉਂਦੀ ਤਿਉਂ ਹੈ। ਉਨ੍ਹਂ ਦੀ ਗੈਰ ਮੌਜੂਦਗੀ ਵਿਚ ਉਨ੍ਹਾਂ ਦੇ ਸਪੁੱਤਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਅਤੇ ਸ: ਹਰਮੀਤ ਸਿੰਘ ਖੁੱਡੀਆਂ (ਕੈਨੇਡਾ) ਜਥੇਦਾਰ ਖੁੱਡੀਆਂ ਦੇ ਪਾਏ ਪੂਰਨਿਆਂ ’ਤੇ ਚੱਲਦੇ ਸਮਾਜ ’ਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ।

ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੇ ਮੈਂਬਰ ਪਾਰਲੀਮੈਂਟ ਬਣ ਕੇ ਹਲਕੇ ਦੇ ਲੋਕਾਂ ਦੀ ਸੇਵਾ ਲਈ ਕਈ ਸੁਪਨੇ ਸੰਜੋਏ ਸਨ, ਪਰ ਪਰਮਾਤਮਾਂ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ ਤੇ ਉਨ੍ਹਾਂ ਦੇ ਇਹ ਸੁਪਨੇ ਅਧੂਰੇ ਰਹਿ ਗਏ ਸਨ।

ਉਨ੍ਹਾਂ ਦੇ ਵੱਡੇ ਸਪੁੱਤਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਆਮ ਆਦਮੀ ਪਾਰਟੀ ਵਿਚ ਰਹਿ ਕੇ ਪੰਜਾਬ ਦੀ ਸ਼ਿਆਸਤ ਵਿਚ ਆਪਣਾ ਭਰਵਾਂ ਯੋਗਦਾਨ ਪਾ ਰਹੇ ਹਨ। ਜਦਕਿ ਉਨ੍ਹਾਂ ਦੇ ਛੋਟੇ ਫਰਜੰਦ ਸ: ਹਰਮੀਤ ਸਿੰਘ ਖੁੱਡੀਆਂ ਆਪਣੇ ਪਿਤਾ ਦੀ ਰਵਾਇਤਾਂ ਦੀ ਪਾਲਣਾ ਕਰਦਿਆਂ ਕੈਨੇਡਾ ’ਚ ਪੰਜਾਬੀ ਭਾਈਚਾਰੇ ਦੀ ਤਰੱਕੀ ਤੇ ਬਿਹਤਰੀ ਵਿਚ ਆਪਣਾ ਭਰਪੂਰ ਯੋਗਦਾਨ ਦੇ ਰਹੇ ਹਨ।







# ਧਰਮਾਂ ਦੀ ਏਕਤਾ ਦਾ ਮਸਲਾ

ਲਿਖਤ : ਗੁਰਬਚਨ ਸਿੰਘ
ਫੋਨ: +91-98156-98451


ਹਰ ਵਾਰ ਚੋਣਾਂ ਨੇੜੇ ਆ ਕੇ ਪੰਜਾਬ ਅੰਦਰ ਹਿੰਦੂ ਸਿੱਖ ਏਕਤਾ ਦੇ ਨਾਹਰੇ ਲੱਗਣੇ ਆਮ ਜਿਹੀ ਗੱਲ ਹੈ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਭਾਜਪਾ ਦੀ ਚੋਣ ਮੁਹਿੰਮ ਦਾ ਆਰੰਭ ਕਰਦਿਆਂ ਕਿਹਾ ਕਿ ਕੁਝ ਲੋਕ ਹਿੰਦੂ-ਸਿੱਖ ਏਕਤਾ ਦੇ ਵਿਰੋਧੀ ਹਨ, ਇਸ ਲਈ ਉਹ ਸਿੱਖਾਂ ਅਤੇ ਭਾਜਪਾ ਵਿਚ ਸਾਂਝ ਨਹੀਂ ਬਣਨ ਦੇਣਾ ਚਾਹੁੰਦੇ। ਜਦੋਂ ਕਿ ਭਾਜਪਾ ਅਤੇ ਸਿੱਖਾਂ ਵਿਚਲੀ ਦੂਰੀ ਦਾ ਕਾਰਨ ਧਰਮ ਨਹੀਂ ਬਲਕਿ ਮਨੂਵਾਦੀ ਮਨ-ਕਲਪਿਤ ਵਿਚਾਰਧਾਰਾ ਹੈ। ਯਕੀਨਨ, ਕਰੀਬ ਪੰਜ ਸਦੀਆਂ ਪਹਿਲਾਂ ਨਾ ਸਿਰਫ ਹਿੰਦੂ-ਸਿੱਖ ਏਕਤਾ ਬਲਕਿ ਸਾਰੇ ਧਰਮਾਂ ਦੀ ਏਕਤਾ ਬਾਰੇ ਗੁਰੂ ਨਾਨਕ ਜੀ ਸਪਸ਼ਟ ਕਰ ਗਏ ਹਨ। ਇਸ ਦੇ ਬਾਵਜੂਦ ਕੁਝ ਸੁਆਰਥੀ ਰਾਜਨੀਤਕ ਧਿਰਾਂ ਹੁਣ ਤਕ ਇਸ ਮਸਲੇ ਬਾਰੇ ਬਹਿਸ ਕਰ ਰਹੀਆਂ ਹਨ। ਗੁਰੂ ਨਾਨਕ ਜੀ ਦੇ ਆਗਮਨ ਨਾਲ ਪਹਿਲਾਂ ਤੋਂ ਚੱਲ ਰਹੀ ਧਰਮ ਦੀ ਵਿਆਖਿਆ ਬਦਲ ਗਈ। ਗੁਰੂ ਜੀ ਨੇ ਸਪਸ਼ਟ ਅਤੇ ਸਰਲ ਸ਼ਬਦਾਂ ਵਿਚ ਧਰਮ ਦੀ ਵਿਆਖਿਆ ਕੀਤੀ ਹੈ: ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਪੰਨਾ 3) ਇਹ ਧਾਰਨਾ ਕਿ ਧਰਤੀ ਕਿਸੇ ਧੌਲੇ ਬੌਲਦ ਦੇ ਸਿੰਙਾਂ ਉਤੇ ਖੜ੍ਹੀ ਹੈ, ਦਾ ਪੂਰਨ ਰੂਪ ਵਿਚ ਖੰਡਨ ਕਰਦੇ ਹੋਏ ਗੁਰੂ ਜੀ ਬੁਲੰਦ ਐਲਾਨ ਕਰਦੇ ਹਨ ਕਿ ਧਰਤੀ ਭਾਵ ਧਰਤੀ ਉਤਲਾ ਮਨੁੱਖੀ ਸਮਾਜ ਕਿਸੇ ਧੌਲੇ ਬਲਦ ਦੇ ਸਿੰਙਾਂ ਉਤੇ ਨਹੀਂ ਬਲਕਿ ਧਰਮ ਦੀ ਬੁਨਿਆਦ ਉਤੇ ਖੜ੍ਹਾ ਹੈ। ਧਰਮ ਜਿਹੜਾ ਦਇਆ ਦਾ ਪੁੱਤਰ ਹੈ ਅਤੇ ਜਿਸ ਨੂੰ ਸੰਤੋਖ ਨੇ ਬੰਨ੍ਹ ਕੇ ਰੱਖਿਆ ਹੋਇਆ ਹੈ; ਭਾਵ ਧਰਮ ਕੋਈ ਕਰਮਕਾਂਡ ਜਾਂ ਭੇਖ ਨਹੀਂ ਬਲਕਿ ਦਇਆ ਅਤੇ ਸੰਤੋਖ ਦੇ ਜਜ਼ਬਿਆਂ ਨੂੰ ਆਪਣੇ ਆਤਮ ਵਿਚ ਵਸਾ ਕੇ, ਭਾਵ ਪਰਉਪਕਾਰੀ ਬਣ ਕੇ ਜ਼ਿੰਦਗੀ ਜਿਊਣਾ ਹੈ। ਦਇਆ ਅਤੇ ਸੰਤੋਖ ਦੋ ਮਨੁੱਖੀ ਜਜ਼ਬੇ ਸਾਰੇ ਧਰਮਾਂ ਦਾ ਮੂਲ ਆਧਾਰ ਹਨ। ਇਹੀ ਦੋ ਜਜ਼ਬੇ ਸਾਰੇ ਧਰਮਾਂ ਦੀ ਏਕਤਾ ਦੀ ਬੁਨਿਆਦ ਹਨ। ਧਾਰਮਿਕ ਹੋਣ ਦਾ ਭਾਵ ਭੇਖੀ ਜਾਂ ਕਰਮਕਾਂਡੀ ਹੋਣਾ ਨਹੀਂ ਬਲਕਿ ਪਰਉਪਕਾਰੀ ਹੋਣਾ ਹੈ। ਕਰਤਾਰਪੁਰ ਵਿਚ ਇਕ ਦਿਨ ਪਿਤਾ ਮਹਿਤਾ ਕਾਲੂ ਨੇ ਗੁਰੂ ਨਾਨਕ ਜੀ ਨੂੰ ਪੁੱਛਿਆ ਕਿ "ਪੁੱਤਰ ਤੂੰ ਜਿਸ ਮੰਤਰ ਨਾਲ ਰੱਬ ਦਾ ਧਿਆਨ ਧਰਦਾ ਹੈ, ਉਹ ਠੀਕ ਨਹੀਂ। ਵੈਸ਼ਨਵ ਲੋਕ ਤੀਰਥ ਯਾਤਰਾ ਲਈ ਜਾਂਦੇ ਹਨ। ਕੇਸਰ ਅਤੇ ਸੰਦਲ ਦੀਆਂ ਸੁਗੰਧੀਆਂ ਦਾ ਆਨੰਦ ਮਾਣਦੇ ਹਨ। ਕੀ ਉਨ੍ਹਾਂ ਨੂੰ ਕਿਸੇ ਚੀਜ਼ ਦੀ ਘਾਟ ਹੈ? ... ਫਿਰ ਤੂੰ ਤਿਲਕ ਨਹੀਂ ਲਾਉਂਦਾ। ਧੋਤੀ ਨਹੀਂ ਪਹਿਨਦਾ। ਚੌਕੇ ਦੀ ਕਾਰ ਵੀ ਨਹੀਂ ਕੱਢਦਾ। ਤੇਰੀ ਜ਼ਿੰਦਗੀ ਨਾ ਵੈਸ਼ਨਵਾਂ ਅਤੇ ਨਾ ਦੁਨਿਆਵੀ ਲੋਕਾਂ ਨਾਲ ਮਿਲਦੀ ਹੈ। ਨਾ ਤੂੰ ਤਿਆਗੀ ਹੈ। ਨਾ ਤੂੰ ਬੈਰਾਗੀ ਹੈ। ਨਾ ਤੂੰ ਤਾਂਤਰਿਕ ਹੈ। ... ਫਿਰ ਤੇਰੀ ਰੱਬ ਬਾਰੇ ਕੀ ਸਮਝ ਹੈ।" ਗੁਰੂ ਨਾਨਕ ਜੀ ਦਾ ਉਤਰ ਹੈ: ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ॥ ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥ ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ॥੧॥ ਬਾਬਾ ਹੋਰ ਮਤਿ ਹੋਰ ਹੋਰ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥ ੧॥ (ਪੰਨਾ 17) ਯਥਾ ਸਾਡਾ ਇਹ ਸਰੀਰ ਕੇਸਰ ਦੀ ਨਿਆਈਂ ਹੈ। ਸਰੀਰ ਵਿਚਲੀ ਜ਼ਬਾਨ ਹੀਰੇ ਦੀ ਨਿਆਈਂ ਹੈ। ਇਸ ਸਰੀਰ ਵਿਚੋਂ ਸਾਹ ਦਾ ਚਲਣਾ ਅਗਰ ਦੀਆਂ ਸੁਗੰਧੀਆ ਬਿਖੇਰਨ ਵਾਂਗ ਹੈ। ਅਠਾਹਠ ਤੀਰਥਾਂ ਦੀ ਯਾਤਰਾ ਟਿਕੇ ਵਾਂਗ ਚਿਹਰੇ ਉਤੇ ਭਾਹ ਮਾਰ ਰਹੀ ਹੈ। ਸਿਰ ਦੇ ਅੰਦਰ ਮਤਿ ਭਾਵ ਸਿਆਣਪ ਖਿੜ ਰਹੀ ਹੈ। ਇਸ ਸਿਆਣਪ ਨਾਲ ਗੁਣਾਂ ਦੇ ਖਜ਼ਾਨੇ ਸਿਰਜਣਹਾਰ ਦੇ ਗੁਣ ਗਾਉਣੇ ਹੀ ਰੱਬ ਦਾ ਧਿਆਨ ਧਰਨਾ ਹੈ। ਬਾਬਾ! ਭਾਵ ਹੇ ਸਿਆਣੇ ਦਾਨੇ ਮਨੁੱਖ! ਇਸ ਤੋਂ ਬਿਨਾਂ ਹੋਰ ਸਾਰੇ ਮਤਿ ਝੂਠੇ ਹਨ। ਝੂਠ ਨੂੰ ਭਾਵੇਂ ਸੌ ਵਾਰ ਦੁਹਰਾਈ ਜਾਈਏ ਪਰ ਉਸ ਨੇ ਝੂਠ ਹੀ ਰਹਿਣਾ ਹੈ। ਗੁਰਮਤਿ ਅਨੁਸਾਰ ਮਨੁੱਖੀ ਸਰੀਰ ਸਿਰਜਣਹਾਰ ਕਰਤਾ ਪੁਰਖ ਦੀ ਦਿਤੀ ਅਨਮੋਲ ਨਿਆਮਤ ਹੈ: ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥ (ਪੰਨਾ 754) ਮਹਿਤਾ ਕਾਲੂ ਫਿਰ ਪੁੱਛਦੇ ਹਨ, "ਜਿਹੜੇ ਲੋਕ ਆਪਣੇ ਆਪ ਨੂੰ ਸੰਸਾਰ ਦੇ ਪੀਰ ਸਦਵਾਉਂਦੇ ਹਨ ਅਤੇ ਸਾਰੇ ਉਨ੍ਹਾਂ ਦੀ ਪੂਜਾ ਕਰਦੇ ਹਨ, ਕੀ ਉਨ੍ਹਾਂ ਦੀ ਸਿਆਣਪ ਅਮਰ ਹੈ?" ਗੁਰੂ ਸਾਹਿਬ ਦਾ ਫਰਮਾਨ ਹੈ: ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ॥ ਜਾ ਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ॥ ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ॥ ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ॥ (ਪੰਨਾ 17) ਜੇ ਕਿਸੇ ਦੀ ਪੂਜਾ ਹੋਣ ਲੱਗ ਪਵੇ, ਉਹ ਖੁਦ ਨੂੰ ਪੀਰ ਸਦਵਾਉਣ ਲੱਗ ਪਵੇ, ਸੰਸਾਰ ਵਿਚ ਉਸ ਦੀ ਮਾਨਤਾ ਹੋ ਜਾਏ, ਉਹ ਆਪਣਾ ਕੋਈ ਖਾਸ ਨਾਂ ਰੱਖ ਲਏ, ਆਪਣੇ ਕੋਲ ਰਿਧੀਆਂ ਸਿਧੀਆਂ ਭਾਵ ਕਰਾਮਾਤੀ ਸ਼ਕਤੀਆਂ ਹੋਣ ਦਾ ਦਾਅਵਾ ਵੀ ਕਰੇ ਪਰ ਜੇ ਉਹ ਸਤਿਕਾਰ ਦਾ ਪਾਤਰ ਨਹੀਂ ਬਣਦਾ ਤਾਂ ਇਹ ਸਾਰੀ ਪੂਜਾ ਫਜ਼ੂਲ ਹੈ। ਨਿਰੋਲ ਖੱਜਲ ਖੁਆਰੀ ਹੈ। ਜਿਨ੍ਹਾਂ ਨੂੰ ਸਤਿਗੁਰੂ ਦੀ ਥਾਪਣਾ ਮਿਲੀ ਹੈ, ਉਨ੍ਹਾਂ ਨੂੰ ਕੋਈ ਮੇਟ ਨਹੀਂ ਕਰ ਸਕਦਾ। ਉਨ੍ਹਾਂ ਦੇ ਆਤਮ ਅੰਦਰ ਨਾਮ ਦਾ ਖਜ਼ਾਨਾ ਹੈ ਜਿਹੜਾ ਨਾਮ ਨਾਲ ਹੀ ਪ੍ਰਗਟ ਹੁੰਦਾ ਹੈ। ਉਸ ਨਾਮ ਨੂੰ ਪੂਜਣਾ ਅਤੇ ਮੰਨਣਾ ਚਾਹੀਦਾ ਹੈ। ਇਹ ਨਾਮ ਅਖੰਡ ਅਤੇ ਸਦੀਵੀ ਰਹਿਣ ਵਾਲਾ ਹੈ। ਹਵਾਲਾ ਜਨਮਸਾਖੀ: ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰਪੁਰ ਬੈਠਾ ਥਾ। ਅਰੁ ਅੰਗਦ ਬੇਨਤੀ ਕਰੀ ਜੀ, "ਜਿ ਮਿਹਰਵਾਨ ਇਕ ਬੇਨਤੀ ਹੈ ਜੇ ਤੁਧ ਭਾਵੇ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ, "ਆਖੁ ਪੁਰਖਾ ਅੰਗਦਾ ਜਿ ਕਿਛੁ ਤੇਰੇ ਜੀ ਹੈ ਸੁ ਤੂ ਅਰਦਾਸ ਕਰਿ।" ਤਬ ਗੁਰੂ ਅੰਗਦ ਕਹਿਆ ਜਿ "ਜੀ ਪਾਤਿਸਾਹ ਮੇਰੀ ਏਹ ਅਰਦਾਸ ਹੈ ਜਿ ਸੰਸਾਰੁ ਕੋਈ ਤੀਰਥੀ ਗੈਆ। ਕਿੰਨੇ ਵੇਦ ਕੀ ਵਿਦਿਆ ਪੜ੍ਹੀ। ਕਿਨੈ ਸੰਨਿਆਸੁ ਮਾਰਗੁ ਕਮਾਇ। ਕੋਈ ਜਤੀ ਹੋਇ ਕਰਿ ਜੋਗੁ ਲਾਗਾ ਕਮਾਵਣ। ਕਿਨੈ ਦੇਹ ਸਾਧੀ ਨਗਨੁ ਹੋਇ ਕਰਿ ਦਿਗੰਬਰ ਦੇ ਰੂਪਿ ਹੋ ਫਿਰਿਆ। ਦਿਖਾ ਜੀ ਪਾਤਸ਼ਾਹ! ਅਸਾਡੀ ਕਵਨ ਗਤਿ। ਅਸਾਂ ਤਾਂ ਇਨਾਂ ਗਲਾਂ ਵਿਚਹੁ ਕਾਈ ਗਲ ਨਾ ਹੋਇ ਆਈਆ ਜੀ। ਅਸੀ ਕਿਛੁ ਨਾਹੀ ਜਾਣਦੇ ਜਿ ਪਰਮੇਸੁਰੁ ਕਿਨੀ ਗੁਣੀ ਪਾਈਦਾ ਹੈ। ਪਰਮੇਸੁਰ ਨੂੰ ਕਵਣ ਸੇਵਾ ਭਾਵਦੀ ਹੈ। ਅਤੇ ਕਿਤੁ ਸੰਜਮਿ ਪਰਮੇਸੁਰ ਖੁਸੀ ਹੁੰਦਾ ਹੈ ਜੀ। ਜਿਤੁ ਕਿਤੇ ਗਲ ਪਰਮੇਸੁਰੁ ਸੁ ਪ੍ਰਸੰਨੁ ਹੋਂਦਾ ਹੈ ਜੀ। ਅਸਾ ਨੋ ਮਿਹਰ ਕਰਿ ਕਰਿ ਓਹ ਗਲ ਸਮਝਾਈਐ ਜੀ। ਜਿਤੁ ਕਰਿ ਕਰਿ ਅਸਾਡੇ ਜੀ ਦੀ ਗਤਿ ਹੋਇ ਜੀ। ਇਸੁ ਜੀਅ ਨੂ ਜਮੁ ਪੋਹਿ ਨਾ ਸਕੈ ਜੀ। ਜਮ ਕੀ ਸਾਸਨਾ ਤੇ ਜਿਤੁ ਏਹੁ ਜੀਉ ਉਬਰੈ ਸਾ ਵਿਧਿ ਸਮਝਾਈਐ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪੁਰਖਾ ਅੰਗਦਾ ਨਾ ਪਰਮੇਸੁਰ ਖੁਸੀ ਹੋਂਦਾ ਹੈ ਵੇਦ ਕੀ ਵਿਦਿਆ ਪੜਿਆਂ ਅਰੁ ਬੀਚਾਰਿਆਂ। ਅਤੈ ਨਾ ਪਰਮੇਸੁਰ ਖੁਸੀ ਹੋਂਦਾ ਹੈ ਸੰਨਿਆਸ ਰੂਪ ਕੀਤੇ। ਨਾ ਪਰਮੇਸੁਰ ਖੁਸੀ ਹੋਂਦਾ ਹੈ ਤੀਰਥੁ ਵਾਸੁ ਕੀਤਿਆਂ। ਨਾ ਪਰਮੇਸਰੁ ਖੁਸੀ ਹੋਂਦਾ ਹੈ ਜਤਿ ਜੋਗ ਕਮਾਇਐ। ਨਾ ਪਰਮੇਸੁਰ ਖੁਸੀ ਹੋਂਦਾ ਹੈ ਦਿਗੰਬਰ ਰੂਪ ਫਿਰਿਆਂ।" ਤਬ ਗੁਰੂ ਅੰਗਦ ਕਹਿਆ ਜਿ, "ਗਰੀਬ ਨਿਵਾਜ! ਮਿਹਰਵਾਨੁ ਹੋਇ ਕੈ ਕਹੀਐ ਜਿਤੁ ਗਲੈ ਪਰਮੇਸੁਰੁ ਖੁਸੀ ਹੋਂਦਾ ਹੈ।" ਤਬ ਗੁਰੂ ਬਾਬਾ ਨਾਨਕ ਜੀ ਆਸਾ ਰਾਗ ਮਹਿ ਬਾਨੀ ਓਪਦੇਸੀ। ਬੋਲਿ ਉਠਿਆ ਜਿ ' ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾ ਪੰਚ ਰਾਸੀ ਤਾਂ ਤੀਰਥ ਵਾਸੀ॥ ੧॥ ਘੁੰਘਰੂ ਵਾਜੈ ਜੇ ਮਨੁ ਲਾਗੈ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ॥ ੧॥ ਰਹਾਉ ॥ ਆਸ ਨਿਰਾਸੀ ਤਉ ਸੰਨਿਆਸੀ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥ ੨॥ ਦਇਆ ਦਿਗੰਬਰੁ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ॥ ੩॥ ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥ (ਆਸਾ ਮਹਲਾ ੧ ਘਰ ੨ ਚਉਪਦੇ। ੨੫। (੩੫੯)॥) ਯਥਾ ਉਸ ਵਿਦਿਆ ਦਾ ਵੀਚਾਰ ਕੀਤਾ ਜਾਏ, ਜਿਹੜੀ ਬੰਦੇ ਨੂੰ ਪਰਉਪਕਾਰੀ ਬਣਾਵੇ। ਗਿਆਨ ਨੂੰ ਅਪਣੇ ਆਤਮ ਵਿਚ ਵਸਾ ਕੇ ਹੀ ਪੰਜਾਂ ਵਿਕਾਰਾਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਉਤੇ ਕਾਬੂ ਪਾਇਆ ਜਾ ਸਕਦਾ ਹੈ। ਆਪਣੇ ਵਿਕਾਰਾਂ ਉਤੇ ਕਾਬੂ ਪਾ ਕੇ ਹੀ ਤੀਰਥ ਵਾਸੀ ਹੋਣ ਦਾ ਅਹਿਸਾਸ ਕੀਤਾ ਜਾ ਸਕਦਾ ਹੈ ਅਤੇ ਸਦੀਵੀ ਅਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਤੀਰਥਾਂ ਉਤੇ ਜਾ ਕੇ ਵਸਣ ਦਾ ਇਹੀ ਮੰਤਵ ਹੈ। ਵਿਦਿਆ ਰਾਹੀਂ ਪ੍ਰਾਪਤ ਹੋਇਆ ਗਿਆਨ ਜੇ ਮਨ ਨੂੰ ਆਪਣੇ ਨਾਲ ਸਹਿਮਤ ਕਰ ਲਵੇ ਤੇ ਮਨ ਸਹਿਜ ਅਵਸਥਾ ਵਿਚ ਆ ਜਾਵੇ ਤਾਂ ਘੁੰਗਰੂ ਵਜਣ ਭਾਵ ਅਨਹਦ ਨਾਦ ਦੇ ਅਹਿਸਾਸ ਨਾਲ ਮਨ ਵਿਸਮਾਦ ਦੀ ਅਵਸਥਾ ਵਿਚ ਆ ਜਾਂਦਾ ਹੈ। ਜਦੋਂ ਮਨੁਖ ਨੂੰ ਆਪਣੇ ਆਲੇ-ਦੁਆਲੇ ਦੀ ਕੁਦਰਤ ਨਾਲ ਆਪਣੇ ਅਟੁਟ ਰਿਸ਼ਤੇ ਦਾ ਅਹਿਸਾਸ ਹੋ ਜਾਏ ਤਾਂ ਜਮਾਂ ਦਾ ਡਰ ਉਂਝ ਹੀ ਖਤਮ ਹੋ ਜਾਂਦਾ ਹੈ। ਕਿਉਂਕਿ ਮਨੁਖ ਨੂੰ ਸੋਝੀ ਹੋ ਜਾਂਦੀ ਹੈ ਕਿ ਨਰਕ-ਸੁਰਗ-ਜਮ ਪੁਨਰ ਜਨਮ ਆਦਿ ਸਭ ਐਵੇਂ ਭਰਮ ਹਨ। ਇਹ ਸਾਰਾ ਬ੍ਰਾਹਮਣਵਾਦ ਦਾ ਪੈਦਾ ਕੀਤਾ ਹੋਇਆ ਭਰਮਜਾਲ ਹੈ। ਇਸ ਗਿਆਨ ਨਾਲ ਜਦੋਂ ਜਮਾਂ ਦੀ ਹੋਂਦ ਹੀ ਮਨੁਖੀ ਚੇਤਨਾ ਵਿਚੋਂ ਨਿਕਲ ਜਾਂਦੀ ਹੈ ਤਾਂ ਇਨ੍ਹਾਂ ਦੇ ਡਰ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਇਸੇ ਲਈ ਗੁਰੂ ਜੀ ਕਹਿੰਦੇ ਹਨ ਕਿ ਜਮ ਮੇਰਾ ਕੀ ਵਿਗਾੜ ਸਕਦੇ ਹਨ। ਜੇ ਮਨ ਤ੍ਰਿਸਨਾ ਭਾਵ ਬੇਲੋੜੀਆਂ ਇਛਾਵਾਂ ਤੋਂ ਸੁਰਖਰੂ ਹੋ ਜਾਏ ਤਾਂ ਬੰਦਾ ਸੰਨਿਆਸੀਆਂ ਵਾਲਾ ਅਹਿਸਾਸ ਘਰ ਬੈਠਿਆ ਹੀ ਕਰ ਸਕਦਾ ਹੈ। ਜਤੀ ਭਾਵ ਵਿਕਾਰ ਰਹਿਤ ਮਨੁਖ ਹੀ ਜੋਗੀ ਹੈ। ਜੋਗੀ ਭਾਵ ਜਤੀ ਬਣ ਕੇ ਹੀ ਕਾਇਆ ਨੂੰ ਭੋਗਿਆ ਜਾ ਸਕਦਾ ਹੈ। ਭਾਵ ਸਰੀਰ ਦੇ ਸਾਰੇ ਅਸਲੀ (ਕੁਦਰਤੀ) ਰਸ ਮਾਣੇ ਜਾ ਸਕਦੇ ਹਨ। ਦਿਆਲੂ ਹੋਣਾ ਹੀ ਦਿਗੰਬਰ ਭਾਵ ਤਰਕਸ਼ੀਲ ਹੋਣਾ ਹੈ। ਆਪਣੇ ਮਨ ਨੂੰ ਮਾਰ (ਭਾਵ ਸਵੈਕਾਬੂ ਵਿਚ ਰਖ) ਕੇ ਹੋਰਨਾਂ ਨੂੰ ਮਾਰਨ ਦੀ ਲੋੜ ਨਹੀਂ ਪੈਂਦੀ। ਗੁਰੂ ਨਾਨਕ ਜੀ ਦੇ ਬਚਨ ਹਨ: ਸਿਰਜਣਹਾਰ ਤੂੰ ਇਕ ਹੈ ਬਾਕੀ ਸਾਰੇ ਤੇਰੇ ਅਡ ਅਡ ਵੇਸ ਹਨ। ਤੇਰੇ ਸਾਰੇ ਕੌਤਕਾਂ ਦਾ ਭੇਦ ਨਹੀਂ ਪਾਇਆ ਜਾ ਸਕਦਾ। ਪੁਰਖਾ ਬੋਲਣੇ ਕਾ ਏਹੋ ਫਲੁ ਹੈ ਜਿ ਕਿਛੁ ਬੋਲੀਐ। ਸੁ ਪਰਮੇਸੁਰ ਕਾ ਨਾਮ ਹੀ ਬੋਲੀਐ ਬਿਚਾਰੀਐ ਗਾਈਐ ਸੁਣੀਐ ਸਿੱਖੀਐ ਸਮਝੀਐ। ਤਿਤੁ ਕਰਿ ਕਰਿ ਇਸ ਨੂੰ ਲਾਹਾ ਹੈ। ਪੁਰਖਾ ਅੰਗਦਾ ਤੈਂ ਬਹੁਤੁ ਭਲਾ ਕੀਆ ਜਿ ਪਰਮੇਸੁਰ ਦੀ ਗਲ ਚਿਤਿ ਅਣਾਈ। ਏਤੁ ਗਲ ਕਿਛੁ ਅਸਾਨੋ ਲਾਹਾ ਹੈ। ਪੁਰਖਾ ਮੈ ਭਾਂਵਦੀ ਹੈ ਏਹ ਗਲ।" ਗੁਰਮਤਿ ਅਨੁਸਾਰ ਉਹ ਪੜ੍ਹਿਆ ਮਨੁਖ ਮੂਰਖ ਹੈ ਜਿਸ ਨੂੰ ਲੋਭ, ਲਾਲਚ, ਹਿਰਸ ਅਤੇ ਹੰਕਾਰ ਨੇ ਗ੍ਰਸਿਆ ਹੋਇਆ ਹੈ: ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ (ਪੰਨਾ 140) "ਰਾਜ (ਸਰਕਾਰ) ਖੁਦ ਲੋਕਾਂ ਨੂੰ ਆਪਣਾ ਅੰਗ ਬਣਾ ਕੇ, ਵਿਅਕਤੀ ਦੇ ਉਦੇਸ਼ਾਂ ਨੂੰ ਸਮੂਹ ਦੇ ਨਿਸ਼ਾਨਿਆਂ ਵਿਚ ਢਾਲ ਕੇ, ਮਨੁਖ ਦੀਆਂ ਉਜਡ ਬਿਰਤੀਆਂ (ਸਾਮਰਾਜੀ ਖਪਤਕਾਰੀ ਦੀ ਹਵਸ) ਨੂੰ ਸਦਾਚਾਰਕ ਬਿਰਤੀਆਂ (ਤਰਕਸੰਗਤ ਮਨੁਖੀ ਲੋੜਾਂ ਦੀਆਂ ਇਛਾਵਾਂ) ਵਿਚ ਬਦਲ ਕੇ, ਕੁਦਰਤੀ ਆਜ਼ਾਦੀ ਨੂੰ ਆਤਮਿਕ ਆਜ਼ਾਦੀ ਵਿਚ ਬਦਲ ਕੇ, ਇਸ ਤਰ੍ਹਾਂ ਸਿਖਿਅਤ ਕਰੇ, ਕਿ ਹਰ ਵਿਅਕਤੀ ਆਪਣਾ ਭਲਾ ਸਰਬਤ ਦੇ ਭਲੇ ਵਿਚ ਲੋਚੇ ਅਤੇ ਸਰਬਤ ਨੂੰ ਆਪਣੇ ਨਿਜੀ ਮਨ ਦੇ ਚੌਖਟੇ ਵਿਚੋਂ ਪਛਾਣੇ।" (ਮਾਰਕਸ) ਭਾਈ ਗੁਰਦਾਸ ਜੀ ਨੇ ਲਿਖਿਆ ਹੈ: ਮਾਰਿਆ ਸਿੱਖਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ। ਯਥਾ ਗੁਰੂ ਸਾਹਿਬ ਨੇ ਨਵੀਂ ਪਿਰਤ ਪਾਈ। ਉਨ੍ਹਾਂ ਨੇ ਪੈਸੇ (ਮੁੱਲ) ਦਾ ਸਿੱਖਾ ਮਾਰਨ ਦੀ ਥਾਂ 'ਪੰਥ' ਭਾਵ ਮਨੁਖੀ ਜੀਵਨ ਜਿਊਣ ਦਾ ਨਵਾਂ ਰਾਹ ਦਸਿਆ। ਇਓਂ ਗੁਰੂ ਨਾਨਕ ਜੀ ਨੇ ਮਨੁਖਤਾ ਦੇ ਇਤਿਹਾਸ ਵਿਚ ਨਵੇਂ ਯੁਗ ਦਾ ਆਰੰਭ ਕੀਤਾ। ਉਨ੍ਹਾਂ ਨੇ ਮਨੁਖਤਾ ਦੇ ਅਨੁਭਵੀ ਗਿਆਨ ਨੂੰ ਨਵੀਂ ਦਿਸ਼ਾ ਦਿਤੀ। ਕੁਦਰਤ ਦੇ ਭਾਣੇ ਅਤੇ ਹੁਕਮ ਵਿਚ ਰਹਿੰਦਿਆ ਹੋਇਆਂ ਕੁਦਰਤ ਦੀ ਅਨਮੋਲ ਦਾਤ ਆਪਣੇ ਮਨ ਨੂੰ ਵਿਕਸਿਤ ਕਰਕੇ ਸਰਲ, ਸਾਦੀ, ਸਹਿਜ ਅਤੇ ਸੰਤੁਸ਼ਟ ਜਿੰਦਗੀ ਜਿਊਣ ਦੀ ਚੇਤਨਾ ਦਿਤੀ। ਇਸ ਚੇਤਨਾ ਦਾ ਆਰੰਭ ਹੇਠ ਲਿਖੀ ਧਾਰਨਾ ਤੋਂ ਹੁੰਦਾ ਹੈ: ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (ਪੰਨਾ 292) ਯਥਾ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਪਸਰਿਆ ਪਸਾਰਾ ਇਕ (ਏਕੋ) ਹੈ। ਹੋਰ ਦੂਜਾ ਕਿਤੇ ਕੋਈ ਨਜ਼ਰ ਨਹੀਂ ਆਉਂਦਾ। ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 350) ਇਹ ਏਕੋ ਹੀ ਮੇਰਾ ਮਾਲਕ ਹੈ। ਇਸ ਦੀ ਪੁਸ਼ਟੀ ਕਰਨ ਲਈ ਇਕ ਵਾਰ ਫਿਰ ਦੁਹਰਾਇਆ ਗਿਆ ਹੈ ਕਿ ਇਹ ਏਕੋ ਹੀ ਮੇਰਾ ਮਾਲਕ ਹੈ। ਮੇਰੇ ਇਸ ਮਾਲਕ ਤੋਂ ਬਿਨਾਂ ਹੋਰ ਕਿਸੇ ਦੂਜੇ 'ਰਬ' ਦੀ ਕੋਈ ਹੋਂਦ ਨਹੀਂ ਅਤੇ ਮੇਰੇ ਇਸ ਮਾਲਕ ਦਾਤਾਰ ਭਾਵ ਮੈਨੂੰ ਸਾਰੀਆਂ ਦਾਤਾਂ ਦੇਣ ਵਾਲੇ 'ਰਬ' ਦੀ ਪਛਾਣ ਕੁਦਰਤ ਵਿਚੋਂ ਹੁੰਦੀ ਹੈ। ਨਾਨਕ ਸਚੁ ਦਾਤਾਰੁ ਸਿਨਾਖਤ ਕੁਦਰਤੀ॥ (ਪੰਨਾ 141) ਮਨੁਖੀ ਆਤਮਿਕ ਗਿਆਨ ਦੇ ਖੇਤਰ ਵਿਚ ਆਇਆ ਇਹ ਨਵਾਂ ਇਨਕਲਾਬ ਹੈ। ਇਸ ਆਤਮਿਕ ਗਿਆਨ ਨੇ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਰਚਨਾ ਬਾਰੇ ਆਪਣੇ ਤੋਂ ਪਹਿਲੀਆਂ ਧਾਰਨਾਵਾਂ ਦਾ ਪੂਰਨ ਰੂਪ ਵਿਚ ਖੰਡਨ ਕਰ ਕੇ ਮਨੁਖਤਾ ਨੂੰ ਨਵੀਂ ਚੇਤਨਾ ਦਿਤੀ ਹੈ। ਗੁਰੂ ਨਾਨਕ ਜੀ ਤੋਂ ਪਹਿਲਾਂ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਰਚਨਾ ਬਾਰੇ ਮਨੂਵਾਦੀ ਸ਼ੰਕਰਾਚਾਰੀਆ ਦੀ ਇਹ ਮਾਨਤਾ ਭਾਰੂ ਸੀ ਕਿ ਅਦ੍ਰਿਸ਼ਟ 'ਬ੍ਰਹਮ' ਸਚ ਹੈ ਪਰ ਦ੍ਰਿਸ਼ਟਮਾਨ ਸੰਸਾਰ ਮਿਥਿਆ ਹੈ। ਆਪਣੀ ਸੀਮਤ ਉਮਰ ਭੋਗ ਕੇ ਜਦੋਂ ਬੰਦੇ ਦੀ ਮੌਤ ਅਟਲ ਹੈ ਤਾਂ ਫਿਰ ਇਹ ਦ੍ਰਿਸ਼ਟਮਾਨ ਸੰਸਾਰ ਮਾਇਆ ਭਾਵ ਛਲਾਵਾ ਹੈ। ਮਨੁਖੀ ਮਨ ਦੀ ਕੋਰੀ ਕਲਪਨਾ ਹੈ ਅਤੇ ਸ੍ਰਿਸ਼ਟੀ ਦੀ ਰਚਨਾ ਮਨੂ ਮਨ-ਕਲਪਿਤ ਬ੍ਰਹਮਾ ਨੇ ਕੀਤੀ ਹੈ ਜਿਸ ਨੇ ਮਨੁਖਤਾ ਨੂੰ ਚਾਰ ਵਰਣਾਂ ਵਿਚ ਵੰਡਿਆ ਹੈ। ਗੁਰੂ ਜੀ ਨੇ ਸ਼ੰਕਰਾਚਾਰੀਆ ਦੀ ਇਸ ਧਾਰਨਾ ਦਾ ਪੂਰਨ ਰੂਪ ਵਿਚ ਖੰਡਨ ਕੀਤਾ। ਗੁਰੂ ਸਾਹਿਬ ਨੇ ਬੁਲੰਦ ਐਲਾਨ ਕੀਤਾ ਕਿ ਇਹ ਦ੍ਰਿਸ਼ਟਗੋਚਰ ਹੁੰਦਾ 'ਸੰਸਾਰ' ਅਤੇ ਅੰਤਹੀਣ ਅਦ੍ਰਿਸ਼ਟ 'ਬ੍ਰਹਮ' ਭਾਵ ਇਹ ਅਸੀਮ ਬ੍ਰਹਿਮੰਡੀ ਵਿਸਥਾਰ ਇਕ ਹੈ। ਇਹ ਮਨੁਖੀ ਮਨ ਦੀ ਕੋਰੀ ਕਲਪਨਾ ਨਹੀਂ ਬਲਕਿ ਹਕੀਕਤ ਹੈ। ਕੁਦਰਤਿ ਕਰਨੈਹਾਰ ਅਪਾਰਾ॥ ਕੀਤੇ ਕਾ ਨਾਹੀ ਕਿਹੁ ਚਾਰਾ॥ ਜੀਅ ਉਪਾਇ ਰਿਜਕ ਦੇ ਆਪੇ ਸਿਰਿ ਸਿਰਿ ਹੁਕਮ ਚਲਾਇਆ॥ (ਪੰਨਾ 1042) ਯਥਾ ਇਹ ਅਸੀਮ ਕੁਦਰਤ ਹੀ ਕਰਨ ਕਰਾਵਣਹਾਰ ਹੈ। ਇਸ ਦਾ ਪਾਰਾਵਾਰ ਨਹੀਂ। ਤਥਾ ਇਸ ਬ੍ਰਹਿਮੰਡੀ ਕੁਦਰਤ ਦੇ ਉਰਵਾਰ-ਪਾਰ ਮਨੁਖੀ ਮਨ ਦੀ ਪਕੜ ਵਿਚ ਨਹੀਂ ਆ ਸਕਦੇ। ਕੁਦਰਤ ਦੇ ਕੀਤੇ ਦਾ ਕੋਈ ਚਾਰਾ ਨਹੀਂ। ਕੁਦਰਤ ਦੇ ਕੰਮਾਂ ਵਿਚ ਕੋਈ ਮਨੁਖ ਦਖਲ ਨਹੀਂ ਦੇ ਸਕਦਾ। ਕੁਦਰਤ ਆਪ ਹੀ ਜੀਆ ਜੰਤ ਪੈਦਾ ਕਰਦੀ ਹੈ ਅਤੇ ਆਪ ਹੀ ਸਾਰਿਆਂ ਨੂੰ ਰਿਜਕ ਦਿੰਦੀ ਹੈ। ਇਹ ਅਸੀਮ ਬ੍ਰਹਿਮੰਡੀ ਹੋਂਦ ਆਪਣੇ ਆਪ ਹੀ ਹੁਕਮ ਭਾਵ ਕੁਦਰਤੀ ਨੇਮਾਂ ਅਨੁਸਾਰ ਗਤੀਸ਼ੀਲ ਹੈ। ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਪੰਨਾ 695) ਨਿਕਟਿ ਜੀਅ ਕੈ ਸਦ ਹੀ ਸੰਗਾ ਕੁਦਰਤਿ ਵਰਤੈ ਰੂਪ ਅਰੁ ਰੰਗਾ॥ (ਪੰਨਾ 376) ਬ੍ਰਹਮੋ ਪਸਾਰਾ ਬ੍ਰਹਮ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ॥ (ਪੰਨਾ 792) ਯਥਾ ਜੋ ਬ੍ਰਹਮੰਡ ਵਿਚ ਹੈ, ਉਹੀ ਸਾਡੇ ਪਿੰਡੇ ਭਾਵ ਸਰੀਰ ਵਿਚ ਹੈ। ਸਾਡੇ ਚਾਰ-ਚੁਫੇਰੇ ਫੈਲਿਆ ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ। ਬ੍ਰਹਮ ਹੀ ਸਗਲ ਦ੍ਰਿਸ਼ਟੀ ਵਿਚ ਆਉਂਦਾ ਹੈ। ਇਸ ਬ੍ਰਹਮ ਤੋਂ ਬਿਨਾਂ ਕਿਸੇ ਬ੍ਰਹਮਾ ਬਿਸਨੁ ਮਹੇਸ ਦੀ ਹੋਰ ਕੋਈ ਹੋਂਦ ਨਹੀਂ। ਇਹੀ ਚੇਤਨਾ ਧਰਮਾਂ ਦੀ ਏਕਤਾ ਦਾ ਆਧਾਰ ਹੈ। ਹਿੰਦੂ-ਸਿੱਖ ਏਕਤਾ ਦਾ ਸੁਆਲ ਰਾਜਨਾਥ ਸਿੰਘ ਵਰਗੇ ਮਨੂਵਾਦੀ ਆਗੂਆਂ ਦਾ ਪੈਦਾ ਕੀਤਾ ਹੋਇਆ ਹੈ। ਧਰਮਾਂ ਦੇ ਵਖਰੇਵੇਂ ਮਨੂਵਾਦੀ ਵਰਤਾਰਾ ਹੈ। ਇਸ ਵਰਤਾਰੇ ਦਾ ਗੁਰਮਤਿ ਨੇ ਪੂਰਨ ਰੂਪ ਵਿਚ ਖੰਡਨ ਕੀਤਾ ਹੈ। ਗੁਰੂ ਜੀ ਨੇ ਹਿੰਦੂ ਮਤਿ ਅਤੇ ਇਸਲਾਮ ਵਿਚਲੀ 'ਰਬੀ ਹਸਤੀ' ਬਾਰੇ ਆਮ ਵਰਤੇ ਜਾਂਦੇ ਸਾਰੇ ਸ਼ਬਦਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾਣ ਵਾਲੇ ਦਾਤਾਰ ('ਏਕੋ') ਦੀ ਵਿਆਖਿਆ ਕੀਤੀ ਹੈ। ਇਹ ਏਕੋ ਹੀ ਅਲਹ ਖੁਦਾ ਮਉਲਾ ਪੈਗੰਬਰ ਅਤੇ ਕੁਰਾਨ ਕਤੇਬ ਵਿਚਲਾ ਪਵਿਤਰ ਰਬ ਹੈ। ਇਹ ਏਕੋ ਹੀ ਹਿੰਦੂ ਮਤਿ ਵਿਚਲਾ ਭਗਵੰਤ ਗੁਸਾਈਂ ਨਾਰਾਇਣ ਨਰਹਰਿ ਓਮ ਨਮੋ ਬਾਸੁਦੇਵ ਰਿਖੀਕੇਸ਼ ਗੋਪਾਲ ਗੋਬਿੰਦ ਮੁਕੰਦ ਕ੍ਰਿਸ਼ਨ ਜਗੰਨਾਥ ਮਾਧੋ ਜਗਜੀਵਨ ਹੈ। ਮਨੁਖੀ ਸਰੀਰ ਇਸ ਏਕੋ ਦੀ ਅਨਮੋਲ ਦੇਣ ਹੈ। ਗੁਰੂ ਨਾਨਕ ਜੀ ਦੇ ਆਤਮਿਕ ਗਿਆਨ ਦਾ ਦੂਜਾ ਅਹਿਮ ਪਖ ਇਹ ਹੈ ਕਿ ਮਨੁਖ ਦਾ ਆਪਣਾ ਮਨ ਹੀ ਸਿਰਮੌਰ ਹੈ। ਮਨੁਖ ਦਾ ਆਪਣਾ ਮਨ ਹੀ ਉਸ ਦੀ ਸ਼ਕਤੀ ਅਤੇ ਉਸ ਦੀ ਸੀਮਾ ਹੈ। ਜਿੰਨਾ ਕਿਸੇ ਮਨੁਖ ਦਾ ਆਪਣਾ ਮਨ ਵਿਕਸਿਤ ਹੋਵੇਗਾ, ਓਨਾ ਹੀ ਉਹ ਆਪਣੀ ਜਿੰਦਗੀ ਨੂੰ ਖੂਬਸੂਰਤ ਢੰਗ ਨਾਲ ਜੀਅ ਸਕੇਗਾ। ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ (ਪੰਨਾ 61) ਮਨ ਸਰੀਰ ਦਾ ਰਾਜਾ ਹੈ, ਸੁਲਤਾਨ ਹੈ। ਸਰੀਰ 'ਤੇ ਮਨੁਖੀ ਮਨ ਦਾ ਹੁਕਮ ਚਲਦਾ ਹੈ। ਮਨ ਜਿਵੇਂ ਚਾਹੁੰਦਾ ਹੈ, ਸਰੀਰ ਨੂੰ ਚਲਾਉਂਦਾ ਹੈ; ਜੇ ਆਪਣੇ ਮਨ ਨੂੰ ਜਿਤ ਲਿਆ ਜਾਏ ਤਾਂ ਸਾਰਾ ਜਗ ਜਿਤਣ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਮਨ ਸਾਧੇ ਸਿਧਿ ਹੋਇ। ਗਿਆਨ ਕਾ ਬਧਾ ਮਨ ਰਹੈ ਗੁਰ ਬਿਨੁ ਗਿਆਨੁ ਨ ਹੋਇ। (ਪੰਨਾ 469) ਗੁਰੂ ਨਾਨਕ ਜੀ ਦੇ ਆਤਮਿਕ ਗਿਆਨ ਦਾ ਤੀਜਾ ਪਖ ਸਤਿਗੁਰ ਹੈ। ਇਸ ਰਬੀ ਹਸਤੀ ਭਾਵ ਏਕੋ ਕਰਤਾ ਦਾ ਮਨੁਖੀ ਮਨ ਵਿਚ ਅਹਿਸਾਸ ਕਰਵਾਉਣ ਵਾਲਾ ਗੁਰੂ ਹੀ ਸਤਿਗੁਰ ਹੈ। ਜਿਹੜਾ ਬ੍ਰਹਿਮੰਡੀ ਨੇਮਾਂ (ਹੁਕਮੁ) ਤੇ ਇਨ੍ਹਾਂ ਨੇਮਾਂ ਅਨੁਸਾਰ ਬਣੇ ਸਮਾਜੀ ਨੇਮਾਂ ਦਾ ਗਿਆਨ ਦੇ ਰਿਹਾ ਹੈ। ਇਨ੍ਹਾਂ ਅਨੁਸਾਰ ਮਨ ਨੂੰ ਸਾਧਣ ਤੇ ਸਹਿਜ ਜ਼ਿੰਦਗੀ ਜਿਊਣ ਦੀ ਜੁਗਤ ਦੱਸ ਰਿਹਾ ਹੈ। ਮਨ ਨੂੰ ਜਿਤ ਕੇ ਹੀ ਜੱਗ ਜਿਤਣ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਕੁਦਰਤੀ ਅਤੇ ਸਮਾਜੀ ਯਥਾਰਥ ਨੂੰ ਸਮਝਣ ਵਿਚ ਵਡਾ ਅੜਿਕਾ ਮਨੁਖ ਦੀ ਭਰਮਾਊ ਸੋਚ ਹੈ ਜਿਹੜੀ ਪੀੜ੍ਹੀ ਦਰ ਪੀੜ੍ਹੀ ਦੁਹਰਾਉਣ ਨਾਲ ਸਦੀਵੀ ਸਚ ਹੋਣ ਦੇ ਭਰਮ ਕਾਰਨ ਮਨੁਖੀ ਆਤਮ ਦਾ ਅੰਗ ਬਣ ਗਈ ਹੈ। ਇਸ ਭ੍ਰਿਸ਼ਟ ਆਤਮ ਨੇ ਮਨੁਖੀ ਲੋੜਾਂ ਨੂੰ ਬੇਪਛਾਣ ਕਰ ਦਿਤਾ ਹੈ। ਸਾਮਰਾਜੀ ਕੂੜ ਪ੍ਰਚਾਰ ਵਲੋਂ ਇਨ੍ਹਾਂ ਬੇਪਛਾਣ ਲੋੜਾਂ ਨੂੰ ਇਛਾਵਾਂ ਦਾ ਰੂਪ ਦੇਣ ਅਤੇ ਇਨ੍ਹਾਂ ਇਛਾਵਾਂ ਨੂੰ ਮਨੁਖ ਦੀਆਂ ਬੁਨਿਆਦੀ ਲੋੜਾਂ ਵਜੋਂ ਪੇਸ਼ ਕਰਨ ਨਾਲ ਸਮੁਚਾ ਕੁਦਰਤੀ ਅਤੇ ਸਮਾਜੀ ਯਥਾਰਥ ਹੀ ਬੇਪਛਾਣ ਹੋ ਗਿਆ ਹੈ। ਇਸ ਬੇਪਛਾਣ ਯਥਾਰਥ ਨੇ ਮਨੁਖੀ, ਪਰਿਵਾਰਕ ਅਤੇ ਸਮਾਜੀ ਰਿਸ਼ਤਿਆਂ ਦਾ ਘਾਣ ਕਰ ਦਿਤਾ ਹੈ। ਸਾਮਰਾਜੀ ਦੌਰ ਦਾ ਮਨੁਖ ਨਿਰੋਲ ਖਿਆਲੀ ਕਲਪਨਾ ਵਿਚ ਜਿਊਣ ਦਾ ਆਦੀ ਹੋ ਗਿਆ ਹੈ। ਇਸ ਸਾਮਰਾਜੀ ਕਲਪਨਾ ਨੂੰ ਤਿਆਗਣ ਅਤੇ ਗੁਰਮਤਿ ਚੇਤਨਾ ਨੂੰ ਅਪਨਾਉਣ ਦੀ ਲੋੜ ਹੈ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਲੜੀਵਾਰ ਕਿਸ਼ਤ 47



3. ਰਾਜ ਪਰਬੰਧ ਚਲਾਉਣ ਵੇਲੇ ਲੋਕਾਂ ਦੇ ਧਰਮ, ਕੌਮੀ ਰਸਮੋ ਰਿਵਾਜ ਤੇ ਹਰ ਇਕ ਕੌਮ ਦੇ ਹਰ ਤਰ੍ਹਾਂ ਦੇ ਹੱਕਾਂ ਦਾ ਖ਼ਾਸ ਖ਼ਿਆਲ ਰਖਿਆ ਜਾਵੇਗਾ।
4. ਰਾਜ ਪਰਬੰਧ ਵਿਚ ਕੋਈ ਖ਼ਾਸ ਤਬਦੀਲੀ ਨਹੀਂ ਕੀਤੀ ਜਾਵੇਗੀ, ਬਿਨਾਂ ਉਸਦੇ, ਜੇ ਲੋੜ ਪਈ 'ਤੇ ਉੱਪਰ ਲਿਖੇ ਕਾਰਜ ਨੂੰ ਚਲਾਉਣ ਬਦਲੇ ਕੀਤਾ ਜਾਵੇ, ਜੋ ਪਰਬੰਧ ਲਾਹੌਰ ਦਰਬਾਰ ਦਾ ਮਾਮਲਾ ਕੱਠਾ ਕਰਨ ਬਦਲੇ ਕੀਤਾ ਜਾਊ। ਇਹਨਾਂ ਸਾਰੇ ਕੰਮਾਂ ਉੱਤੇ ਓਹੋ ਦੋਸ਼ੀ ਅਫ਼ਸਰ ਰਹਿਣਗੇ, ਜੋ

   ਹੁਣ ਕੰਮ ਕਰਦੇ ਹਨ, ਜਾਂ ਜਿਹੜੇ ਰਾਜ ਸਭਾ (ਰੀਜੈਂਸੀ ਕੌਂਸਲ) ਥਾਪੇਗੀ। ਇਸ ਕੌਂਸਲ ਦੇ ਮੈਂਬਰ ਵੱਡੇ ਵੱਡੇ ਸਰਦਾਰ ਹੋਣਗੇ, ਜੋ ਹਰ ਤਰ੍ਹਾਂ ਅੰਗਰੇਜ਼ੀ ਰੈਜ਼ੀਡੈਂਟ ਦੇ ਮਾਤਹਿਤ ਹੋਣਗੇ।
5. ਹੇਠ ਲਿਖੇ ਸਰਦਾਰ ਕੌਂਸਲ ਦੇ ਮੈਂਬਰ ਹੋਣਗੇ : ਸ: ਤੇਜ ਸਿੰਘ, ਰਾ ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ ਦੀਨ, ਸ: ਰਣਜੋਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ: ਅਤਰ ਸਿੰਘ ਕਾਲਿਆਂ ਵਾਲਾ ਤੇ ਸ: ਸ਼ਮਸ਼ੇਰ ਸਿੰਘ ਸੰਧਾਵਾਲੀਆ। ਗਵਰਨਰ-ਜੈਨਰਲ ਦੇ ਬਣਾਏ ਹੋਏ ਰੈਜ਼ੀਡੈਂਟ ਦੀ ਮਰਜ਼ੀ ਤੋਂ ਬਿਨਾਂ ਉਹਨਾਂ ਥਾਪੇ ਹੋਏ (ਨਾਮਜ਼ਦ) ਮੈਂਬਰਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ।
6. ਅੰਗਰੇਜ਼ੀ ਰੈਜ਼ੀਡੈਂਟ ਦੀ ਸਲਾਹ ਤੇ ਮਰਜ਼ੀ ਅਨੁਸਾਰ ਇਹ ਕੌਂਸਲ ਮੁਲਕ ਦਾ ਰਾਜ-ਪਰਬੰਧ ਕਰੇਗੀ ਤੇ ਅੰਗਰੇਜ਼ੀ ਰੈਜ਼ੀਡੈਂਟ ਨੂੰ ਹਰ ਮਹਿਕਮੇ ਵਿਚ ਹਰ ਤਰ੍ਹਾਂ ਦੇ ਪੂਰੇ ਅਖ਼ਤਿਆਰ ਹੋਣਗੇ।
7. ਇਕ ਅੰਗਰੇਜ਼ੀ ਫ਼ੌਜ-ਜਿੰਨੀ ਗਿਣਤੀ ਵਿਚ ਤੇ ਜਿਸ ਹਾਲ ਵਿਚ ਗਵਰਨਰ-ਜਨਰਲ ਠੀਕ ਸਮਝੇ-ਲਾਹੌਰ ਰਹੇਗੀ, ਜੋ ਮਹਾਰਾਜੇ ਤੇ ਉਸਦੇ ਮੁਲਕ ਦੀ ਰੱਖਿਆ ਕਰੇਗੀ।
8. ਗਵਰਨਰ-ਜੈਨਰਲ ਨੂੰ ਪੂਰਾ ਅਖ਼ਤਿਆਰ ਹੋਵੇਗਾ, ਕਿ ਲਾਹੌਰ ਰਾਜ ਦੇ ਜਿਸ ਕਿਲ੍ਹੇ 'ਚ ਚਾਹਵੇ, ਕਬਜ਼ਾ ਕਰ ਲਵੇ, ਜਿਸ ਉੱਤੇ ਕਬਜ਼ਾ ਕਰਨਾ ਅੰਗਰੇਜ਼ੀ ਸਰਕਾਰ ਲਾਹੌਰ ਸ਼ਹਿਰ ਤੇ ਏਸ ਮੁਲਕ ਵਿਚ ਅਮਨ ਕਾਇਮ ਰਖਣ ਬਦਲੇ ਜ਼ਰੂਰੀ ਸਮਝੇ।
9. ਲਾਹੌਰ ਦਰਬਾਰ ਅੰਗਰੇਜ਼ੀ ਸਰਕਾਰ ਨੂੰ 22 ਲੱਖ ਰੁਪੈ-ਨਾਨਕ ਸ਼ਾਹੀ-ਸਾਲਾਨਾ ਦੇਵੇਗਾ, ਤਾਂ ਜੋ ਅੰਗਰੇਜ਼ੀ ਫ਼ੌਜ ਆਦਿ ਦਾ ਖ਼ਰਚ ਪੂਰਾ ਹੋ ਸਕੇ। ਇਹ ਰਕਮ ਸਾਲ ਵਿਚ ਦੋ ਵਾਰ ਕਰਕੇ 13 ਲੱਖ 20 ਹਜ਼ਾਰ ਮਈ ਜਾਂ ਜੂਨ ਵਿਚ ਤੇ 8 ਲੱਖ 80 ਹਜ਼ਾਰ ਨਵੰਬਰ ਜਾਂ ਦਸੰਬਰ ਵਿਚ ਦੇਣੀ ਪਵੇਗੀ।
10. ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਨੂੰ ਉਸਦੇ ਤੇ ਉਹਦੇ ਨੌਕਰਾਂ ਦੇ ਗੁਜ਼ਾਰੇ ਵਾਸਤੇ ਡੇਢ ਲੱਖ ਰੁਪਇਆ ਸਾਲਾਨਾ ਦਿੱਤਾ ਜਾਇਆ ਕਰੇਗਾ। ਇਸ ਰੁਪੈ ਨੂੰ ਖ਼ਰਚਣ ਦਾ ਮਹਾਰਾਣੀ ਨੂੰ ਪੂਰਾ ਅਖ਼ਤਿਆਰ ਹੋਵੇਗਾ।
11. ਇਸ ਅਹਿਦਨਾਮੇ ਦੀਆਂ ਸ਼ਰਤਾਂ ਮਹਾਰਾਜੇ ਦੀ ਬਾਲ ਅਵਸਥਾ (ਨਾਬਾਲਗ਼ੀ) ਵਿਚ ਹੀ ਲਾਗੂ ਹੋਣਗੀਆਂ। 4 ਸਤੰਬਰ, 1854 ਈ। ਨੂੰ ਜਦ ਮਹਾਰਾਜਾ 16 ਸਾਲ ਦਾ ਹੋ ਜਾਵੇਗਾ, ਇਹ ਅਹਿਦਨਾਮਾ ਮੁਕ ਜਾਵੇਗਾਫ਼ ਮਗਰ ਗਵਰਨਰ-ਜੈਨਰਲ ਨੂੰ ਮਹਾਰਾਜੇ ਦੇ ਜੁਆਨ (16 ਸਾਲ ਦਾ) ਹੋਣ ਤੋਂ ਪਹਿਲਾਂ ਵੀ ਅਹਿਦਨਾਮਾ ਖ਼ਤਮ ਕਰ ਦੇਣ ਦੀ ਆਗਿਆ ਹੋਵੇਗੀ, ਪਰ ਅਜਿਹਾ ਓਦੋਂ ਹੀ ਕੀਤਾ ਜਾਵੇਗਾ, ਜਦੋਂ ਲਾਹੌਰ ਦਰਬਾਰ ਤੇ ਗਵਰਨਰ-ਜੈਨਰਲ ਨੂੰ ਪੂਰੀ ਤਸੱਲੀ ਹੋ ਜਾਵੇਗੀ, ਕਿ ਹੁਣ ਅੰਗਰੇਜ਼ੀ ਸਰਕਾਰ ਦੇ ਦਖ਼ਲ ਤੋਂ ਬਿਨਾਂ ਮਹਾਰਾਜਾ ਦਲੀਪ ਸਿੰਘ ਦਾ ਰਾਜ ਪਰਬੰਧ ਚਲ ਸਕਦਾ ਹੈ।

ਇਹ ਅਹਿਦਨਾਮਾ-ਜਿਸ ਵਿਚ 11 ਸ਼ਰਤਾਂ ਹਨ-16 ਦਸੰਬਰ, 1846 ਈ, ਨੂੰ ਲਾਹੌਰ ਵਿਚ, ਸਰਦਾਰਾਂ, ਅਮੀਰਾਂ ਤੇ ਅਫ਼ਸਰਾਂ-ਜਿਨ੍ਹਾਂ ਦੇ ਨਾਮ ਉਪਰ ਲਿਖੇ ਹਨ-ਨੇ ਲਿਖਿਆ ਤੇ ਪਰਵਾਨ ਕੀਤਾ।"

### ਭਰੋਵਾਲ ਦੀ ਸੁਲ੍ਹਾ ਪਿੱਛੋਂ

ਏਸ ਸੁਲ੍ਹਾ ਦੀਆਂ ਸ਼ਰਤਾਂ ਅਨੁਸਾਰ ਮਹਾਰਾਣੀ ਜਿੰਦ ਕੌਰ ਨੂੰ ਡੇਢ ਲੱਖ ਸਾਲਾਨਾ ਪੈਨਸ਼ਨ ਦੇ ਕੇ ਰਾਜ ਦੇ ਕੰਮਾਂ ਤੋਂ ਵੱਖ ਕਰ ਦਿੱਤਾ ਗਿਆ ਤੇ ਰਾਜ-ਪਰਬੰਧ ਨਵੀਂ ਕੌਂਸਲ (ਜੋ ਅੰਗਰੇਜ਼ੀ ਰੈਜ਼ੀਡੈਂਟ ਦੇ ਪੂਰੀ ਤਰ੍ਹਾਂ ਅਧੀਨ ਸੀ) ਦੇ ਹੱਥ ਵਿਚ ਦਿੱਤਾ ਗਿਆ। ਪੰਜਾਬ ਦਾ ਪਹਿਲਾ ਰੈਜ਼ੀਡੈਂਟ ਹੈਨਰੀ ਲਾਰੰਸ ਬਣਿਆਂ ਤੇ ਕੌਂਸਲ ਦੇ ਮੈਂਬਰ ਸਰਦਾਰ ਤੇਜ ਸਿੰਘ, ਰਾ : ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰੁੱਦੀਨ, ਸ. ਰਣਜੋਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ. ਅਤਰ ਸਿੰਘ ਕਾਲਿਆਂ ਵਾਲਾ ਤੇ ਸ. ਸ਼ਮਸ਼ੇਰ ਸਿੰਘ ਸੰਧਾਵਾਲੀਆ ਥਾਪੇ ਗਏ।

### ਹੈਨਰੀ ਲਾਰੰਸ

ਜਿਸ ਆਸ਼ੇ ਨੂੰ ਮੁੱਖ ਰੱਖ ਕੇ ਇਹ ਸੁਲ੍ਹਾ ਹੋਈ ਸੀ, ਉਸ ਨੂੰ ਪੂਰਾ ਕਰਨ ਬਦਲੇ ਅੰਗਰੇਜ਼ ਕਰਮਚਾਰੀਆਂ ਨੇ ਉੱਦਮ ਸ਼ੁਰੂ ਕਰ ਦਿੱਤਾ। ਹੈਨਰੀ ਲਾਰੰਸ ਨੂੰ ਮਹਾਰਾਣੀ ਦੇ ਹਰ ਕੰਮ ਉੱਤੇ ਸ਼ੱਕ ਹੋਣ ਲੱਗਾ। ਇਹ ਉਸਦਾ ਦਿਲੀ ਵਹਿਮ ਸੀ, ਜਾਂ ਗਿਣੀ ਮਿਥੀ ਗੇਂਦ? ਇਹ ਇਤਿਹਾਸ

ਪੜ੍ਹਨ ਵਾਲੇ ਜਾਣਦੇ ਹਨ। ਉਹਨੇ ਮਹਾਰਾਣੀ ਨੂੰ ਬੜੀ ਹਾਕਮਾਨਾ ਬੋਲੀ ਵਿਚ ਚਿੱਠੀ ਲਿਖੀ ਤੇ ਉਹਦੇ ਨਿੱਤ ਵਿਹਾਰ 'ਤੇ ਕਰੜੀ ਨੁਕਤਾਚੀਨੀ ਕੀਤੀ, ਜਿਸਦਾ ਉਤਰ ਮਹਾਰਾਣੀ ਨੇ ਬੜੀ ਯੋਗਤਾ ਨਾਲ ਦਿੱਤਾ, ਜਿਸਨੂੰ ਪੜ੍ਹ ਕੇ ਅੰਗਰੇਜ਼ ਕਰਮਚਾਰੀ ਬੜੇ ਨਾਰਾਜ਼ ਹੋਏ ਤੇ ਦੂਰੇਡੀਆਂ ਮਿਥੀਆਂ ਹੋਈਆਂ

-ਚਲਦਾ

---

# ਦਾਨ ਦੇਣ ਦੀ ਸੂਖ਼ਮ ਕਲਾ



ਪ੍ਰੋ. ਬਸੰਤ ਸਿੰਘ ਬਰਾੜ, ਮੋਬਾਈਲ : 98149-41214

ਭੀਖ ਦੇਣਾ ਪੂਰਬੀ ਸੱਭਿਆਚਾਰ ਵਾਲੇ ਦੇਸ਼ਾਂ ਵਿਚ ਹਰ ਥਾਂ ਪ੍ਰਚੱਲਿਤ ਹੈ। ਪੱਛਮੀ ਦੇਸ਼ਾਂ ਵਿਚ ਵੀ ਕਿਤੇ-ਕਿਤੇ ਕੋਈ ਮੰਗਤਾ ਮਿਲ ਜਾਂਦਾ ਹੈ, ਪਰ ਭਾਰਤ ਵਰਗੇ ਦੇਸ਼ਾਂ ਵਿਚ ਤਾਂ ਇਹ ਕਿੱਤਾ ਬਣਿਆ ਹੋਇਆ ਹੈ। ਜਾਰਜ ਬਰਨਾਰਡ ਸ਼ਾਅ, ਮਹਾਤਮਾ ਗਾਂਧੀ ਅਤੇ ਕਿੰਨੇ ਹੀ ਹੋਰ ਗ਼ਰੀਬਾਂ ਦੇ ਹਮਦਰਦ ਮਨੁੱਖ ਕਦੇ ਵੀ ਭੀਖ ਨਹੀਂ ਦਿੰਦੇ ਸਨ। ਉਹ ਇਸ ਨੂੰ ਗ਼ਰੀਬਾਂ ਦਾ ਭਲਾ ਕਰਨ ਦੀ ਬਜਾਏ ਨੁਕਸਾਨਦੇਹ ਸਮਝਦੇ ਸਨ। ਇਸ ਕਾਰਨ ਚੰਗੀ ਸਿਹਤ ਵਾਲੇ ਮਨੁੱਖ ਵੀ ਮਿਹਨਤ ਕਰਨ ਦੀ ਬਜਾਏ ਭੀਖ ਮੰਗਣ ਨੂੰ ਅਧਿਕ ਲਾਹੇਵੰਦਾ ਸਮਝਦੇ ਹਨ। ਇਸ ਨਾਲ ਭਿਖਾਰੀ ਜ਼ਲੀਲ ਹੁੰਦੇ ਹਨ, ਵਿਹਲੜ ਬਣ ਜਾਂਦੇ ਹਨ ਅਤੇ ਬੱਚੇ ਚੋਰੀ ਕਰ ਕੇ ਉਨ੍ਹਾਂ ਨੂੰ ਅਪੰਗ ਬਣਾ ਕੇ ਭਿਖਾਰੀ ਬਣਾਉਣ ਵਰਗੇ ਘਿਨਾਉਣੇ ਅਪਰਾਧ ਵੀ ਕਰਦੇ ਹਨ। ਟ੍ਰੈਫ਼ਿਕ ਲਾਈਟਾਂ 'ਤੇ ਭੀਖ ਮੰਗਣ ਵਾਲੇ ਬੱਚੇ ਕਈ ਵਾਰ ਕਾਰਾਂ 'ਚੋਂ ਮੋਬਾਈਲ ਫੋਨ, ਪਰਸ ਆਦਿ ਚੁੱਕ ਕੇ ਭੱਜ ਜਾਂਦੇ ਹਨ। ਕਈ ਵਾਰ ਭੀਖ ਮੰਗਣ ਦੇ ਬਹਾਨੇ ਔਰਤਾਂ ਬੂਹੇ, ਖਿੜਕੀਆਂ ਵੇਖ ਕੇ ਚੋਰਾਂ ਨੂੰ ਸੂਹ ਦੇ ਦਿੰਦੀਆਂ ਹਨ। ਭੀਖ ਦੇਣਾ ਸਰਾਸਰ ਗਲਤ ਜਾਪਦਾ ਹੈ।

ਹੁਣ ਆਰਥਿਕ ਮਸਲਿਆਂ ਵਿਚ ਸਾਈਬਰ ਕ੍ਰਾਈਮ ਤੋਂ ਬਚਣ ਦੀ ਬਹੁਤ ਲੋੜ ਪੈਦਾ ਹੋ ਗਈ ਹੈ। ਘੱਟ ਜਾਣਕਾਰ ਲੋਕਾਂ ਨੂੰ ਇੰਟਰਨੈੱਟ ਬੈਂਕਿੰਗ ਤੋਂ ਦੂਰ ਰਹਿਣ ਦੀ ਲੋੜ ਹੈ। ਨਵੇਂ ਯੁੱਗ ਦੇ ਇਹ ਭਿਖਾਰੀ ਕੁਝ ਪੈਸੇ ਮੰਗਦੇ ਹਨ ਜਾਂ ਦੇਣ ਦੀ ਪੇਸ਼ਕਸ਼ ਕਰਦੇ ਹਨ ਅਤੇ ਸੈਕਿੰਟਾਂ ਵਿਚ ਸਾਰੇ ਖਾਤੇ ਨੂੰ ਹੂੰਝਾ ਫੇਰ ਦਿੰਦੇ ਹਨ। ਵੱਡੀ ਉਮਰ ਵਾਲਿਆਂ ਅਤੇ ਘੱਟ ਪੜ੍ਹੇ -ਲਿਖੇ ਲੋਕਾਂ ਨੂੰ ਡਿਜੀਟਲ ਖੇਤਰ ਵਿਚ ਫੂਕ-ਫੂਕ ਕੇ ਕਦਮ ਰੱਖਣੇ ਚਾਹੀਦੇ ਹਨ।

ਘਰਾਂ ਵਿਚ ਪਈਆਂ ਵਾਧੂ ਚੀਜ਼ਾਂ ਲੋੜਵੰਦਾਂ ਨੂੰ ਜ਼ਰੂਰ ਦੇ ਦੇਣੀਆਂ ਚਾਹੀਦੀਆਂ ਹਨ। ਇਕ ਨਿੱਜੀ ਅਨੁਭਵ ਸਾਂਝਾ ਕਰਨਾ ਚਾਹਾਂਗਾ। ਪਿਛਲੇ ਦਿਨੀਂ ਸਾਰਾ ਪਰਿਵਾਰ ਕਿਤੇ ਗਿਆ ਹੋਇਆ ਸੀ। ਮੈਨੂੰ ਅਚਾਨਕ ਇਕ ਪੁਰਾਣੀ ਚੀਜ਼ ਦੀ ਲੋੜ ਪੈ ਗਈ। ਸਾਰੇ ਬੈੱਡਾਂ ਦੇ ਬਕਸੇ ਫਰੋਲੇ। ਅਲਮਾਰੀਆਂ, ਪੜਛੱਤੇ ਅਤੇ ਸਟੋਰ ਛਾਣ ਮਾਰੇ, ਪਰ ਲੋੜੀਂਦੀ ਚੀਜ਼ ਨਹੀਂ ਮਿਲੀ। ਸਭ ਥਾਵਾਂ 'ਸੰਭਾਲ ਕੇ' ਰੱਖੇ ਹੋਏ ਨਿੱਕ-ਸੁੱਕ ਨਾਲ ਭਰੀਆਂ ਪਈਆਂ ਸਨ। ਬੱਚਿਆਂ ਦੇ ਪੁਰਾਣੇ ਕੱਪੜੇ ਅਤੇ ਬੂਟ, ਅਧਟੁੱਟੇ ਖਿਡੌਣੇ, ਸਾਲਾਂ ਪੁਰਾਣੇ ਹੱਥੀਂ ਬੁਣੇ ਰੰਗ-ਫਿੱਟੇ ਸਵੈਟਰ, ਬੇਕਾਰ ਕੋਟ, ਪੈਂਟਾਂ, ਲੇਡੀਜ਼ ਸੂਟ ਅਤੇ ਪਤਾ ਨਹੀਂ ਹੋਰ ਕੀ-ਕੀ। ਸਾਰੇ ਪਰਿਵਾਰ ਦੇ ਜੀਵਨ ਦਾ ਇਤਿਹਾਸ ਸੰਭਾਲਿਆ ਪਿਆ ਸੀ। ਪੂਰਾ ਕਬਾੜਖ਼ਾਨਾ ਲਗਦਾ ਸੀ। ਹਰ ਵਿਅਕਤੀ ਨੂੰ ਦੀਵਾਲੀ ਵੇਲੇ ਸਫ਼ਾਈ ਕਰਨ ਸਮੇਂ ਅਤੇ ਮਕਾਨ ਬਦਲਣ ਵੇਲੇ ਅਜਿਹਾ ਅਨੁਭਵ ਜ਼ਰੂਰ ਹੋਇਆ ਹੋਵੇਗਾ।

ਘਰ ਵਿਚ ਪਈਆਂ ਵਾਧੂ ਚੀਜ਼ਾਂ ਪੁੰਨ-ਦਾਨ ਕਰਨ ਵੇਲੇ ਵੀ ਧਿਆਨ ਰੱਖਣਾ ਪੈਂਦਾ ਹੈ। ਵਾਧੂ ਕੱਪੜੇ ਆਮ ਤੌਰ 'ਤੇ ਘਰ ਦੇ ਨੌਕਰਾਂ-ਨੌਕਰਾਣੀਆਂ ਨੂੰ ਦੇ ਦਿੱਤੇ ਜਾਂਦੇ ਹਨ। ਘਰ ਦੀ ਮਾਲਕਣ ਆਪਣੀ ਨੌਕਰਾਣੀ ਨੂੰ ਖ਼ੁਸ਼ ਰੱਖਣ ਵਾਸਤੇ ਪੁਰਾਣੇ ਸੂਟ ਅਤੇ ਸਾੜ੍ਹੀਆਂ ਬਖ਼ਸ਼ਦੀ ਹੀ ਰਹਿੰਦੀ ਹੈ। ਪਿੱਛੋਂ ਵੇਖ ਕੇ ਮਾਲਕ ਨੂੰ ਪਤਾ ਹੀ ਨਹੀਂ ਲਗਦਾ ਕਿ ਸ੍ਰੀਮਤੀ ਜੀ ਬੈਠੇ ਹਨ ਕਿ ਨੌਕਰਾਣੀ। ਕਈ ਵਾਰ ਭਿਆਨਕ ਨਤੀਜੇ ਨਿਕਲ ਆਉਂਦੇ ਹਨ। ਵੱਡੇ ਸ਼ਹਿਰਾਂ ਦੇ ਘੱਟ ਜਾਣ-ਪਛਾਣ ਵਾਲੇ ਕਈ ਵਿਆਹਾਂ ਵੇਲੇ ਮਾਲਕਣ ਦੇ ਦਿੱਤੇ ਕੱਪੜਿਆਂ 'ਚ ਨੌਕਰਾਣੀ ਏਨੀ ਟੌਹਰ ਕੱਢੀ ਫਿਰਦੀ ਹੁੰਦੀ ਹੈ ਕਿ ਕਈ ਮਹਿਮਾਨ ਭੁਲੇਖੇ ਵਿਚ ਉਸ ਨੂੰ ਸ਼ਗਨ ਫੜਾ ਕੇ ਚਲੇ ਜਾਂਦੇ ਹਨ ਅਤੇ ਫਿਰ ਉਲਾਂਭੇ ਸਹਿਣੇ ਪੈਂਦੇ ਹਨ। ਖ਼ੁਸ਼ਵੰਤ ਸਿੰਘ ਨੇ ਵੀ ਇਕ ਵਾਰ ਇਕ ਅਜਿਹੇ ਕਿੱਸੇ ਬਾਰੇ ਲਿਖਿਆ ਸੀ। ਨੌਕਰਾਂ ਨੂੰ ਦਾਨ ਕੀਤੀਆਂ ਚੀਜ਼ਾਂ ਘਰ ਵਿਚ ਫਿਰ ਵਿਖਾਈ ਨਾ ਹੀ ਦੇਣ ਤਾਂ ਠੀਕ ਰਹਿੰਦਾ ਹੈ।

ਕਹਿੰਦੇ ਹਨ ਕਿ ਪੱਛਮ ਦੇ ਅਮੀਰ ਦੇਸ਼ਾਂ ਵਿਚ ਕਈ ਘਰਾਂ ਦੇ ਬਾਹਰ ਬਕਸੇ ਰੱਖ ਕੇ ਉਨ੍ਹਾਂ ਵਿਚ ਫ਼ਾਲਤੂ ਸਮਾਨ ਰੱਖ ਕੇ ਲਿਖ ਦਿੰਦੇ ਹਨ : "ਕੋਈ ਚੱਕੋ"। ਲੋੜਵੰਦ ਵਿਅਕਤੀ ਚੀਜ਼ਾਂ ਲੈ ਜਾਂਦੇ ਹਨ। ਕੋਈ ਅਹਿਸਾਨ ਵੀ ਨਹੀਂ ਕੀਤਾ ਜਾਂਦਾ ਅਤੇ ਘੰਟੀ ਵੱਜਣ ਤੋਂ ਵੀ ਬਚ ਜਾਂਦੇ ਹਨ। ਆਓ ਵੇਖੀਏ ਕਿ ਆਪਾਂ ਅਜਿਹਾ ਕਰ ਕੇ ਕੀ-ਕੀ ਦਾਨ ਕਰ ਸਕਦੇ ਹਾਂ। ਸਭ ਤੋਂ ਪਹਿਲਾਂ ਬੱਚਿਆਂ ਦੇ ਕੱਪੜਿਆਂ, ਬੂਟ ਜੁਰਾਬਾਂ ਦੀ ਗੱਲ ਕਰਦੇ ਹਾਂ। ਭਾਵੇਂ ਕੋਈ ਅਮੀਰ ਹੋਵੇ ਜਾਂ ਗ਼ਰੀਬ, ਬੱਚੇ ਸਭ ਨੂੰ ਪਿਆਰੇ ਹੁੰਦੇ ਹਨ ਅਤੇ ਵਿੱਤ ਅਨੁਸਾਰ ਉਨ੍ਹਾਂ ਲਈ ਉਹ ਨਵੇਂ ਤੋਂ ਨਵੇਂ ਕੱਪੜੇ ਆਦਿ ਖ਼ਰੀਦਦੇ ਰਹਿੰਦੇ ਹਨ। ਜਨਮ ਦਿਨ 'ਤੇ ਵੀ ਕੱਪੜੇ, ਖਿਡੌਣੇ ਆਦਿ ਇਕੱਠੇ ਹੁੰਦੇ ਰਹਿੰਦੇ ਹਨ। ਬੱਚੇ ਪਹਿਲੇ ਦਿਨੋਂ ਹੀ ਸ਼ਰਾਰਤੀ ਹੁੰਦੇ ਹਨ ਅਤੇ ਮਾਪਿਆਂ ਦਾ ਖ਼ਰਚ ਕਰਵਾਉਣ ਲਈ ਵੇਖਦੇ ਹੀ ਵੇਖਦੇ ਕੱਪੜਿਆਂ ਨਾਲੋਂ ਲੰਬੇ ਹੋ ਜਾਂਦੇ ਹਨ। ਸਕੂਲ ਦੀ ਵਰਦੀ ਅਗਲੇ ਸਾਲ ਨਵੀਂ ਲੈਣੀ ਹੀ ਪੈਂਦੀ ਹੈ। ਕੁਝ ਸਿਆਣੇ ਲੋਕ ਥੋੜ੍ਹੇ ਵੱਡੇ ਕੱਪੜੇ ਖ਼ਰੀਦਦੇ ਹਨ ਪਰ ਉਹ ਵੀ ਬਹੁਤੀ ਦੇਰ ਮੇਚ ਨਹੀਂ ਆਉਂਦੇ। ਅੱਜਕਲ੍ਹ ਹਰ ਪਰਿਵਾਰ ਵਿਚ ਇਕ-ਦੋ ਬੱਚੇ ਹੋਣ ਕਰਕੇ ਇਹ ਅਗਲੇ ਬੱਚੇ ਲਈ ਵੀ ਨਹੀਂ ਰੱਖੇ ਜਾ ਸਕਦੇ ਅਤੇ ਫਿਰ ਕਿਹੜੀ ਮਾਂ ਹੈ ਜਿਹੜੀ ਆਪਣੇ ਨਵੇਂ ਜੰਮੇ ਚੰਨ ਨੂੰ ਪੁਰਾਣੇ ਕੱਪੜੇ ਪਾਵੇਗੀ? ਨਤੀਜੇ ਵਜੋਂ ਬੱਚਿਆਂ ਦੇ ਕੱਪੜਿਆਂ ਆਦਿ ਦੇ ਢੇਰ ਹਰ ਅਲਮਾਰੀ ਅਤੇ ਬਕਸੇ 'ਚ ਲੱਗੇ ਰਹਿੰਦੇ ਹਨ ਜੋ "ਕੋਈ ਚੱਕੋ" ਵਾਲੇ ਬਕਸੇ 'ਚ ਜਾ ਸਕਦੇ ਹਨ।


ਵਾਧੂ ਸਾਮਾਨ ਕਿਸ ਨੂੰ ਅਤੇ ਕਿਵੇਂ ਦਿੱਤਾ ਜਾਵੇ? ਘਟੀਆ ਸਟੀਲ ਦੇ ਭਾਂਡਿਆਂ ਬਦਲੇ ਕੱਪੜੇ ਦੇਣਾ ਬਹੁਤ ਛੋਟਾਪਣ ਅਤੇ ਫ਼ਜ਼ੂਲ ਦਾ ਲਾਲਚ ਹੈ। ਉਹ ਭਾਂਡੇ ਰਸੋਈ ਵਿਚ ਘੱਟ ਹੀ ਕੰਮ ਆਉਂਦੇ ਹਨ ਅਤੇ ਸਿਰਫ਼ ਸ਼ੈੱਲਫ਼ਾਂ ਦਾ ਸ਼ਿੰਗਾਰ ਬਣੇ ਰਹਿੰਦੇ ਹਨ। ਜੇਕਰ ਕੱਪੜੇ ਆਦਿ ਭਤੀਜੇ-ਭਤੀਜੀਆਂ ਨੂੰ ਦੇਈਏ ਤਾਂ ਉਹ ਬੁਰਾ ਮਨਾ ਸਕਦੇ ਹਨ। ਹਾਂ, ਕਈ ਸੁਲਝੇ ਹੋਏ ਰਿਸ਼ਤੇਦਾਰ ਆਪ ਹੀ ਮੰਗ ਲੈਂਦੇ ਹਨ ਜਾਂ ਆਪਸ ਵਿਚ ਵਟਾ ਲੈਂਦੇ ਹਨ। ਮਹਿੰਗਾਈ ਦੇ ਇਸ ਦੌਰ ਵਿਚ ਇਹ ਬਹੁਤ ਸਿਆਣੀ ਗੱਲ ਹੈ। ਜੇ ਮੰਗਤਿਆਂ ਨੂੰ ਦਾਨ ਕਰਨਾ ਹੋਵੇ ਤਾਂ ਇਹ ਆਪਣੇ ਬੂਹੇ 'ਤੇ ਕਦੇ ਨਹੀਂ ਕਰਨਾ ਚਾਹੀਦਾ। ਇਹ ਬਲਾਅ ਗ਼ਲ ਪਾਉਣ ਵਾਲੀ ਗੱਲ ਹੈ। ਮੰਗਤਿਆਂ ਦੀ ਆਪਣੀ ਸੂਚਨਾ ਪ੍ਰਣਾਲੀ ਹੁੰਦੀ ਹੈ। ਇਸ ਲਈ ਤੁਹਾਡੀ ਘੰਟੀ ਹਰ ਸਮੇਂ ਵੱਜਦੀ ਰਹੇਗੀ। ਬੱਸ ਸਟੈਂਡ, ਰੇਲਵੇ ਸਟੇਸ਼ਨ ਆਦਿ 'ਤੇ ਬਹੁਤ ਗ਼ਰੀਬ ਲੋਕ ਸਿਆਲ਼ ਦੀਆਂ ਰਾਤਾਂ ਕੱਟਦੇ ਹਨ। ਉਨ੍ਹਾਂ ਦੇ ਬੱਚੇ ਠੁਰ-ਠੁਰ ਕਰਦੇ ਰਹਿੰਦੇ ਹਨ। ਮੂੰਹ ਹਨੇਰੇ ਜਾ ਕੇ ਵਾਧੂ ਕੱਪੜੇ ਉੱਥੇ ਵੱਖ-ਵੱਖ ਥਾਵਾਂ 'ਤੇ ਰੱਖੇ ਜਾ ਸਕਦੇ ਹਨ। ਹੱਥੀਂ ਵੰਡਣ ਦੀ ਗ਼ਲਤੀ ਨਹੀਂ ਕਰਨੀ ਚਾਹੀਦੀ। ਨਹੀਂ ਤਾਂ ਖਿੱਚੋਤਾਣ ਵਿਚ ਤੁਹਾਡੇ ਆਪਣੇ ਕੱਪੜੇ ਲੀਰ-ਲੀਰ ਹੋ ਸਕਦੇ ਹਨ। ਇਕ ਵਾਰ ਇਕ ਡਿਪਟੀ ਕਮਿਸ਼ਨਰ ਸਾਹਿਬ ਇਕੱਲੇ ਹੀ ਸਟੇਸ਼ਨ 'ਤੇ ਕੰਬਲ ਵੰਡਣ ਚਲੇ ਗਏ। ਉਹ ਬੁਰੀ ਤਰ੍ਹਾਂ ਘਿਰ ਗਏ ਅਤੇ ਕੰਬਲ ਸੁੱਟ ਕੇ ਕਾਰ ਭਜਾ ਲਿਆਏ।

ਕਿੰਨੀਆਂ ਹੀ ਹੋਰ ਵਾਧੂ ਚੀਜ਼ਾਂ ਹੁੰਦੀਆਂ ਹਨ ਜੋ ਦਾਨ ਕੀਤੀਆਂ ਜਾ ਸਕਦੀਆਂ ਹਨ। ਹਰ ਘਰ ਵਿਚ ਪੁਰਾਣੀਆਂ ਐਨਕਾਂ ਦੇ ਕਿੰਨੇ ਹੀ ਫ਼ਰੇਮ ਵਾਧੂ ਪਏ ਹੁੰਦੇ ਹਨ। ਨਜ਼ਰ ਦਾ ਨੰਬਰ ਬਦਲਦਾ ਰਹਿੰਦਾ ਹੈ ਅਤੇ ਨੌਜਵਾਨ ਹਰ ਵਾਰ ਨਵਾਂ ਫ਼ਰੇਮ ਹੀ ਪਵਾਉਂਦੇ ਹਨ। ਜਦ ਕਦੇ ਅੱਖਾਂ ਮੁਫ਼ਤ ਚੈੱਕ-ਅੱਪ ਕਰਨ ਦਾ ਕੈਂਪ ਲੱਗੇ ਤਾਂ ਪੁਰਾਣੇ ਫ਼ਰੇਮ ਉੱਥੇ ਦਾਨ ਕੀਤੇ ਜਾ ਸਕਦੇ ਹਨ। ਜਿਹੜੇ ਗ਼ਰੀਬ ਲੋਕ ਕਮਾਣੀਆਂ ਦੀ ਥਾਂ ਮੋਟੇ ਧਾਗੇ ਬੰਨ੍ਹ ਕੇ ਕੰਮ ਚਲਾਉਂਦੇ ਹਨ, ਉਨ੍ਹਾਂ ਲਈ ਇਹ ਵਰਦਾਨ ਸਿੱਧ ਹੁੰਦੇ ਹਨ। ਅਨੇਕ ਹੋਰ ਅਜਿਹੀਆਂ ਵਾਧੂ ਚੀਜਾਂ ਹਰ ਘਰ ਵਿਚ ਪਈਆਂ ਹੁੰਦੀਆਂ ਹਨ। ਦਾਨ ਕਰ ਕੇ ਇਹ ਸਭ ਕੁਝ ਲੋੜਵੰਦਾਂ ਕੋਲ ਵੀ ਪਹੁੰਚ ਜਾਵੇਗਾ ਅਤੇ ਤੁਹਾਡਾ ਘਰ ਵੀ ਕਬਾੜਖ਼ਾਨਾ ਨਹੀਂ ਬਣੇਗਾ। ਪੁੰਨ ਦਾ ਪੁੰਨ, ਫ਼ਲੀਆਂ ਦੀਆਂ ਫ਼ਲੀਆਂ।

ਇਕ ਵਰਗ ਦੇ ਪੁਰਾਣੇ ਕੱਪੜੇ ਘਰ ਵਿਚ ਹੀ ਰੱਖਣ ਦੀ ਮਜਬੂਰੀ ਹੁੰਦੀ ਹੈ। ਅੱਜਕਲ੍ਹ ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਵਿਦੇਸ਼ਾਂ ਨੂੰ ਵਹੀਰਾਂ ਘੱਤ ਰਹੇ ਹਨ। ਜਾਣ ਤੋਂ ਪਹਿਲਾਂ ਉਹ ਆਪਣੇ ਢੇਰਾਂ ਦੇ ਢੇਰ ਕੱਪੜਿਆਂ ਆਦਿ ਨੂੰ ਆਪਣੀਆਂ ਅਲਮਾਰੀਆਂ ਵਿਚ ਸਜਾ ਜਾਂਦੇ ਹਨ। ਠੀਕ ਹੈ, ਅੱਜਕਲ੍ਹ ਵਿਦੇਸ਼ੀ ਕੱਪੜੇ ਏਧਰ ਵੀ ਮਿਲ ਜਾਂਦੇ ਹਨ, ਪਰ ਹਵਾਈ ਜਹਾਜ਼ ਵਿਚ ਸਾਮਾਨ ਦੇ ਭਾਰ ਦੀ ਘੱਟ ਹੱਦ ਹੋਣ ਕਰਕੇ ਨਾਲ ਲਿਜਾਣੇ ਔਖੇ ਹਨ। ਜੇ ਉਹ ਕਦੇ-ਕਦਾਈਂ ਵਤਨ ਵਾਪਸ ਗੇੜਾ ਮਾਰਦੇ ਹਨ ਤਾਂ ਪੁਰਾਣੇ ਕੱਪੜੇ ਨਹੀਂ ਪਹਿਨਦੇ। ਜਜ਼ਬਾਤੀ ਲਗਾਅ ਕਾਰਨ ਉਹ ਕਿਸੇ ਨੂੰ ਦਿੱਤੇ ਵੀ ਨਹੀਂ ਜਾ ਸਕਦੇ। ਨਵ-ਵਿਆਹੀਆਂ ਲੜਕੀਆਂ ਆਪਣੇ ਪੁਰਾਣੇ ਕੱਪੜਿਆਂ ਦਾ ਕੀ ਕਰਦੀਆਂ ਹਨ, ਇਹ ਉਨ੍ਹਾਂ ਨੂੰ ਹੀ ਪਤਾ ਹੋਵੇਗਾ।

# ਬੇੜੀਆਂ 'ਚ ਜਕੜੇ ਸੁਫ਼ਨੇ

ਲਿਖਤ : ਅੰਮ੍ਰਿਤ



ਉਹ ਇਕੱਲੀ ਕਰਜ਼ੇ ਦੀ ਪੰਡ ਹੀ ਲੈ ਕੇ ਨਹੀਂ ਆਏ ਸਗੋਂ ਉਹ ਤਿੜਕੇ ਸੁਫਨੇ ਵੀ ਨਾਲ ਲਿਆਏ ਹਨ ਜੋ ਉਨ੍ਹਾਂ ਚੰਗੇ ਭਵਿੱਖ ਦੀ ਆਸ 'ਚ ਦੇਖੇ ਸਨ। ਹੁਣ ਵਰ੍ਹਿਆਂਬੱਧੀ ਉਨ੍ਹਾਂ ਦੀਆਂ ਅੱਖਾਂ 'ਚ ਉਨ੍ਹਾਂ ਤਿੜਕੇ ਸੁਫਨਿਆਂ ਦੀ ਰੜਕ ਪੈਂਦੀ ਰਹੇਗੀ। ਸ਼ਾਇਦ ਇਨ੍ਹਾਂ 'ਚੋਂ ਬਹੁਤੇ ਤਾਂ ਫਿਰ ਅੱਖਾਂ 'ਚ ਕੋਈ ਹੋਰ ਸੁਫਨਾ ਸਜਾਉਣ ਦਾ ਹੌਸਲਾ ਵੀ ਨਾ ਕਰ ਸਕਣ। ਅਮਰੀਕਾ ਨੇ ਜਿਹੜੇ 104 ਭਾਰਤੀ ਆਪਣੇ ਫ਼ੌਜੀ ਜਹਾਜ਼ 'ਚ ਹੱਥਕੜੀਆਂ ਤੇ ਬੇੜੀਆਂ ਨਾਲ ਨੂੜ ਕੇ ਵਾਪਸ ਭੇਜੇ ਹਨ, ਉਨ੍ਹਾਂ 'ਚੋਂ 30 ਪੰਜਾਬੀ ਹਨ। ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਸਾਰੇ ਆਪੋ ਆਪਣੇ ਘਰੀਂ ਪਹੁੰਚ ਚੁੱਕੇ ਹਨ ਜਿੱਥੇ ਬਿਰਧ ਮਾਪਿਆਂ ਦੀਆਂ ਅੱਖਾਂ 'ਚੋਂ ਵਗਦੇ ਹੰਝੂ ਟੁੱਟੇ ਸੁਫਨਿਆਂ ਦੇ ਦਰਦ ਨਾਲ ਇਕਮਿਕ ਹੋ ਰਹੇ ਹਨ। ਕੌਣ ਕਿਸਨੂੰ ਧਰਵਾਸਾ ਦੇ ਰਿਹਾ ਹੈ, ਕੋਈ ਪਤਾ ਨਹੀਂ ਲੱਗਦਾ। ਕਈ ਮਾਪੇ ਇਸ ਗੱਲੋਂ ਪ੍ਰਮਾਤਮਾ ਦਾ ਸ਼ੁਕਰ ਮਨਾ ਰਹੇ ਹਨ ਕਿ ਉਨ੍ਹਾਂ ਦੇ ਧੀ-ਪੁੱਤ ਬਿਗਾਨੀਆਂ ਧਰਤੀਆਂ 'ਤੇ ਰੁਲਦੇ-ਖੁਲਦੇ ਅਖ਼ੀਰ ਸਹੀ ਸਲਾਮਤ ਘਰ ਪਰਤ ਆਏ ਹਨ। ਕਈਆਂ ਨੂੰ ਧਰਵਾਸਾ ਹੈ ਕਿ ਇੱਕ ਦਰ ਬੰਦ ਹੋਣ 'ਤੇ ਦੁਨੀਆ ਨਹੀਂ ਮੁੱਕ ਜਾਂਦੀ ਤੇ ਜ਼ਿੰਦਗੀ ਕੋਈ ਹੋਰ ਹੀਲਾ ਵਸੀਲਾ ਬਣਾ ਦੇਵੇਗੀ ਪਰ ਸਾਰਿਆਂ ਦੀ ਸਾਂਝੀ ਚਿੰਤਾ ਕਰਜ਼ੇ ਦੀ ਹੈ। ਜ਼ਿਆਦਾਤਰ ਨੇ ਜ਼ਮੀਨ ਵੇਚ ਕੇ, ਗਹਿਣੇ ਧਰ ਕੇ ਤੇ ਉਧਾਰ ਚੁੱਕ ਕੇ ਆਪਣੇ ਸੁਫਨਿਆਂ ਨੂੰ ਪਰਵਾਜ਼ ਦਿੱਤੀ ਸੀ ਪਰ ਬੇਗਾਨੀ ਧਰਤੀ ਨੇ ਪਨਾਹ ਦੇਣ ਤੋਂ ਨਾਂਹ ਕਰ ਦਿੱਤੀ ਤੇ ਸਫ਼ਰ 'ਚ ਲੁੱਟੇ ਪੁੱਟੇ ਗਏ ਮੁਸਾਫ਼ਿਰ ਵਾਂਗ ਉਹ ਆਪਣਾ ਸਭ ਕੁਝ ਗੁਆ ਕੇ ਘਰੀਂ ਪਰਤ ਆਏ। ਇਨ੍ਹਾਂ ਦੇ ਹੱਥ ਭਾਵੇਂ ਖਾਲੀ ਹਨ ਪਰ ਸਿਰ 'ਤੇ ਕਰਜ਼ੇ ਦੀ ਪੰਡ ਜ਼ਰੂਰ ਭਾਰੀ ਹੋ ਗਈ ਹੈ। ਕਿੱਥੇ ਤਾਂ ਖੱਟੀ ਖੱਟ ਕੇ ਇਨ੍ਹਾਂ ਕਰਜ਼ ਉਤਾਰ ਦੇਣ ਦੀਆਂ ਬੁਣਤਾਂ ਬੁਣੀਆਂ ਸਨ ਅਤੇ ਕਿੱਥੇ ਸਾਰੀ ਤਾਣੀ ਹੀ ਉਲਝ ਗਈ ਹੈ।

ਇਹ ਕੋਈ ਪਹਿਲੇ ਨਹੀਂ ਸਨ ਜਿਨ੍ਹਾਂ ਰੋਜ਼ੀ-ਰੋਟੀ ਦੀ ਭਾਲ ਲਈ ਪ੍ਰਦੇਸ ਦਾ ਰੁਖ਼ ਕੀਤਾ ਸੀ। ਪਰਵਾਸ ਦਾ ਸਿਲਸਿਲਾ ਲੰਮੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਕਰੀਬ ਇੱਕ ਸਦੀ ਤੋਂ ਵੀ ਵੱਧ ਸਮੇਂ ਤੋਂ ਪੰਜਾਬੀ ਦੂਰ-ਦੁਰਾਡੇ ਦੇਸ਼ਾਂ 'ਚ ਜਾ ਕੇ ਵਸਦੇ ਰਹੇ ਹਨ। ਕਈ ਵਾਰ ਆਪਣੀ ਮਰਜ਼ੀ ਨਾਲ ਅਤੇ ਕਈ ਵਾਰ ਆਪਣੀਆਂ ਮਜਬੂਰੀਆਂ ਦੇ ਮਾਰੇ ਪ੍ਰਦੇਸਾਂ 'ਚ ਰੁਲਦੇ ਹਨ। ਆਲਮੀ ਜੰਗਾਂ ਵੇਲੇ ਬਰਤਾਨਵੀ ਫ਼ੌਜ 'ਚ ਭਰਤੀ ਹੋਣ ਪਿੱਛੋਂ ਬੇਗਾਨੀਆਂ ਧਰਤੀਆਂ 'ਤੇ ਜਾ ਕੇ ਜਾਨਾਂ ਵਾਰਦੇ ਰਹੇ ਹਨ। ਮਸਲਾ ਉਦੋਂ ਵੀ ਰੋਜ਼ੀ-ਰੋਟੀ ਦਾ ਸੀ ਅਤੇ ਅੱਜ ਵੀ ਹਾਲਾਤ ਉਹੀ ਹਨ। ਬੁਨਿਆਦੀ ਲੋੜ ਤਾਂ ਰੋਜ਼ੀ-ਰੋਟੀ ਹੈ ਜੋ ਉਦੋਂ ਵੀ ਆਪਣੀ ਧਰਤੀ 'ਤੇ ਕਮਾਉਣੀ ਔਖੀ ਸੀ ਤੇ ਉਹ ਇਸ ਆਸ ਨਾਲ ਦੇਸ ਛੱਡਣ ਦਾ ਹੂਲਾ ਫੱਕਦੇ ਸਨ ਕਿ ਉੱਥੇ ਜਾ ਕੇ ਮਿਹਨਤ ਦਾ ਮੁੱਲ ਪੈ ਜਾਵੇਗਾ। ਉਹ ਕੋਈ ਨਾ ਕੋਈ ਕੰਮ-ਧੰਦਾ ਮਿਲਣ ਅਤੇ ਚਾਰ ਛਿੱਲੜ ਜੋੜ ਕੇ ਪੰਜਾਬ ਬੈਠੇ ਆਪਣੇ ਮਾਪਿਆਂ ਜਾਂ ਧੀਆਂ-ਪੁੱਤਾਂ ਨੂੰ ਭੇਜਣ ਦਾ ਸੁਫਨਾ ਦੇਖਦੇ ਸਨ। ਚੰਗੀ ਜ਼ਿੰਦਗੀ ਜਿਊਣ ਦੀ ਖ਼ਾਹਿਸ਼ ਹਰ ਮਨੁੱਖ ਕਰਦਾ ਹੈ ਅਤੇ ਆਪਣੀ ਸਮਝ ਤੇ ਪਹੁੰਚ ਮੁਤਾਬਿਕ ਯਤਨ ਕਰਨਾ ਉਸ ਦੇ ਸੁਭਾਅ 'ਚ ਸ਼ਾਮਿਲ ਹੈ। ਵਿਦੇਸ਼ੀ ਹਮਲਾਵਰਾਂ ਦੀ ਮਾਰ ਝੱਲਣ ਵਾਲੇ ਪੰਜਾਬੀਆਂ ਨੂੰ ਉੱਜੜਨ ਅਤੇ ਮੁੜ ਵੱਸਣ ਦੀ ਗੁੜ੍ਹਤੀ ਵਿਰਸੇ 'ਚੋਂ ਹੀ ਮਿਲੀ ਹੈ। ਇਸ ਲਈ ਸਮੇਂ ਸਮੇਂ 'ਤੇ ਪਰਵਾਸ ਕਰਨ ਦੇ ਰੁਝਾਨ 'ਚ ਉਤਰਾਅ-ਚੜ੍ਹਾਅ ਆਉਂਦੇ ਰਹੇ ਹਨ।

ਸੱਠਵੇਂ ਦਹਾਕੇ 'ਚ ਬਰਤਾਨੀਆ ਸਰਕਾਰ ਨੇ ਆਪਣੇ ਦੇਸ਼ ਦੀਆਂ ਲੋੜਾਂ ਦੀ ਪੂਰਤੀ ਵਾਸਤੇ ਪੜ੍ਹੇ-ਲਿਖੇ ਤੇ ਹੁਨਰਮੰਦ ਕਾਮੇ ਬੁਲਾਉਣੇ ਸ਼ੁਰੂ ਕਰ ਦਿੱਤੇ ਸਨ। ਉਦੋਂ ਇੰਗਲੈਂਡ ਜਾਣ ਲਈ 'ਵਾਊਚਰ' ਦਿੱਤਾ ਜਾਂਦਾ ਸੀ। ਸ਼ੁਰੂ ਸ਼ੁਰੂ ਵਿੱਚ ਜਿਹੜੇ ਹੁਨਰਮੰਦ ਕਾਮਿਆਂ ਨੇ ਪਰਵਾਸ ਕੀਤਾ, ਉਨ੍ਹਾਂ ਵਿੱਚੋਂ ਵਧੇਰੇ ਮਿੱਲਾਂ ਤੇ ਫੈਕਟਰੀਆਂ'ਚ ਕੰਮ ਕਰਦੇ ਸਨ। ਡਿਗਰੀਆਂ ਵਾਲਿਆਂ ਨੂੰ ਉਨ੍ਹਾਂ ਦੀ ਯੋਗਤਾ ਮੁਤਾਬਿਕ ਕੰਮ ਮਿਲ ਜਾਂਦਾ ਸੀ। ਇਸ ਤੋਂ ਇਲਾਵਾ ਉਹ ਜਿੱਥੇ ਕੰਮ ਮਿਲਦਾ, ਉੱਥੇ ਦਿਹਾੜੀਆਂ ਲਾਉਂਦੇ ਤੇ ਰੁਜ਼ਗਾਰ ਦੀ ਭੱਠੀ ਮਘਦੀ ਰਹਿੰਦੀ। ਪਹਿਲਾਂ-ਪਹਿਲ ਦੁਆਬੇ ਦੇ ਲੋਕਾਂ ਦੀ ਪਾਰ ਜਾ ਕੇ ਵੱਸਣ ਵਿੱਚ ਝੰਡੀ ਰਹੀ ਅਤੇ ਕਈ ਦਹਾਕੇ ਤਕ 'ਵਲੈਤੀਏ' ਹੋਣਾ ਸਿਰਫ਼ ਦੁਆਬੇ ਵਾਲਿਆਂ ਦੇ ਹਿੱਸੇ ਹੀ ਆਉਂਦਾ ਸੀ। ਮਾਝੇ, ਮਾਲਵੇ ਤੇ ਪੁਆਧ ਤੱਕ ਇਹ ਰੁਝਾਨ ਕਾਫ਼ੀ ਪਛੜ ਕੇ ਪਹੁੰਚਿਆ। ਪੰਜਾਬ 'ਚ ਝੁੱਲੀ ਕਾਲੀ ਹਨੇਰੀ ਵੇਲੇ ਜਦੋਂ ਜ਼ਿੰਦਗੀ ਦੀ ਕੋਈ ਕੀਮਤ ਨਾ ਰਹੀ ਤਾਂ ਕਈਆਂ ਨੇ 'ਤੱਤੀ ਵਾਅ' ਤੋਂ ਬਚਣ ਅਤੇ ਕਈਆਂ ਨੇ 'ਠੰਢੇ ਬੁੱਲੇ' ਦੀ ਆਸ 'ਚ ਘਰਾਂ ਤੋਂ ਚਾਲੇ ਪਾ ਦਿੱਤੇ ਅਤੇ ਸਿੱਧੇ ਅਸਿੱਧੇ ਢੰਗ ਨਾਲ ਕੈਨੇਡਾ ਅਤੇ ਅਮਰੀਕਾ ਜਿਹੇ ਮੁਲਕਾਂ 'ਚ ਜਾ ਵੜੇ। ਕਈਆਂ ਨੇ ਜਰਮਨੀ 'ਚ ਪਨਾਹ ਲੈ ਲਈ ਅਤੇ ਕੋਈ ਕਿਧਰੇ ਹੋਰ ਜਾ ਵੱਸਿਆ। ਜਿਸਦਾ ਜਿੰਨਾ ਜ਼ੋਰ ਚੱਲਿਆ ਤੇ ਜਿੱਥੇ ਢੋਈ ਮਿਲੀ, ਉਸ ਨੇ ਆਸਰਾ ਲੈ ਲਿਆ। ਇਉਂ ਪਰਵਾਸ ਦਾ ਖੂਹ ਦਹਾਕਿਆਂ ਤੋਂ ਗਿੜਦਾ ਰਿਹਾ ਹੈ ਅਤੇ ਪੰਜਾਬੀਆਂ ਨੇ ਸਖਤ ਮਿਹਨਤ ਨਾਲ ਵਿਦੇਸ਼ਾਂ 'ਚ ਆਪਣੀ ਥਾਂ ਬਣਾਈ ਹੈ। ਦੁਨੀਆ ਦੇ ਤਕਰੀਬਨ ਹਰ ਮੁਲਕ 'ਚ ਪੰਜਾਬੀਆਂ ਦੀ ਹੋਂਦ ਹੈ। ਕਿਤੇ ਬਹੁਤੀ ਤੇ ਕਿਤੇ ਥੋੜ੍ਹੀ ਪਰ ਇਸ ਪਿੱਛੇ ਉਨ੍ਹਾਂ ਦੀ ਲੰਮੀ ਘਾਲਣਾ ਹੈ।

ਏਜੰਟਾਂ ਨੂੰ ਮੋਟੀਆਂ ਰਕਮਾਂ ਦੇ ਕੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖ਼ਲ ਹੋਣ ਦਾ ਰੁਝਾਨ ਕੋਈ ਨਵਾਂ ਨਹੀਂ ਹੈ। ਭਾਰਤ ਤੋਂ ਹੀ ਨਹੀਂ, ਹੋਰ ਦੇਸ਼ਾਂ ਤੋਂ ਵੀ ਥੁੜ੍ਹਾਂ ਮਾਰੇ ਲੋਕ ਆਪਣੀਆਂ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਤੋਂ ਤੰਗ ਆ ਕੇ ਅਮਰੀਕਾ 'ਚ ਖੁਸ਼ਹਾਲ ਜੀਵਨ ਜਿਊਣ ਲਈ ਯਤਨ ਕਰਦੇ ਆਏ ਹਨ। ਇਹ ਮੰਨਿਆ ਜਾਂਦਾ ਰਿਹਾ ਹੈ ਕਿ ਕਿਸੇ ਤਰ੍ਹਾਂ ਇੱਕ ਵਾਰ ਉਸ ਧਰਤੀ 'ਤੇ ਪੈਰ ਟਿਕ ਜਾਣ ਤਾਂ ਫਿਰ ਦਿਹਾੜੀ-ਦੱਪਾ ਕਰਦਿਆਂ ਲੋੜਵੰਦ ਆਪਣੇ ਪੈਰ ਜਮਾ ਲੈਂਦੇ ਹਨ ਅਤੇ ਦੇਰ ਸਵੇਰ ਉੱਥੇ ਵਸ ਜਾਣ ਦਾ ਕੋਈ ਬੰਨ੍ਹ-ਸੁੱਬ ਹੋ ਜਾਂਦਾ ਹੈ। ਕਈ ਵਾਰ ਕਾਗਜ਼ੀ ਵਿਆਹਾਂ ਦਾ ਆਸਰਾ ਵੀ ਲਿਆ ਜਾਂਦਾ ਰਿਹਾ ਹੈ ਅਤੇ ਕਈ ਵਾਰ ਅਮਰੀਕਾ ਤੇ ਹੋਰ ਦੇਸ਼ ਪਰਵਾਸੀਆਂ ਨੂੰ ਆਪਣੇ ਪਰਿਵਾਰ ਬੁਲਾਉਣ ਲਈ ਕਾਨੂੰਨੀ ਪ੍ਰੋਗਰਾਮ ਵੀ ਲਿਆਉਂਦੇ ਰਹੇ ਹਨ। ਇਹੋ ਕਾਰਨ ਹੈ ਕਿ ਪਰਵਾਸ ਦਾ ਸਿਲਸਿਲਾ ਹੁਣ ਤੱਕ ਨਿਰੰਤਰ ਚੱਲਦਾ ਆਇਆ ਹੈ। ਪਹਿਲੀ ਵਾਰ ਜਦੋਂ 2017 'ਚ ਡੋਨਲਡ ਟਰੰਪ ਨੇ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਹਲਫ਼ ਲਿਆ ਸੀ ਤਾਂ ਉਨ੍ਹਾਂ ਉਦੋਂ ਹੀ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖ਼ਲ ਹੋਣ ਵਾਲਿਆਂ ਖ਼ਿਲਾਫ਼ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਅਮਰੀਕਾ 'ਚ ਗ਼ੈਰ-ਕਾਨੂੰਨੀ ਦਾਖ਼ਲੇ ਲਈ ਮੈਕਸਿਕੋ ਦੀ ਸਰਹੱਦ ਸਭ ਤੋਂ ਵੱਧ ਬਦਨਾਮ ਹੈ ਅਤੇ ਜ਼ਿਆਦਾਤਰ ਪਰਵਾਸੀ ਇੱਥੋਂ ਹੀ ਅਮਰੀਕਾ 'ਚ ਦਾਖ਼ਲੇ ਦਾ ਰਾਹ ਲੱਭਦੇ ਰਹੇ ਹਨ। ਉਦੋਂ ਟਰੰਪ ਨੇ ਮੈਕਸਿਕੋ ਦੀ ਸਰਹੱਦ ਸੀਲ ਕਰਨ ਲਈ ਯਤਨ ਆਰੰਭ ਦਿੱਤੇ ਸਨ ਅਤੇ ਇਸ ਸਰਹੱਦ ਨੇੜੇ ਲੋਹੇ ਦੀਆਂ ਚਾਦਰਾਂ ਲਗਾ ਕੇ ਉੱਚੀ ਕੰਧ ਖੜ੍ਹੀ ਕਰਨ ਦਾ ਕੰਮ ਆਰੰਭਿਆ ਗਿਆ ਸੀ। ਆਪਣੇ ਸੁਭਾਅ ਮੁਤਾਬਿਕ ਟਰੰਪ ਨੇ ਹੋਰ ਵੀ ਕਈ ਸਖ਼ਤੀਆਂ ਵਰਤੀਆਂ ਸਨ। ਕਾਨੂੰਨੀ ਢੰਗ ਨਾਲ ਵੀਜ਼ਾ ਲੈ ਕੇ ਅਮਰੀਕਾ ਜਾਣ ਵਾਲੇ ਪੇਸ਼ੇਵਰ ਮਾਹਿਰਾਂ ਲਈ ਵੀ ਮਾਪਦੰਡ ਸਖ਼ਤ ਕਰ ਦਿੱਤੇ ਗਏ ਸਨ। ਅਮਰੀਕੀ ਪ੍ਰਸ਼ਾਸਨ ਦੀ ਇਹ ਪਹੁੰਚ ਰਹੀ ਹੈ ਕਿ ਉਸ ਕੋਲ ਬਿਹਤਰੀਨ ਡਾਕਟਰ, ਇੰਜਨੀਅਰ ਤੇ ਆਈਟੀ ਖੇਤਰ ਦੇ ਮਾਹਿਰ ਕੰਮ ਕਰਨ ਤਾਂ ਆਉਣ, ਪਰ ਇਨ੍ਹਾਂ ਨੂੰ ਛੇਤੀ ਕੀਤੇ ਸਥਾਈ ਨਾਗਰਿਕਤਾ ਨਾ ਦਿੱਤੀ ਜਾਵੇ। ਇਹੋ ਕਾਰਨ ਹੈ ਕਿ ਕਈ ਕਈ ਸਾਲ ਲੋਕ ਅਨਿਸ਼ਚਿਤਤਾ ਦੀ ਹਾਲਤ 'ਚ ਰੁਜ਼ਗਾਰ ਦੀ ਗੱਡੀ ਨੂੰ ਇਸ ਉਮੀਦ 'ਚ ਧੱਕਾ ਲਗਾਈ ਜਾਂਦੇ ਹਨ ਕਿ ਕਦੇ ਨਾ ਕਦੇ ਉਹ ਮੰਜ਼ਿਲ 'ਤੇ ਜ਼ਰੂਰ ਪੁੱਜ ਜਾਣਗੇ।

ਇਨ੍ਹਾਂ ਸਾਰੀਆਂ ਦੁਸ਼ਵਾਰੀਆਂ ਦੇ ਬਾਵਜੂਦ ਅਮਰੀਕਾ ਦਾ ਤਲਿਸਮ ਅੱਜ ਵੀ ਕਾਇਮ ਹੈ। ਡਾਲਰਾਂ ਦੀ ਚਕਾਚੌਂਧ ਅੱਗੇ ਸਾਰੀਆਂ ਦੁਸ਼ਵਾਰੀਆਂ ਫਿੱਕੀਆਂ ਪੈ ਜਾਂਦੀਆਂ ਹਨ। ਹਾਲਾਂਕਿ ਬੇਗਾਨੀ ਧਰਤੀ 'ਤੇ ਜਾ ਕੇ ਵੱਸਣਾ ਕਿਸੇ ਲਈ ਵੀ ਸੌਖਾ ਨਹੀਂ ਹੁੰਦਾ ਤੇ ਖ਼ਾਸ ਕਰ ਕੇ ਉਦੋਂ ਜਦੋਂ ਉਸ ਧਰਤੀ ਦੇ ਹਾਕਮ ਅਜਿਹਾ ਨਾ ਚਾਹੁੰਦੇ ਹੋਣ। ਟਰੰਪ ਨੇ ਹੁਣ ਦੂਜੀ ਵਾਰ ਅਮਰੀਕਾ ਦਾ ਰਾਸ਼ਟਰਪਤੀ ਬਣਦਿਆਂ ਹੀ ਸਖ਼ਤੀਆਂ ਦਾ ਦੌਰ ਸ਼ੁਰੂ ਕਰ ਦਿੱਤਾ। ਉਨ੍ਹਾਂ ਆਪਣੀ ਚੋਣ ਮੁਹਿੰਮ ਇਸ ਇੱਕ ਨੁਕਤੇ 'ਤੇ ਹੀ ਟਿਕਾਈ ਰੱਖੀ ਸੀ ਕਿ ਅਮਰੀਕਾ ਕੇਵਲ ਅਮਰੀਕੀਆਂ ਵਾਸਤੇ ਹੈ। ਹਰ ਕੰਮ 'ਚ ਅਮਰੀਕੀਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਹੋਰਨਾਂ ਬਾਰੇ ਬਾਅਦ 'ਚ ਸੋਚਿਆ ਜਾਵੇਗਾ। ਗ਼ੈਰ-ਕਾਨੂੰਨੀ ਤੌਰ 'ਤੇ ਦੇਸ਼ 'ਚ ਆਉਣ ਵਾਲਿਆਂ ਜਾਂ ਪਹਿਲਾਂ ਵੱਸ ਚੁੱਕਿਆਂ ਨੂੰ ਉਨ੍ਹਾਂ ਦੇ ਦੇਸ਼ਾਂ 'ਚ ਵਾਪਸ ਭੇਜਿਆ ਜਾਵੇਗਾ। ਇਸੇ ਆਧਾਰ 'ਤੇ ਲੋਕ ਫ਼ਤਵਾ ਹਾਸਿਲ ਕਰਨ ਵਾਲੇ ਟਰੰਪ ਨੇ ਆਪਣੇ ਚੋਣ ਵਾਅਦੇ 'ਤੇ ਫੁੱਲ ਚੜ੍ਹਾ ਦਿੱਤੇ ਹਨ। ਉਨ੍ਹਾਂ ਹੋਰ ਵੀ ਕਈ ਸਖ਼ਤ ਫ਼ੈਸਲੇ ਲਏ ਹਨ ਜਿਨ੍ਹਾਂ ਨੂੰ ਅਮਰੀਕੀ ਅਦਾਲਤਾਂ 'ਚ ਚੁਣੌਤੀ ਦਿੱਤੀ ਜਾ ਰਹੀ ਹੈ ਅਤੇ ਪਰਵਾਸੀਆਂ ਨੂੰ ਜਬਰੀ ਦੇਸ਼ 'ਚੋਂ ਕੱਢਣ ਖ਼ਿਲਾਫ਼ ਕਈ ਥਾਈਂ ਰੋਸ ਵਿਖਾਵੇ ਵੀ ਹੋ ਰਹੇ ਹਨ।

ਇਹ ਉਹੋ ਪਰਵਾਸੀ ਕਾਮੇ ਹਨ ਜੋ ਦਹਾਕਿਆਂ ਤੋਂ ਇਸ ਮੁਲਕ ਦੀ ਆਰਥਿਕਤਾ ਅਤੇ ਤਰੱਕੀ 'ਚ ਆਪਣੇ ਜੀਅ-ਜਾਨ ਯੋਗਦਾਨ ਪਾਉਂਦੇ ਆ ਰਹੇ ਹਨ। ਇਹ ਘੱਟ ਪੈਸਿਆਂ 'ਤੇ ਉਹ ਕੰਮ ਵੀ ਕਰਦੇ ਹਨ ਜਿਨ੍ਹਾਂ ਨੂੰ ਆਮ ਅਮਰੀਕੀ ਨਾਗਰਿਕ ਹਿਕਾਰਤ ਦੀ ਨਜ਼ਰ ਨਾਲ ਵੇਖਦੇ ਹਨ ਪਰ ਹੁਣ ਅਮਰੀਕੀਆਂ ਤੇ ਅਮਰੀਕੀ ਪ੍ਰਸ਼ਾਸਨ ਦੀਆਂ ਨਜ਼ਰਾਂ ਬਦਲ ਗਈਆਂ ਹਨ। ਅਮਰੀਕੀ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਦੇਸ਼ 'ਚ ਇੱਕ ਕਰੋੜ ਤੋਂ ਵੱਧ ਗ਼ੈਰ-ਕਾਨੂੰਨੀ ਪਰਵਾਸੀ ਹਨ ਜਿਨ੍ਹਾਂ ਵਿੱਚ ਭਾਰਤੀਆਂ ਦੀ ਗਿਣਤੀ 7 ਲੱਖ ਤੋਂ ਵੱਧ ਹੈ। ਪ੍ਰਸ਼ਾਸਨ ਦਾ ਆਦੇਸ਼ ਹੈ ਕਿ ਇਨ੍ਹਾਂ ਮਜਬੂਰ, ਬੇਵੱਸ ਪਰ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਜਾਵੇ। ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਰੋਜ਼ਾਨਾ 1,200 ਤੋਂ ਲੈ ਕੇ 1,500 ਤੱਕ ਗ਼ੈਰ-ਕਾਨੂੰਨੀ ਪਰਵਾਸੀ ਫੜੇ ਜਾਣ ਅਤੇ ਫਿਰ ਇਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇ। ਮੀਡੀਆ ਰਿਪੋਰਟਾਂ ਮੁਤਾਬਿਕ ਹਰ ਰੋਜ਼ ਤਕਰੀਬਨ 800 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਦੇਸ਼ ਦੀ ਕਸਟਮ ਤੇ ਬਾਰਡਰ ਸੁਰੱਖਿਆ ਏਜੰਸੀ ਕੋਲ ਵੱਧ ਤੋਂ ਵੱਧ 41 ਹਜ਼ਾਰ ਵਿਅਕਤੀਆਂ ਨੂੰ ਹਿਰਾਸਤ 'ਚ ਰੱਖਣ ਦੀ ਸਮਰੱਥਾ ਹੈ ਜਿਸ ਕਰ ਕੇ ਹੋਰ ਬਦਲਵੇਂ ਪ੍ਰਬੰਧਾਂ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਬਾਰਡਰ ਸੁਰੱਖਿਆ ਏਜੰਸੀ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਸਖ਼ਤ ਹਾਲਾਤ ਲਈ ਬਦਨਾਮ ਗੁਆਂਟੇਨਾਮੋ ਜੇਲ੍ਹ 'ਚ ਵੀ ਭੇਜ ਸਕਦੀ ਹੈ। ਕੈਨੇਡਾ ਅਤੇ ਮੈਕਸਿਕੋ ਨਾਲ ਅਮਰੀਕਾ ਦੀ ਤਕਰੀਬਨ ਸੱਤ ਹਜ਼ਾਰ ਮੀਲ ਸਰਹੱਦ ਲੱਗਦੀ ਹੈ ਜਿਸ ਦੀ ਸੁਰੱਖਿਆ ਲਈ ਕਈ ਤਰੀਕੇ ਅਪਣਾਏ ਜਾਂਦੇ ਹਨ। ਅਮਰੀਕਾ ਤੋਂ ਵਾਪਸ ਭੇਜੀ ਗਈ ਜਗਰਾਉਂ ਦੀ 21 ਸਾਲਾ ਮੁਟਿਆਰ ਮੈਕਸਿਕੋ ਦੇ ਤਿਜੁਆਨਾ ਬਾਰਡਰ ਰਾਹੀਂ ਅਮਰੀਕਾ 'ਚ ਦਾਖ਼ਲ ਹੋਈ ਸੀ। ਉਸ ਨਾਲ ਹੋਰ ਦੇਸ਼ਾਂ ਦੇ ਤਕਰੀਬਨ ਵਿਅਕਤੀ ਵੀ ਸਨ ਅਤੇ ਇਨ੍ਹਾਂ 'ਚ ਵੱਡੀ ਗਿਣਤੀ ਮਹਿਲਾਵਾਂ ਦੀ ਸੀ। ਦੁਨੀਆ ਭਰ 'ਚੋਂ ਚੰਗੇ ਭਵਿੱਖ ਦੀ ਆਸ 'ਚ ਕਾਨੂੰਨ ਤੇ ਸਰਹੱਦ ਉਲੰਘਣ ਲਈ ਮਜਬੂਰ ਇਨ੍ਹਾਂ ਪਰਵਾਸੀਆਂ ਨੂੰ ਅਮਰੀਕੀ ਧਰਤੀ 'ਤੇ ਪੈਰ ਧਰਨ ਤੋਂ ਛੇਤੀ ਬਾਅਦ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇੱਕ ਬੱਸ ਰਾਹੀਂ ਉਸ ਕੈਂਪ 'ਚ ਲਿਜਾਇਆ ਗਿਆ ਜਿੱਥੇ ਇਨ੍ਹਾਂ ਵਰਗੇ ਹੋਰ ਬੰਦੀ ਵੀ ਸਨ। ਮੁਸਕਾਨ ਦਾ ਦੱਸਣਾ ਹੈ ਕਿ ਤਿਜੁਆਨਾ ਸਰਹੱਦ 'ਤੇ ਕੋਈ ਸੁਰੱਖਿਆ ਮੁਲਾਜ਼ਮ ਨਜ਼ਰ ਨਹੀਂ ਸੀ ਆਇਆ। ਉਸ ਦਾ ਅਨੁਮਾਨ ਹੈ ਕਿ ਉੱਥੇ ਸਰਹੱਦ ਪਾਰ ਕਰਨ ਵਾਲਿਆਂ 'ਤੇ ਨਜ਼ਰ ਰੱਖਣ ਲਈ ਖ਼ੁਫ਼ੀਆ ਕੈਮਰੇ ਲੱਗੇ ਹੋ ਸਕਦੇ ਹਨ ਜਿਸ ਤੋਂ ਬਾਰਡਰ ਸੁਰੱਖਿਆ ਏਜੰਸੀਆਂ ਨੂੰ ਸਰਹੱਦ ਪਾਰ ਕਰਨ ਵਾਲਿਆਂ ਦੀ ਜਾਣਕਾਰੀ ਮਿਲਦੀ ਹੋਵੇ।

ਇਸੇ ਤਰ੍ਹਾਂ ਤਰਨ ਤਾਰਨ ਖੇਤਰ 'ਚ ਚੋਹਲਾ ਸਾਹਿਬ ਵਾਸੀ ਮਨਦੀਪ ਸਿੰਘ (29 ਸਾਲ) ਦੱਸਦਾ ਹੈ ਕਿ ਉਸ ਨੂੰ ਆਪਣੇ ਅਮਰੀਕਾ ਜਾ ਵੱਸਣ ਦੇ ਸੁਫਨੇ ਦੀ ਵੱਡੀ ਕੀਮਤ ਤਾਰਨੀ ਪਈ। ਉਹ ਤਕਰੀਬਨ ਢਾਈ ਸਾਲ ਪਹਿਲਾਂ ਸਪੇਨ ਚਲਾ ਗਿਆ ਸੀ ਤੇ ਉੱਥੇ ਉਸ ਦਾ ਗੁਜ਼ਾਰਾ ਤੇ ਕੰਮ ਦੋਵੇਂ ਠੀਕ ਚੱਲ ਰਹੇ ਸਨ, ਪਰ ਅੱਖਾਂ 'ਚ ਅਮਰੀਕਾ ਵਸਿਆ ਹੋਇਆ ਸੀ ਜਿਸ ਦੀ ਚਮਕ ਸਪੇਨ ਆ ਕੇ ਵੀ ਮੱਧਮ ਨਹੀਂ ਸੀ ਪਈ। ਉਹ ਆਪਣੇ ਸੁਫਨੇ ਨੂੰ ਪੂਰਾ ਕਰਨ ਲਈ ਮਿਹਨਤ ਕਰਦਿਆਂ ਕੁਝ ਪੈਸੇ ਜੋੜ ਜੋੜ ਰੱਖਦਾ ਰਿਹਾ। ਉਸ ਨੇ ਜਦੋਂ ਏਜੰਟ ਨਾਲ ਸੰਪਰਕ ਕੀਤਾ ਤਾਂ ਭਰੋਸਾ ਦਿੱਤਾ ਗਿਆ ਕਿ ਉਸ ਨੂੰ ਸੁਰੱਖਿਅਤ ਢੰਗ ਨਾਲ ਅਮਰੀਕਾ ਭਿਜਵਾ ਦਿੱਤਾ ਜਾਵੇਗਾ, ਪਰ ਇਸ ਦੀ ਵੱਡੀ ਕੀਮਤ ਤਾਰਨੀ ਪਵੇਗੀ। ਮਨਦੀਪ ਦਾ ਦਾਅਵਾ ਹੈ ਕਿ ਉਸ ਨੇ ਆਪਣੇ ਅਮਰੀਕੀ ਸੁਫਨੇ ਦੀ ਪੂਰਤੀ ਲਈ ਏਜੰਟ ਨੂੰ ਇੱਕ ਕਰੋੜ ਰੁਪਏ ਦਿੱਤੇ ਸਨ। ਉਸ ਨੇ ਏਜੰਟ ਨੂੰ ਬੇਨਤੀ ਵੀ ਕੀਤੀ ਸੀ ਕਿ ਅਮਰੀਕਾ ਦੀਆਂ ਚੋਣਾਂ ਦੇ ਨਤੀਜੇ ਤੋਂ ਪਹਿਲਾਂ ਉਸ ਨੂੰ ਸਰਹੱਦ ਪਾਰ ਕਰਵਾ ਦਿੱਤੀ ਜਾਵੇ। ਉਸ ਨੂੰ ਖਦਸ਼ਾ ਸੀ ਕਿ ਡੋਨਲਡ ਟਰੰਪ ਦੀ ਜਿੱਤ ਹੋ ਗਈ ਤਾਂ ਇਹ ਸਭ ਏਨਾ ਸੁਖਾਲਾ ਨਹੀਂ ਰਹੇਗਾ, ਪਰ ਏਜੰਟ ਉਸ ਨੂੰ ਝੂਠੀਆਂ ਤਸੱਲੀਆਂ ਅਤੇ ਧਰਵਾਸੇ ਦਿੰਦਾ ਰਿਹਾ। ਏਜੰਟ ਵੱਲੋਂ ਉਸ ਨੂੰ ਸਰਬੀਆ ਦਾ ਵੀਜ਼ਾ ਦਿਵਾਇਆ ਗਿਆ ਅਤੇ ਉਹ ਪਹਿਲਾਂ ਦੁਬਈ ਤੇ ਫਿਰ ਅਰਮੀਨੀਆ ਹੁੰਦਾ ਹੋਇਆ ਸਰਬੀਆ ਪਹੁੰਚ ਗਿਆ। ਉੱਥੋਂ ਕਈ ਹੋਰਾਂ ਨਾਲ ਉਸ ਨੂੰ ਮੈਕਸਿਕੋ ਦੇ ਸਰਹੱਦੀ ਸ਼ਹਿਰ ਤਿਜੁਆਨਾ ਲਿਜਾਇਆ ਗਿਆ ਤੇ ਸਰਹੱਦ ਪਾਰ ਕਰਵਾ ਦਿੱਤੀ ਗਈ। ਇੱਥੇ ਹੋਣੀ ਬਲਵਾਨ ਨਿਕਲੀ ਤੇ ਉਸ ਦੇ ਖ਼ਦਸ਼ੇ ਸਹੀ ਸਾਬਤ ਹੋਏ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਅੱਗੇ ਦੀ ਕਹਾਣੀ ਇੱਕੋ ਹੀ ਹੈ ਕਿ ਉਨ੍ਹਾਂ ਤੋਂ ਮੋਬਾਈਲ ਫੋਨ ਅਤੇ ਸਾਮਾਨ ਵਾਲੇ ਬੈਗ ਲੈ ਲਏ ਗਏ। ਉਨ੍ਹਾਂ ਨੂੰ ਹਿਰਾਸਤ 'ਚ ਲੈਣ ਉਪਰੰਤ ਖ਼ਾਸ ਤਰ੍ਹਾਂ ਦੀਆਂ ਬੰਦੀਆਂ ਵਾਲੀਆਂ ਪੋਸ਼ਾਕਾਂ ਪਾਉਣ ਨੂੰ ਦਿੱਤੀਆਂ ਗਈਆਂ। ਮਨਦੀਪ ਦੱਸਦਾ ਹੈ ਕਿ ਮੈਕਸਿਕੋ 'ਚ ਹਜ਼ਾਰਾਂ ਵਿਅਕਤੀ ਸਰਹੱਦ ਪਾਰ ਕਰਕੇ ਅਮਰੀਕਾ ਦਾਖ਼ਲ ਹੋਣ ਦੀ ਉਡੀਕ 'ਚ ਸਨ। ਦੋ ਹਫ਼ਤੇ ਉਡੀਕ ਕਰਨ ਤੋਂ ਬਾਅਦ ਉਸ ਦੀ ਬਾਰਡਰ ਪਾਰ ਜਾਣ ਦੀ ਵਾਰੀ ਆਈ। ਉਹ ਜੰਗਲਾਂ ਰਾਹੀਂ ਕਰੀਬ 120 ਕਿਲੋਮੀਟਰ ਪੈਦਲ ਗਏ। ਹੋਰ ਗ਼ੈਰ-ਕਾਨੂੰਨੀ ਪਰਵਾਸੀਆਂ ਨਾਲ ਉਸ ਨੇ ਸਰਹੱਦ ਪਾਰ ਕੀਤੀ ਹੀ ਸੀ ਕਿ ਬਾਰਡਰ ਸੁਰੱਖਿਆ ਫੋਰਸ ਦੇ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉੱਥੇ ਕੈਂਪਾਂ 'ਚ ਬੁਨਿਆਦੀ ਸਹੂਲਤਾਂ ਵੀ ਨਹੀਂ ਸਨ। ਜੇ ਕੋਈ ਸਵਾਲ ਕਰਦਾ ਸੀ ਤਾਂ ਉਸ ਨੂੰ ਬੱਸ ਇੱਕੋ ਹੀ ਜਵਾਬ 'ਟਰੰਪ' ਮਿਲਦਾ ਸੀ। ਉਨ੍ਹਾਂ ਨਾਲ ਨਾ ਤਾਂ ਕਿਸੇ ਨੂੰ ਮਿਲਣ ਦਿੱਤਾ ਜਾਂਦਾ ਸੀ ਤੇ ਨਾ ਹੀ ਕੋਈ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਣ ਦਾ ਪ੍ਰਬੰਧ ਸੀ। ਉਸ ਦੇ ਤੇ ਉਸ ਵਰਗੇ ਹੋਰਾਂ ਦੇ ਸੁਫਨਿਆਂ ਨੂੰ ਹੱਥਕੜੀਆਂ ਤੇ ਬੇੜੀਆਂ 'ਚ ਜਕੜ ਦਿੱਤਾ ਗਿਆ ਸੀ।

ਅਮਰੀਕੀ ਫ਼ੌਜੀ ਜਹਾਜ਼ 'ਚ ਅਪਰਾਧੀਆਂ ਵਾਂਗ ਭਾਰਤ ਭੇਜੇ ਗਏ ਸਾਰੇ ਪੰਜਾਬੀਆਂ ਦੀ ਕਹਾਣੀ ਇੱਕੋ ਹੀ ਹੈ। ਇਹ ਸਾਰੇ ਤੰਗੀਆਂ ਤੁਰਸ਼ੀਆਂ ਨਾਲ ਜੂਝ ਰਹੇ ਸਨ। ਕਰਜ਼ੇ ਚੁੱਕ ਕੇ ਖੁਸ਼ਹਾਲ ਜ਼ਿੰਦਗੀ ਨਾਲ ਝੋਲੀ ਭਰਨਾ ਚਾਹੁੰਦੇ ਸਨ ਪਰ ਖੁਸ਼ੀਆਂ ਖੇੜਿਆਂ ਦੀ ਥਾਂ ਪ੍ਰਦੇਸ ਤੋਂ ਦੁੱਖਾਂ ਦੀ ਪੰਡ ਬੰਨ੍ਹ ਲਿਆਏ ਹਨ। ਇਸ ਪੰਡ 'ਚ ਕਰਜ਼ੇ ਦਾ ਬੋਝ ਵੀ ਹੈ। ਕਹਿੰਦੇ ਨੇ ਵੰਡਣ ਨਾਲ ਦੁੱਖ ਘਟ ਜਾਂਦਾ ਹੈ। ਸ਼ਾਇਦ ਘਟ ਵੀ ਜਾਵੇ ਪਰ ਕਰਜ਼ੇ ਦਾ ਬੋਝ ਕੌਣ ਵੰਡਾਏਗਾ। ਇਨ੍ਹਾਂ ਨੂੰ ਇਹ ਝੋਰਾ ਵੱਢ ਵੱਢ ਖਾ ਰਿਹਾ ਹੈ ਕਿ ਹਾਲਾਤ ਸ਼ਾਇਦ ਹੁਣ ਪਹਿਲਾਂ ਨਾਲੋਂ ਵੀ ਵਧੇਰੇ ਖਰਾਬ ਹੋ ਜਾਣ। ਸ਼ਾਇਦ ਕੋਈ ਗਹਿਣੇ ਰੱਖੀ ਜ਼ਮੀਨ ਨਾ ਛੁਡਵਾ ਸਕੇ ਤੇ ਕਿਸੇ ਦੀਆਂ ਬਰੂਹਾਂ ਕਰਜ਼ ਦੇਣ ਵਾਲਿਆਂ ਦੀ 'ਤਾਬ' ਨਾ ਝੱਲ ਸਕਣ। ਗੱਲ ਸਿਰਫ਼ ਇਨ੍ਹਾਂ 30 ਪੰਜਾਬੀਆਂ ਦੀ ਹੀ ਨਹੀਂ ਜੋ ਅਮਰੀਕਾ ਤੋਂ ਆਏ ਹਨ ਮਸਲਾ ਤਾਂ ਲੋੜਾਂ ਪੂਰੀਆਂ ਕਰਨ ਲਈ ਪਰਵਾਸ ਵੱਲ ਰੁਖ਼ ਕਰਨ ਦਾ ਹੈ। ਵੱਡੀ ਗਿਣਤੀ ਪੰਜਾਬੀ ਵਿਦਿਆਰਥੀ ਲੱਖਾਂ ਰੁਪਏ ਖ਼ਰਚ ਕੇ ਕੈਨੇਡਾ, ਆਸਟਰੇਲੀਆ, ਜਰਮਨੀ ਤੇ ਹੋਰ ਮੁਲਕਾਂ 'ਚ ਵਿਦਿਆ ਪ੍ਰਾਪਤੀ ਦੇ ਨਾਂ 'ਤੇ ਜਾ ਰਹੇ ਹਨ। ਕੈਨੇਡਾ ਨੇ ਵੀ ਪਿਛਲੇ ਸਮੇਂ ਦੌਰਾਨ ਇਨ੍ਹਾਂ ਵਿਦਿਆਰਥੀਆਂ ਨੂੰ ਰੋਕਣ ਲਈ ਕਈ ਸਖ਼ਤ ਕਦਮ ਚੁੱਕੇ ਹਨ। ਪਰਵਾਸ ਸਬੰਧੀ ਕਾਨੂੰਨ ਬਦਲੇ ਜਾ ਰਹੇ ਹਨ ਅਤੇ ਹੁਣ ਕੈਨੇਡਾ 'ਚ ਵੀ ਸਥਾਈ ਨਾਗਰਿਕਤਾ ਲੈਣਾ ਪਹਿਲਾਂ ਵਾਂਗ ਸੌਖਾ ਨਹੀਂ ਰਿਹਾ। ਜੇ ਕਾਨੂੰਨ ਹੋਰ ਸਖ਼ਤ ਹੁੰਦੇ ਹਨ ਤੇ ਕੋਈ ਰਿਆਇਤ ਨਹੀਂ ਦਿੱਤੀ ਜਾਂਦੀ ਤਾਂ ਆਉਣ ਵਾਲੇ ਸਮੇਂ 'ਚ ਕੈਨੇਡਾ ਤੋਂ ਵੀ ਸਾਡੇ ਵਿਦਿਆਰਥੀ ਪੰਜਾਬ ਵਾਪਸ ਆਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੇ ਵਿਦੇਸ਼ੀ ਵਿਦਿਅਕ ਸੰਸਥਾਵਾਂ ਦੀਆਂ ਵੱਡੀਆਂ ਫੀਸਾਂ ਤਾਰੀਆਂ ਹਨ ਤੇ ਏਜੰਟਾਂ ਦੇ ਘਰ ਵੀ ਭਰੇ ਹਨ। ਕੈਨੇਡਿਆਈ ਕਾਨੂੰਨ ਵੀ ਇਹ ਵਾਅਦਾ ਨਹੀਂ ਕਰਦਾ ਕਿ ਉੱਥੇ ਵਿੱਦਿਆ ਹਾਸਿਲ ਕਰਨ ਵਾਲਿਆਂ ਨੂੰ ਉੱਥੇ ਵੱਸਣ ਦਾ ਅਧਿਕਾਰ ਵੀ ਮਿਲੇਗਾ। ਸਥਿਤੀ ਬੜੀ ਚਿੰਤਾਜਨਕ ਹੈ। ਸਾਡੀਆਂ ਸਰਕਾਰਾਂ ਕਈ ਦਹਾਕਿਆਂ 'ਚ ਵੀ ਸਾਡੀ ਨਵੀਂ ਪੀੜ੍ਹੀ ਦਾ ਭਵਿੱਖ ਸੁਰੱਖਿਅਤ ਨਹੀਂ ਕਰ ਸਕੀਆਂ। ਜੇ ਇਹੋ ਹਾਲਾਤ ਰਹਿੰਦੇ ਹਨ ਤਾਂ ਇੱਕ ਤੋਂ ਦੂਜੇ ਤਰੀਕੇ ਅਤੇ ਇੱਕ ਤੋਂ ਦੂਜੇ ਦੇਸ਼ ਭਟਕਣਾ ਤੇ ਜੱਦੋਜਹਿਦ ਕਰਨਾ ਹੀ ਨਵੀਂ ਪੀੜ੍ਹੀ ਦਾ ਨਸੀਬ ਬਣਿਆ ਰਹੇਗਾ।

# ਨਸ਼ਿਆਂ ਦੀ ਦਲਦਲ ਵੱਡੀ ਚਣੌਤੀ

ਲਿਖਤ : ਗੁਰਮੀਤ ਸਿੰਘ ਪਲਾਹੀ
ਸੰਪਰਕ : 98158-02070

ਬੱਚਿਆਂ,ਭੋਲੇ-ਭਾਲੇ ਚੜ੍ਹਦੀ ਉਮਰ ਦੇ ਮੁੱਛ-ਫੁੱਟ ਗੱਭਰੂਆਂ,ਨੌਜਵਾਨ-ਮੁਟਿਆਰਾਂ ਨੂੰ ਆਪਣੇ ਰਸਤੇ ਤੋਂ ਭਟਕਾ ਕੇ ਦੇਸ਼, ਦੁਨੀਆ ਵਿੱਚ ਮਨ-ਆਈਆਂ ਕਰਨ ਲਈ, ਸਭ ਤੋਂ ਸੌਖਾ ਤਰੀਕਾ ਜਿਹੜਾ ਦਿਸਦਾ ਹੈ, ਉਹ ਨਸ਼ੀਲੇ ਪਦਾਰਥ ਬਨਾਉਣਾ, ਵੰਡਣਾ, ਵੇਚਣਾ ਅਤੇ ਇਸਦਾ ਦੁਨੀਆਂ ਭਰ 'ਚ ਪ੍ਰਸਾਰ ਕਰਨਾ ਹੈ। ਇਹ ਕੰਮ ਕਰਨ ਵਾਲੇ ਨਸ਼ਾ ਸੌਦਾਗਰ ਇੰਨੇ ਬਲਬਾਨ ਹੋ ਚੁੱਕੇ ਹਨ ਕਿ ਦੁਨੀਆ ਦੀ ਕੋਈ ਵੀ ਸਰਕਾਰ ਨਸ਼ੇ ਦੇ ਇਹਨਾਂ ਸੌਦਾਗਰਾਂ ਉਤੇ ਪੱਕੇ ਤੌਰ 'ਤੇ ਪਾਬੰਦੀ ਲਾਉਣ ਤੋਂ ਅਸਮਰਥ ਹੈ। ਇਸੇ ਕਰਕੇ ਨਸ਼ਿਆਂ ਦਾ ਅੰਤ ਨਹੀਂ ਹੋ ਰਿਹਾ।


ਦੁਨੀਆ ਭਰ 'ਚ ਨਸ਼ੀਲੇ ਪਦਾਰਥਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੀਲੇ ਪਦਾਰਥ ਬਨਾਉਣ ਤੋਂ ਲੈਕੇ ਵੇਚਣ ਤੱਕ ਦੇ ਆਪਣੇ ਕੰਮ ਨੂੰ ਨਸ਼ਾ ਸੌਦਾਗਰ ਅਤਿਅੰਤ ਵਪਾਰਕ ਪੱਧਰ 'ਤੇ ਪੂਰਾ ਕਰਦੇ ਹਨ। ਕੋਈ ਦੋ ਰਾਵਾਂ ਨਹੀਂ ਕਿ ਸਾਸ਼ਨ-ਪ੍ਰਸ਼ਾਸ਼ਨ ਦੀਆਂ ਕੁਝ ਗੰਦੀਆਂ ਮੱਛੀਆਂ ਲੁਕਵੇਂ ਰੂਪ 'ਚ ਇਸ ਵਿੱਚ ਸ਼ਾਮਲ ਹਨ। ਜੇਕਰ ਇੰਜ ਨਾ ਹੁੰਦਾ ਤਾਂ ਨਸ਼ਾ ਮਾਫੀਆ ਇਸ ਕਦਰ ਵੱਧ-ਫੁੱਲ ਨਹੀਂ ਸੀ ਸਕਦਾ।

ਸਮੱਸਿਆ ਨਸ਼ਿਆਂ ਦੇ ਪਦਾਰਥਾਂ ਦੀ ਖਰੀਦੋ-ਫ਼ਰੋਖਤ ਤੱਕ ਹੀ ਸੀਮਤ ਨਹੀਂ ਰਹੀ। ਪੈਕਟ ਬੰਦ ਡੱਬੇ, ਡੱਬੇ ਬੰਦ ਭੋਜਨ ਅਤੇ ਪੀਣ ਵਾਲੀਆਂ ਚੀਜਾਂ ਵਿੱਚ ਵੀ ਸਿਹਤ ਲਈ ਘਾਤਕ, ਮੌਤ ਦੇ ਮੂੰਹ ਧੱਕਣ ਵਾਲੇ ਰਸਾਇਣਿਕ ਮਿਸ਼ਰਣ ਪਾਏ ਜਾਂਦੇ ਹਨ। ਪਿਛਲੇ 25 ਵਰ੍ਹਿਆਂ 'ਚ ਇਹ ਅਭਿਆਸ ਨਿਰੰਤਰ ਵਧਿਆ ਹੈ। ਇਸ ਅਭਿਆਸ ਦੀ ਨਿਗਰਾਨੀ ਉਤੇ,ਜੋ ਪਹਿਲਾਂ ਸਰਕਾਰੀ ਬੰਦਸ਼ ਸੀ, ਉਹ ਕਾਫੀ ਢਿੱਲੀ ਪੈ ਚੁੱਕੀ ਹੈ। ਹੁਣ ਕਣਕ, ਚਾਵਲ, ਦਾਲ, ਸਬਜੀ, ਫਲ, ਮਸਾਲੇ, ਤੇਲ, ਘਿਓ, ਪੈਕਟ ਬੰਦ ਭੋਜਨ ਅਤੇ ਸੋਡਾ ਵਾਟਰ ਤੇ ਹੋਰ ਪੀਣ ਵਾਲੇ ਪਦਾਰਥਾਂ ਵਿੱਚ ਇਸ ਦੀ ਮਾਤਰਾ ਆਮ ਪਾਈ ਜਾਂਦੀ ਹੈ, ਜਿਸਨੇ ਬਹੁਤੇ ਲੋਕਾਂ ਦੀ ਸਿਹਤ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਆਮ ਆਦਮੀ ਬੇਬਸ ਹੈ। ਉਸਦੇ ਸਰੀਰ ਦੇ ਅੰਦਰੂਨੀ ਅੰਗਾਂ ਉਤੇ ਇਸਦਾ ਅਸਰ ਪੈ ਰਿਹਾ ਹੈ। ਇਹਦਾ ਅਸਰ ਮਨੁੱਖ ਦੀ ਮਨੋ ਅਵਸਥਾ ਉਤੇ ਵੀ ਪੈਂਦਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਭਾਰਤ ਲਈ ਹੀ ਨਹੀਂ, ਸਗੋਂ ਦੁਨੀਆਂ ਲਈ ਵੀ ਵੱਡੀ ਸਿਰਦਰਦੀ ਹੈ। ਲਗਭਗ ਸਾਰੇ ਦੇਸ਼ਾਂ ਦੇ ਵੱਡੀ ਸੰਖਿਆ 'ਚ ਛੋਟੀ ਉਮਰ ਵਾਲੇ ਅਤੇ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ। ਹੈਰਾਨੀਜਨਕ ਤਾਂ ਇਹ ਹੈ ਕਿ ਕਾਨੂੰਨੀ ਤੌਰ 'ਤੇ ਨਸ਼ਿਆਂ ਦੀ ਮਨਾਹੀ ਹੈ। ਪਰ ਇਹ ਧੰਦਾ ਰੁਕ ਨਹੀਂ ਰਿਹਾ, ਲਗਾਤਾਰ ਵੱਧ ਰਿਹਾ ਹੈ। ਸਵਾਲ ਉੱਠਦੇ ਹਨ ਕਿ ਕੀ ਇਹ ਸਭ ਕੁਝ ਸਰਕਾਰੀ ਮਿਲੀ ਭੁਗਤ ਨਾਲ ਹੋ ਰਿਹਾ ਹੈ? ਤੱਥ ਇਹ ਵੀ ਕੱਢੇ ਜਾ ਰਹੇ ਹਨ ਕਿ ਜਿਹਨਾ ਦੇਸ਼ਾਂ ਵਿੱਚ ਪਰਿਵਾਰਿਕ ਇਕਾਈਆਂ ਟੁੱਟ ਰਹੀਆਂ ਹਨ ਜਾਂ ਟੁੱਟ ਚੁੱਕੀਆਂ ਹਨ, ਉਥੇ ਨੌਜਵਾਨਾਂ 'ਚ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੈ।

ਭਾਰਤ ਜਿਹੇ ਦੇਸ਼ ਵਿੱਚ ਹੁਣ ਵੀ ਬੱਚਿਆਂ ਅਤੇ ਨੌਜਵਾਨਾਂ ਨੂੰ ਪਰਿਵਾਰ ਅਤੇ ਸਮਾਜ ਦਾ ਡਰ ਹੈ, ਇਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਹੈ, ਲੇਕਿਨ ਪਿਛਲੇ ਕੁਝ ਦਹਾਕਿਆਂ ਵਿੱਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਹਨਾ ਸੂਬਿਆਂ ਚ ਸਰਕਾਰਾਂ ਦਾ ਕੁ-ਪ੍ਰਬੰਧ ਹੈ, ਉਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੱਧ ਰਹੀ ਹੈ ਅਤੇ ਨਸ਼ਿਆਂ ਦਾ ਪ੍ਰਕੋਪ ਸਿਖ਼ਰਾਂ 'ਤੇ ਪੁੱਜ ਗਿਆ ਹੈ।ਭਾਰਤ ਦੇ ਸਰਹੱਦੀ ਸੂਬੇ ਇਸਦੀ ਮਾਰ ਵਿੱਚ ਹਨ। ਪੰਜਾਬ ਨਸ਼ਿਆਂ ਦੀ ਵੱਡੀ ਮਾਰ ਸਹਿ ਰਿਹਾ ਹੈ।

ਨਸ਼ਿਆਂ ਦੀ ਵਰਤੋਂ ਦੀ ਵੱਧ ਰਹੀ ਤਸਵੀਰ ਅੰਕੜਿਆਂ ਤੋਂ ਵੇਖੀ ਜਾ ਸਕਦੀ ਹੈ। ਇਕੱਲੇ 2024 ਵਿੱਚ ਹੀ 16,914 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਕੁਝ ਦਿਨ ਪਹਿਲਾਂ ਨਵੀਂ ਦਿੱਲੀ 'ਚ 560 ਕਿਲੋ ਤੋਂ ਜ਼ਿਆਦਾ ਕੋਕੀਨ ਅਤੇ 40 ਕਿਲੋ ਮਾਰਜੁਆਨਾ ਫੜਿਆ ਗਿਆ। ਇਸ ਦੀ ਕੀਮਤ ਸੱਤ ਹਜ਼ਾਰ ਕਰੋੜ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਇੱਕ ਕਾਰਖਾਨੇ ਵਿੱਚ 1814 ਕਰੋੜ ਮੁੱਲ ਦਾ 907 ਕਿਲੋ ਮੈਫੇਡਰੀਨ ਪਦਾਰਥ ਫੜਿਆ ਗਿਆ। ਇਹ ਨਸ਼ਾ ਬਨਾਉਣ ਵਾਲੀ ਕੱਚੀ ਸਮੱਗਰੀ ਵਜੋਂ ਵਰਤਿਆਂ ਜਾਂਦਾ ਹੈ। ਇੰਝ ਬਹੁਤ ਵੱਡੀ ਰਾਸ਼ੀ ਨਸ਼ਿਆਂ ਦੇ ਪਦਾਰਥਾਂ ਦੇ ਪ੍ਰਚਲਣ ਲਈ ਇਸਤੇਮਾਲ ਹੋ ਰਹੀ ਹੈ।ਹੈਰਾਨੀਜਨਕ ਹੈ ਕਿ ਅੰਕੜਿਆਂ 'ਚ ਦੱਸਿਆ ਹੈ ਕਿ ਇਹ ਪਦਾਰਥ ਜਾਂ ਸਮੱਗਰੀ ਉਹ ਹੈ ਜੋ ਛਾਪਿਆਂ 'ਚ ਜਬਤ ਕੀਤੀ ਜਾ ਰਹੀ ਹੈ, ਪਰ ਪੈਸੇ ਦੀ ਜਿਹੜੀ ਵਰਤੋਂ ਨਸ਼ਾ ਵਪਾਰ 'ਚ ਹੋ ਰਹੀ ਹੈ, ਉਸਦਾ ਅੰਦਾਜ਼ਾ ਲਗਾਇਆ ਹੀ ਨਹੀਂ ਜਾ ਸਕਦਾ।



ਭਾਰਤ ਵਿੱਚ ਸਾਲ 2009 ਤੋਂ 2014 ਤੱਕ ਕੁੱਲ 3.63 ਲੱਖ ਨਸ਼ੀਲੇ ਪਦਾਰਥ ਜ਼ਬਤ ਹੋਏ ਜਦਕਿ 2014 ਤੋਂ 2024 ਤੱਕ 24 ਲੱਖ ਕਿਲੋ ਨਸ਼ੀਲੇ ਪਦਾਰਥ ਜ਼ਬਤ ਹੋਏ। 2004 -14 ਤੱਕ ਨਸ਼ੀਲੇ ਜ਼ਬਤ ਪਦਾਰਥਾਂ ਦਾ ਮੁੱਲ 8150 ਕਰੋੜ ਸੀ ਜਦਕਿ 2014-24 ਦੇ ਵਿੱਚ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਦਾ ਮੁੱਲ 54,831 ਕਰੋੜ ਸੀ। ਭਾਰਤ ਵਿੱਚ ਵੀ ਤੇ ਦੁਨੀਆ ਵਿੱਚ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਚਰਮ ਸੀਮਾ 'ਤੇ ਹੈ। ਇਸ ਕਾਲੇ ਕਾਰੋਬਾਰ ਨੂੰ ਵਧਾਉਣ ਲਈ ਮਾਨਵ ਤਸਕਰੀ ਅਤੇ ਖ਼ਾਸ ਕਰਕੇ ਵੇਸਵਾ ਵਿਰਤੀ ਦਾ ਪ੍ਰਚਲਣ ਵਧ ਰਿਹਾ ਹੈ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸੰਖਿਆ ਇਸ ਕਾਲੇ ਧੰਦੇ ਵਿੱਚ ਘਸੀਟੀ ਜਾ ਰਹੀ ਹੈ।

ਨਸ਼ਾ ਤਸਕਰੀ 'ਚ ਤਸਕਰ-ਗ੍ਰੋਹ ਡਾਰਕ ਵੇਵ, ਔਨਲਾਈਨ ਅਤੇ ਡਰੋਨ ਅਧਾਰਿਤ ਠੱਗੀ ਵੀ ਸ਼ੁਰੂ ਕਰ ਚੁੱਕੇ ਹਨ। ਨਤੀਜਾ ਇਹ ਹੈ ਕਿ ਉਹਨਾ ਦੀਆਂ ਵਿਆਪਕ ਭੈੜੀਆਂ ਸਰਗਰਮੀਆਂ ਦੀ ਮਾਰ ਹੇਠ ਸਮਾਜ ਦੀ ਕੋਈ ਵੀ ਗਤੀਵਿਧੀ ਸੁਰੱਖਿਅਤ ਨਹੀਂ ਰਹੀ। ਇਥੋਂ ਤੱਕ ਕਿ ਦੇਸ਼ਾਂ ਦੀ ਆਰਥਿਕਤਾ ਵੀ ਇਹਨਾਂ ਤਸਕਰ-ਗ੍ਰੋਹਾਂ ਦੇ ਨਿਸ਼ਾਨੇ 'ਤੇ ਆ ਚੁੱਕੀ ਹੈ। ਮਾਫੀਆ ਰਾਜ ਦਾ ਪਸਾਰਾ ਇਹਨਾਂ ਦੀ ਬਦੌਲਤ ਵਧ ਫੁੱਲ ਰਿਹਾ ਹੈ। ਅਪਰਾਧਾਂ ਦੀ ਵੱਧ ਰਹੀ ਚਿੰਤਾਜਨਕ ਵੱਡੀ ਗਿਣਤੀ ਵੀ ਨਸ਼ਾ ਗ੍ਰੋਹਾਂ ਦੀ ਉਪਜ ਹੈ, ਜਿਹੜੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਨਿੱਤ ਦਿਹਾੜੇ ਵਾਰਦਾਤਾਂ ਕਰਦੇ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਰੋਜ਼ਗਾਰ ਤੋਂ ਵੰਚਿਤ ਨੌਜਵਾਨ ਇਹਨਾ ਗ੍ਰੋਹਾਂ 'ਚ ਸ਼ਾਮਲ ਹੋ ਰਹੇ ਹਨ ਅਤੇ ਸਮਾਜ ਵਿੱਚ ਨਿੱਤ ਨਵੀਆਂ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ। ਇਸ ਤੋਂ ਵੀ ਵੱਡੀ ਚਿੰਤਾ ਨਸ਼ਾ ਤਸਕਰਾਂ, ਗੁੰਡਾ ਗ੍ਰੋਹਾਂ ਸਮਾਜ ਵਿਰੋਧੀ ਅਨਸਰਾਂ ਦੇ ਸਰਗਨਿਆਂ ਦਾ ਸਿਆਸੀ ਧਿਰਾਂ ਦਾ ਜੋੜ-ਮੇਲ ਵੱਧ ਰਿਹਾ ਹੈ, ਜੋ ਦੇਸ਼ ਵਿੱਚ ਹੋ ਰਹੀਆਂ ਕਿਸੇ ਕਿਸਮ ਦੀਆਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣ ਦੇ ਯੋਗ ਬਣ ਗਏ ਹਨ। ਸਿੱਟਾ ਇਹ ਹੈ ਕਿ ਸਰਵਜਨਕ ਰੂਪ ਵਿੱਚ ਤਸਕਰਾਂ ਦੀ ਅਰਾਜਕਤਾ ਪ੍ਰਭਾਵੀ ਢੰਗ ਨਾਲ ਦੇਸ਼ ਤੇ ਸਮਾਜ ਵਿੱਚ ਦਿਖਣ ਲੱਗੀ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਭਾਰੀ ਪੈਣ ਲੱਗੀ ਹੈ। ਇਥੋਂ ਤੱਕ ਕਿ ਦੇਸ਼ ਦੀ ਸੁਰੱਖਿਆ ਵੀ ਇਹਨਾ ਤਸਕਰਾਂ ਕਾਰਨ ਦਾਅ 'ਤੇ ਲੱਗੀ ਦਿਸ ਰਹੀ ਹੈ, ਕਿਉਂਕਿ ਨਿੱਤ ਦਿਹਾੜੇ ਸਰਹੱਦੋਂ ਪਾਰ ਡਰੋਨ ਹਮਲੇ ਅਤੇ ਸਰਹੱਦੀਆਂ ਥਾਣੇ ਚੌਕੀਆਂ ਉਤੇ ਗਰਨੇਡ ਹਮਲੇ ਹੋ ਰਹੇ ਹਨ। ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿੱਚ ਇਸ ਕਿਸਮ ਦੀਆਂ ਵਾਰਦਾਤਾਂ ਪਿਛੇ ਪੁਲਿਸ ਪ੍ਰਾਸ਼ਾਸ਼ਨ, ਇਹਨਾ ਨਸ਼ਾ ਤਸਕਰਾਂ ਦਾ ਹੀ ਹੱਥ ਵੇਖਦਾ ਹੈ।

ਵੈਸੇ ਤਾਂ ਦੇਸ਼ ਦੇ ਹਰ ਸੂਬੇ 'ਚ ਨਸ਼ਿਆਂ ਦਾ ਜਾਲ ਫੈਲਾਇਆ ਜਾ ਰਿਹਾ ਹੈ। ਪਰ ਸਰਹੱਦੀ ਸੂਬੇ ਇਸਦੀ ਮਾਰ ਹੇਠ ਜ਼ਿਆਦਾ ਹਨ। ਪੰਜਾਬ 'ਚ ਨਸ਼ਾ ਤਸਕਰ ਆਪਣਾ ਪ੍ਰਭਾਵ ਵਧਾ ਚੁੱਕੇ ਹਨ। ਪੰਜਾਬ ਦੇ ਪਿੰਡਾਂ 'ਚ ਸ਼ਹਿਰਾਂ ਦੀਆਂ ਬਸਤੀਆਂ ਦਾ ਬੇਰੋਕ-ਟੋਕ ਮਿਲਣਾ ਅਤੇ ਨਸ਼ਿਆਂ ਖਿਲਾਫ਼ ਬੋਲਣ ਵਾਲਿਆਂ ਨੂੰ ਨਸ਼ਾ ਤਸਕਰਾਂ ਵੱਲੋਂ ਚੁੱਪ ਕਰਵਾਉਣਾ ਆਮ ਜਿਹੀ ਗੱਲ ਹੈ। ਕਈ ਥਾਵਾਂ ਉਤੇ, ਜਿਥੇ ਨਸ਼ਿਆਂ ਦਾ ਭਰਵਾਂ ਵਿਰੋਧ ਹੋਇਆ, ਉਥੇ ਸਰਪੰਚਾਂ ਜਾਂ ਮੁਹੱਤਬਰਾਂ ਦੇ ਕਤਲਾਂ ਦੀਆਂ ਖ਼ਬਰਾਂ ਵੀ ਮਿਲਦੀਆਂ ਹਨ। ਪੰਜਾਬ 'ਚ ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ, ਖੇਤੀ ਖੇਤਰ 'ਚ ਘੱਟ ਰਹੀ ਆਮਦਨ ਕਾਰਨ ਲੋਕਾਂ 'ਚ ਫੈਲੀ ਨਿਰਾਸ਼ਾ, ਸਾਂਝੇ ਪਰਿਵਾਰਾਂ ਦਾ ਟੁੱਟਣਾ, ਨਸ਼ਿਆਂ ਦਾ ਕਾਰਨ ਬਣ ਰਿਹਾ ਹੈ। ਸਿਆਸਤਦਾਨਾਂ ਵੱਲੋਂ ਗੁੰਡਾ ਅਨਸਰਾਂ ਨੂੰ ਆਪਣੇ ਸਵਾਰਥ ਸਿੱਧੀ ਲਈ ਸ਼ਾਬਾਸ਼ੀ, ਨੌਜਵਾਨਾਂ 'ਚ ਗਲੈਮਰ ਦੀ ਭਾਵਨਾ ਵੀ ਭਰਦੀ ਹੈ, ਉਹ ਪਹਿਲਾਂ ਗੁੰਡਾਂ ਗ੍ਰੋਹਾਂ, ਸਮਾਜ ਵਿਰੋਧੀ ਅਨਸਰਾਂ ਵਿੱਚ ਅਤੇ ਫਿਰ ਨਸ਼ਾ ਤਸਕਰਾਂ ਨਾਲ ਸਾਂਝ ਭਿਆਲੀ ਨਾਲ ਕੰਮ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਕਾਰਨ ਭਾਵੇਂ ਹੋਰ ਵੀ ਵਧੇਰੇ ਹੋਣ, ਨੌਜਵਾਨਾਂ ਦਾ ਆਰਥਿਕ ਪੱਖੋਂ ਟੁੱਟਣਾ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹ ਦੀ ਕਮੀ ਉਹਨਾ ਨੂੰ ਔਜੜੇ ਰਾਹੀਂ ਪਾਉਂਦੀ ਹੈ, ਜਿਹੜੀ ਅੰਤ 'ਚ ਉਹਨਾ ਦੇ ਉਜਾੜੇ ਦਾ ਕਾਰਨ ਬਣਦੀ ਹੈ।

ਭਾਵੇਂ ਭਾਰਤ ਵਿੱਚ ਨਸ਼ਾ ਤਸਕਰੀ ਰੋਕਣ ਲਈ ਡਰੱਗ ਕੰਟਰੋਲ ਐਕਟ ਬਣਿਆ ਹੋਇਆ ਹੈ। ਨੈਰੋਕੋਟਿਕਸ ਕੰਟਰੋਲ ਬਿਊਰੋ ਇਸ ਕਾਨੂੰਨ ਨੂੰ ਲਾਗੂ ਕਰਨ ਵਾਲੀ ਪ੍ਰਭਾਵੀ ਸਰਕਾਰੀ ਏਜੰਸੀ ਹੈ ਅਤੇ ਇਸ ਐਕਟ ਅਧੀਨ ਸਜ਼ਾਵਾਂ ਵੀ ਭਰਵੀਆਂ ਹਨ, ਜਿਸ ਵਿੱਚ ਜ਼ੁਰਮਾਨਾ ਅਤੇ 10 ਸਾਲ ਤੋਂ 20 ਸਾਲ ਤੱਕ ਦੀ ਕੈਦ ਵੀ ਸ਼ਾਮਲ ਹੈ ਅਤੇ ਬਾਵਜੂਦ ਸਰਕਾਰ ਦੇ ਇਹਨਾਂ ਐਲਾਨਾਂ ਦੇ ਕਿ ਉਸ ਵੱਲੋਂ ਤਸਕਰੀ ਰੋਕਣ ਲਈ ਹਰ ਸੰਭਵ ਯਤਨ ਹੋਣਗੇ, ਨਸ਼ਾ ਤਸਕਰਾਂ ਦੀਆਂ ਸਰਗਰਮੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਅੱਜ ਦੇਸ਼ ਸਾਹਮਣੇ ਵੱਡੀ ਚਣੌਤੀ ਨਸ਼ੇ ਹਨ। ਨੌਜਵਾਨ, ਜਿਹੜੇ ਨਸ਼ਾ ਗ੍ਰਸਤ ਹਨ, ਉਹਨਾ ਨੂੰ ਸਰਕਾਰੀ, ਗੈਰ-ਸਰਕਾਰੀ ਯਤਨਾਂ ਨਾਲ ਮੁੱਖ ਧਾਰਾ ਵਿੱਚ ਲਿਆਂਦਾ ਜਾਣਾ ਸਮੇਂ ਦੀ ਲੋੜ ਹੈ। ਨਸ਼ਾ ਤਸਕਰਾਂ ਵਿਰੁੱਧ ਵੱਡੀ ਲਾਮਬੰਦੀ ਕਰਕੇ ਉਹਨਾਂ ਨੂੰ ਸਖ਼ਤ ਸਜ਼ਾ ਦੇਣ , ਨਸ਼ਾ ਬਨਾਉਣ ਵਾਲੀਆਂ ਗੈਰ-ਕਾਨੂੰਨੀ ਫੈਕਟਰੀਆਂ, ਉਹਨਾ ਦੇ ਮਾਲਕਾਂ ਨੂੰ ਵੱਡੇ ਦੰਡ ਦੇਣ ਦੀ ਵੀ ਲੋੜ ਹੈ।

ਨਸ਼ਾ ਮਾਫੀਆ ਤਿਕੜੀ, ਜਿਸ ਵਿੱਚ ਨਸ਼ਾ ਤਸਕਰ, ਭੈੜੇ ਸਵਾਰਥੀ ਸਿਆਸਤਦਾਨ ਅਤੇ ਸੁਰੱਖਿਆ ਬਲਾਂ 'ਚ ਬੈਠੀਆਂ ਕਾਲੀਆਂ ਭੇਡਾਂ ਸ਼ਾਮਲ ਹਨ, ਦਾ ਚਿਹਰਾ ਨੰਗਾ ਕਰਕੇ, ਉਹਨਾ ਨੂੰ ਨੱਥ ਪਾਉਣ ਤੋਂ ਬਿਨ੍ਹਾਂ ਆਮ ਲੋਕਾਂ ਦੀ ਨਸ਼ਿਆਂ ਪ੍ਰਤੀ ਚਿੰਤਾ-ਮੁਕਤੀ ਸੰਭਵ ਨਹੀਂ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.




ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4



Gurnek Bangar
(Pasla)

# ਰੱਬ ਇੱਕ ਗੁੰਝਲਦਾਰ ਬੁਝਾਰਤ?



ਲਿਖਤ : ਇੰਜ. ਈਸ਼ਰ ਸਿੰਘ,
ਸੰਪਰਕ: 647-640-2014

ਪ੍ਰੋਫੈਸਰ ਮੋਹਨ ਸਿੰਘ ਦੀ ਇਸ ਸਿਰਲੇਖ ਵਾਲੀ ਪ੍ਰਸਿੱਧ ਕਵਿਤਾ, ਰੱਬ ਨੂੰ ਸਮਝਣ ਅਤੇ ਮਿਲਣ ਦੇ ਔਖੇ ਪਰ ਅਸਫਲ ਢੰਗਾਂ ਦਾ ਸੰਖੇਪ ਵਰਣਨ ਕਰਦੀ ਹੈ। ਨੱਬੇ ਸਾਲ ਪਹਿਲਾਂ ਛਪੀ ਇਹ ਰਚਨਾ ਅੱਜ ਵੀ ਪੰਜਾਬੀ ਦੀਆਂ ਹਰਮਨ ਭਾਉਂਦੀਆਂ ਕਵਿਤਾਵਾਂ ’ਚ ਗਿਣੀ ਜਾਂਦੀ ਹੈ ਅਤੇ ਇਸ ਦੀਆਂ ਪਹਿਲੀਆਂ ਤੁਕਾਂ ਹਨ:

ਰੱਬ ਇੱਕ ਗੁੰਝਲਦਾਰ ਬੁਝਾਰਤ,
ਰੱਬ ਇੱਕ ਗੋਰਖ-ਧੰਦਾ।
ਖੋਲ੍ਹਣ ਲੱਗਿਆਂ ਪੇਚ ਏਸ ਦੇ,
ਕਾਫ਼ਰ ਹੋ ਜਾਏ ਬੰਦਾ।

ਆਪਣੀ ਕਵਿਤਾ ਦਾ ਨਾਇਕ ‘ਰੱਬ’ ਨੂੰ ਬਣਾ ਕੇ ਪ੍ਰੋ. ਮੋਹਨ ਸਿੰਘ ਨੇ ਆਪਣੀ ਸੂਝ-ਬੂਝ ਦਾ ਸਬੂਤ ਦਿੱਤਾ ਹੈ ਕਿਉਂਕਿ ਉਸ ਦੇ ਅਣਗਿਣਤ ਨਾਵਾਂ ’ਚੋਂ ਇਹ ਹੀ ਇੱਕ ਐਸਾ ਨਾਉਂ ਹੈ ਜੋ ਅਜੇ ਤੱਕ ਕਿਸੇ ਧਰਮ ਜਾਂ ਸੰਪ੍ਰਦਾ ਵੱਲੋਂ ‘ਪੇਟੈਂਟ’ ਨਹੀਂ ਕਰਵਾਇਆ ਗਿਆ। ਇਸੇ ਕਰਕੇ ਪ੍ਰੰਪਰਾਗਤ ਧਰਮਾਂ ਦੇ ਕਥਿਤ ਰਾਖੇ ਇਸ ਨਾਉਂ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ ਅਤੇ ਇਸ ਲਈ ਮਰ-ਮਿਟਣ ਦੇ ਦਾਅਵੇ ਨਹੀਂ ਕਰਦੇ। ਚੰਗੀ ਗੱਲ ਇਹ ਹੈ ਕਿ ਅੱਜ ਵੀ ਇਹ ਨਾਉਂ ਸੰਪ੍ਰਦਾਇਕਤਾ ਤੋਂ ਨਿਰਲੇਪ ਇੱਕ ਗ਼ੈਰ-ਰਸਮੀ ਨਾਉਂ ਹੈ, ਜਿਸ ਨਾਲ ਅਸੀਂ ਕੁਝ ਖੁੱਲ੍ਹ-ਖੇਡ ਲੈ ਸਕਦੇ ਹਾਂ। ਇਸ ਨਾਉਂ ਰਾਹੀਂ ਅਸੀਂ ਉਸ ਨੂੰ ਕਿਸੇ ਖੁਸ਼ਾਮਦੀ ਵਿਸ਼ੇਸ਼ਣ ਵਰਤਣ ਤੋਂ ਬਗੈਰ, ਬੇਝਿਜਕ ਹੋ ਕੇ ਮੁਖਾਤਿਬ ਕਰ ਸਕਦੇ ਹਾਂ। ਇਸ ਨਾਉਂ ਨੂੰ ਕਿਸੇ ਵੀ ਭਾਵ ਨਾਲ ਵਰਤ ਸਕਦੇ ਹਾਂ, ਇੱਥੋਂ ਤੱਕ ਕਿ ਉਸ ਦੀ ਹੋਂਦ ਤੋਂ ਵੀ ਇਨਕਾਰੀ ਹੋ ਸਕਦੇ ਹਾਂ। ਇਸ ਰਾਹੀਂ ਅਸੀਂ ਉਸ ਨੂੰ ਪਿਆਰ ਕਰ ਸਕਦੇ ਹਾਂ, ਉਸ ਨਾਲ ਰੋਸਾ ਕਰ ਸਕਦੇ ਹਾਂ। ਉਸ ਨੂੰ ਚੰਗਾ ਕਹਿ ਸਕਦੇ ਹਾਂ, ਉਸ ਨੂੰ ਨਾ-ਚੰਗਾ ਕਹਿ ਸਕਦੇ ਹਾਂ। ਉਸ ਤੋਂ ਕੁਝ ਮੰਗ ਸਕਦੇ ਹਾਂ ਅਤੇ ਨਾ ਦਿੱਤੇ ਜਾਣ ’ਤੇ ਉਸ ਨੂੰ ਉਲਾਂਭੇ ਦੇ ਸਕਦੇ ਹਾਂ ਤੇ ਵੱਧ-ਘੱਟ ਵੀ ਬੋਲ ਸਕਦੇ ਹਾਂ। ਉਸ ਨੂੰ ਇਸ ਸੰਸਾਰ ਦਾ ਪ੍ਰਬੰਧ ਸਹੀ ਤਰੀਕੇ ਨਾਲ ਨਾ ਕਰ ਸਕਣ ਲਈ ਪੱਖਪਾਤੀ ਤੇ ਬੇਦਰਦ ਕਹਿ ਸਕਦੇ ਹਾਂ। ਇੱਥੋਂ ਤੱਕ ਕਹਿ ਸਕਦੇ ਹਾਂ ਕਿ ਓਹ ਮਨੁੱਖੀ ਹਾਲਾਤ ਅਤੇ ਭਾਵਨਾਵਾਂ ਪ੍ਰਤੀ ਉਦਾਸੀਨ ਅਤੇ ਬੇਕਿਰਕ ਹੈ ਕਿਉਂਕਿ ਉਸ ਦੇ ਸਾਹਮਣੇ ਚੰਗਿਆਂ ਦਾ ਮੰਦਾ ਤੇ ਮੰਦਿਆਂ ਦਾ ਚੰਗਾ ਹੋਈ ਜਾਂਦਾ ਹੈ। ਕਹਿ ਸਕਦੇ ਹਾਂ ਕਿ ਏਨੇ ਚਿਰ ਤੋਂ ਰੱਬ-ਪੁਣਾ ਕਰਦੇ ਹੋਣ ਦੇ ਬਾਵਜੂਦ ਉਸ ਨੇ ਆਪਣੇ ਤਜਰਬੇ ਤੋਂ ਬਹੁਤੇ ਸਬਕ ਨਹੀਂ ਸਿੱਖੇ। ਇਹ ਸਭ ਕਹਿਣ ਲਈ ਸਾਨੂੰ ਕੋਈ ਕੁਝ ਨਹੀਂ ਕਹਿੰਦਾ ਜਦੋਂਕਿ ‘ਪੇਟੈਂਟ’ ਕੀਤੇ ਨਾਵਾਂ ਰਾਹੀਂ ਰੱਬ ਬਾਰੇ ਇੰਨਾ ਸੋਚ ਲੈਣ ਦੀ ਵੀ ਸਜ਼ਾ ਮਿਲ ਸਕਦੀ ਹੈ। ਇਸ ਨਾਉਂ ਰਾਹੀਂ ਰੱਬ ਨਾਲ ਇਸ ਤਰ੍ਹਾਂ ਦੀ ਖੁੱਲ੍ਹ-ਖੇਡ ਸ਼ਿਵ ਕੁਮਾਰ ਬਟਾਲਵੀ ਅਤੇ ਇਨ੍ਹਾਂ ਤੋਂ ਪਹਿਲਾਂ ਸਾਈਂ ਬੁੱਲ੍ਹੇ ਸ਼ਾਹ ਵਰਗਿਆਂ ਨੇ ਵੀ ਲਈ ਹੈ।

ਇਹ ਨਾਉਂ ਦੋਵੇਂ ਪੰਜਾਬਾਂ ਦੀ ਆਮ ਜਨਤਾ ’ਚ ਹਰਮਨ ਪਿਆਰਾ ਹੈ ਭਾਵੇਂ ਕਿ ‘ਪੰਜਾਬ’ ਸ਼ਬਦ ਦੀ ਤਰ੍ਹਾਂ ਇਹ ਵੀ ਪੰਜਾਬੀ ਭਾਸ਼ਾ ਦਾ ਸ਼ਬਦ ਨਹੀਂ। ਰੱਬ ਅਰਬੀ ਭਾਸ਼ਾ ਦਾ ਸ਼ਬਦ ਹੈ ਜਦੋਂਕਿ ਪੰਜਾਬ ਫ਼ਾਰਸੀ ਦਾ। ਭਾਰਤੀ ਧਾਰਮਿਕ ਗ੍ਰੰਥਾਂ ’ਚ ਇਹ ਨਾਉਂ ਨਾਂਹ ਦੇ ਬਰਾਬਰ ਵਰਤਿਆ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਰੱਬ ਦੇ ਇਸ ਨਾਉਂ ਦੀ ਮਹੱਤਤਾ ਹੋਰਾਂ ਤੋਂ ਘੱਟ ਹੈ। ਇਹ ਇਸਲਾਮ ਧਰਮ ਦੇ ਉਨ੍ਹਾਂ 99 ਮਿਆਰੀ ਨਾਵਾਂ ’ਚੋਂ ਇੱਕ ਹੈ ਜਿਨ੍ਹਾਂ ਦਾ ਜ਼ਿਕਰ ਪਵਿੱਤਰ ਕੁਰਾਨ ਸ਼ਰੀਫ ’ਚ ਆਉਂਦਾ ਹੈ। ਇਸ ਦਾ ਭਾਵ ਮਾਲਿਕ, ਰਾਖਾ ਜਾਂ ਪਾਲਣਹਾਰ ਹੈ ਜਿਸ ਕਰ ਕੇ ਉਸ ਨੂੰ ‘ਰੱਬ-ਉਲ-ਆਲਮੀਨ’ ਯਾਨੀ ਕਿ ਸਾਰੇ ਸੰਸਾਰ ਦਾ ਰੱਬ ਕਿਹਾ ਗਿਆ ਹੈ, ਨਾ ਕਿ ਸਿਰਫ਼ ਇਸਲਾਮ ਦੇ ਉਪਾਸ਼ਕਾਂ ਦਾ। ਰੱਬ ਦੇ ਸਭ ਨਾਉਂ ਉਸ ਦੇ ਗੁਣ-ਵਾਚਕ ਨਾਉਂ ਹਨ, ਉਸ ਦੇ ਸਿਫ਼ਾਤੀ ਜਾਂ ‘ਕੁਆਲੀਟੇਟਿਵ’ ਨਾਉਂ ਹਨ। ਇਹ ਸਭ ਉਸ ਦੇ ਉਪਾਸ਼ਕਾਂ ਨੇ ਆਪੋ-ਆਪਣੇ ਪਿਆਰ ’ਚ ਆ ਕੇ ਰੱਖੇ ਹੋਏ ਹਨ, ਕਿਉਂਕਿ ਉਸ ਦੇ ਅਸਲ ਨਾਉਂ ਦਾ ਕਿਸੇ ਨੂੰ ਪਤਾ ਨਹੀਂ। ਅਸਲ ਨਾਉਂ ਉਹ ਹੁੰਦਾ ਹੈ ਜੋ ਕਿਸੇ ਦੇ ਮਾਤਾ-ਪਿਤਾ ਨੇ ਰੱਖਿਆ ਹੋਵੇ ਅਤੇ ਸਰਕਾਰੇ-ਦਰਬਾਰੇ ਪ੍ਰਵਾਨ ਹੋਵੇ। ਰੱਬ ਦੇ ਮਾਮਲੇ ’ਚ ਇਹ ਸੰਭਵ ਨਹੀਂ ਕਿਉਂਕਿ ਉਸ ਦਾ ਕੋਈ ਮਾਤਾ-ਪਿਤਾ ਜਾਂ ਭੈਣ-ਭਰਾ ਨਹੀਂ ਅਤੇ ਓਹ ਆਪਣੇ-ਆਪ ਹੀ ਬਣਿਆ ਦੱਸੀਂਦਾ ਹੈ। ਹਰ ਨਾਉਂ ਨਾਲ ਉਪਾਸ਼ਕਾਂ ਦੀਆਂ ਭਾਵਨਾਵਾਂ, ਸ਼ਰਧਾ ਅਤੇ ਪ੍ਰੇਮ ਜੁੜਿਆ ਹੋਇਆ ਹੈ। ਇਸ ਤਰ੍ਹਾਂ ਦੇ ਨਾਉਂ ਅਸੀਂ ਆਪਣੇ ਮਹਾਂ-ਪੁਰਖਾਂ ਦੇ ਵੀ ਰੱਖੇ ਹੋਏ ਹਨ। ਉਦਾਹਰਣ ਵਜੋਂ, ਅਸੀਂ ਸ੍ਰੀ ਕ੍ਰਿਸ਼ਨ ਭਗਵਾਨ ਨੂੰ ਬੰਸਰੀ ਵਾਲਾ, ਸ਼ਿਆਮ-ਸੁੰਦਰ, ਮੁਰਲੀ ਮਨੋਹਰ, ਮੁਰਾਰੀ ਕਹਿੰਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਜਰੀ ਦਾ ਚੰਨ, ਬਾਜਾਂ ਵਾਲਾ, ਕਲਗੀਆਂ ਵਾਲਾ, ਅੰਮ੍ਰਿਤ ਦਾ ਦਾਤਾ, ਸਰਬੰਸਦਾਨੀ ਕਹਿੰਦੇ ਹਾਂ। ਇਸ ਤੋਂ ਸਪਸ਼ਟ ਹੈ ਕਿ ਰੱਬ ਦੇ ਸਾਰੇ ਨਾਉਂ ਸਤਿਕਾਰਯੋਗ ਹਨ ਅਤੇ ਇਨ੍ਹਾਂ ਬਾਰੇ ਬਹਿਸ-ਮੁਬਾਹਿਸਾ ਗ਼ਲਤ ਹੈ ਕਿਉਂਕਿ ਇਹ ਉਸ ਨੂੰ ਗੁੰਝਲਦਾਰ ਬੁਝਾਰਤ ਜਾਂ ਗੋਰਖ-ਧੰਦਾ ਬਣਾਉਣ ਦਾ ਇੱਕ ਕਾਰਨ ਬਣਦਾ ਹੈ।

ਇਸ ਤਰ੍ਹਾਂ, ਸਰਲ ਸੁਭਾਅ ਦੇ ਮਾਲਿਕ ਰੱਬ ਦੇ ਦੋ ਪੱਖ ਹਨ ਜੋ ਸਾਨੂੰ ਆਪਾ-ਵਿਰੋਧੀ ਲੱਗਦੇ ਹਨ। ਇਸ ਦਾ ਇੱਕੋ-ਇੱਕ ਸਪਸ਼ਟੀਕਰਨ ਇਹ ਹੈ ਕਿ ਜੇ ਉਸ ਨੂੰ ਸਹੀ ਢੰਗ ਨਾਲ ਸਮਝਿਆ ਜਾਵੇ ਤਾਂ ਓਹ ਸਰਲ ਹੈ, ਜੇ ਸਹੀ ਢੰਗ ਨਾਲ ਨਾ ਸਮਝਿਆ ਜਾਵੇ ਤਾਂ ਓਹ ਗੁੰਝਲਦਾਰ ਹੈ। ਕੀ ਅਸੀਂ ਗੁੰਝਲਦਾਰ ਬਣੇ ਰੱਬ ਨੂੰ ਸਰਲ ਬਣਾ ਸਕਦੇ ਹਾਂ? ਇਸ ਸਵਾਲ ਦਾ ਜਵਾਬ ਸਮਝਣ ਲਈ ਆਪਾਂ ਸਾਇੰਸ ਅਤੇ ਤਕਨਾਲੋਜੀ ਨੂੰ ਉਦਾਹਰਣ ਅਤੇ ਬਿੰਬ (ਮੈਟਾਫਰ) ਬਣਾਉਂਦੇ ਹਾਂ, ਕਿਉਂਕਿ ਔਖੀਆਂ ਗੱਲਾਂ ਨੂੰ ਸਮਝਣ ਲਈ ਆਪਾਂ ਆਪਣੀਆਂ ਜਾਣੀਆਂ-ਪਛਾਣੀਆਂ ਚੀਜ਼ਾਂ ਦੀਆਂ ਉਦਾਹਰਣਾਂ ਅਤੇ ਉਨ੍ਹਾਂ ਦੇ ਬਿੰਬਾਂ ਦਾ ਸਹਾਰਾ ਆਮ ਲੈਂਦੇ ਹਾਂ। ਪਹਿਲੇ ਸਮਿਆਂ ’ਚ ਸਾਡਾ ਵਾਹ ਗੁੰਝਲਦਾਰ ਅਤੇ ਗੋਰਖਧੰਦਾ-ਨੁਮਾ ਚੀਜ਼ਾਂ ਨਾਲ ਬਹੁਤ ਘੱਟ ਪੈਂਦਾ ਸੀ। ਪਰ ਅੱਜ ਸਾਇੰਸ ਅਤੇ ਤਕਨਾਲੋਜੀ ਕਰਕੇ ਬਣੇ ਇਸ ਤਰ੍ਹਾਂ ਦੇ ਅਨੇਕਾਂ ਜੰਤਰਾਂ, ਮਸ਼ੀਨਾਂ ਅਤੇ ਸਿਸਟਮਾਂ ਨਾਲ ਸਾਡਾ ਵਾਹ ਹਰ ਵਕਤ ਪੈਂਦਾ ਹੈ। ਇਹ ਰੱਬ ਜਿੰਨੇ ਗੁੰਝਲਦਾਰ ਭਾਵੇਂ ਨਹੀਂ, ਪਰ ਫਿਰ ਵੀ ਇਨ੍ਹਾਂ ’ਚੋਂ ਕਿਸੇ ਦੀ ਵੀ ਥਿਊਰੀ ਜਾਂ ਬਣਤਰ ਦਾ ਸਾਨੂੰ ਪਤਾ ਨਹੀਂ, ਕਿਸੇ ਦੇ ਕੰਮ ਕਰਨ ਦੇ ਵਿਧੀ-ਵਿਧਾਨ ਦਾ ਕੋਈ ਪਤਾ ਨਹੀਂ। ਇਹ ਸਭ ਸਾਡੇ ਲਈ ‘ਬਲੈਕ ਬੌਕਸ’ ਹਨ, ਫਿਰ ਵੀ ਅਸੀਂ ਇਨ੍ਹਾਂ ਦੀ ਪੂਰੇ ਭਰੋਸੇ ਅਤੇ ਸੁਰੱਖਿਅਤ ਢੰਗ ਨਾਲ ਵਰਤੋਂ ਕਰਦੇ ਹਾਂ ਅਤੇ ਇਨ੍ਹਾਂ ਤੋਂ ਪੂਰਾ ਲਾਭ ਉਠਾ ਰਹੇ ਹਾਂ। ਨਤੀਜੇ ਵਜੋਂ ਅੱਜ ਸਾਰਾ ਸੰਸਾਰ ਅਣਕਿਆਸਿਆ ਵਿਕਾਸ ਕਰ ਚੁੱਕਿਆ ਹੈ ਅਤੇ ਬਹੁਤ ਖ਼ੁਸ਼ਹਾਲ ਹੈ। ਇਨ੍ਹਾਂ ’ਚੋਂ ਕੁਝ ਯੰਤਰ ਆਪਾਂ ਨਿੱਜੀ ਤੌਰ ’ਤੇ ਵਰਤਦੇ ਹਾਂ ਅਤੇ ਬਹੁਤੇ ਸਮੂਹਿਕ ਤੌਰ ’ਤੇ। ਜਿਵੇਂ ਕਿ ਕਾਰ ਅਤੇ ਮੋਬਾਈਲ ਆਦਿ ਨੂੰ ਨਿੱਜੀ ਤੌਰ ’ਤੇ ਵਰਤਦੇ ਹਾਂ ਅਤੇ ਹਵਾਈ ਜਹਾਜ਼, ਸ਼ਹਿਰਾਂ ਦੇ ਜਲ-ਸਪਲਾਈ, ਸੀਵਰੇਜ, ਬਿਜਲੀ ਦੇ ਪ੍ਰਬੰਧ ਜਾਂ ਡਾਕਟਰੀ ਦੀਆਂ ਮਸ਼ੀਨਾਂ ਆਦਿ ਨੂੰ ਸਮੂਹਿਕ ਤੌਰ ’ਤੇ ਵਰਤਦੇ ਹਾਂ। ਉਦਾਹਰਣ ਵਜੋਂ, ਅੱਜ ਦੀ ਕਾਰ ’ਚ ਤਕਰੀਬਨ ਚਾਲ਼ੀ ਹਜ਼ਾਰ ਪੁਰਜ਼ੇ ਹੁੰਦੇ ਹਨ ਅਤੇ ਤਕਰੀਬਨ ਇੱਕ ਦਰਜਨ ਇੰਜੀਨੀਅਰੀ ਬ੍ਰਾਂਚਾਂ ਦੇ ਸੁਮੇਲ ਨਾਲ ਇਸ ਨੂੰ ਤਿਆਰ ਕੀਤਾ ਜਾਂਦਾ ਹੈ। ਇੰਨੀ ਗੁੰਝਲਦਾਰ ਮਸ਼ੀਨਰੀ ਹੋਣ ਦੇ ਬਾਵਜੂਦ ਸੰਸਾਰ ਭਰ ’ਚ ਲੋਕ ਆਸਾਨੀ ਨਾਲ ਇਨ੍ਹਾਂ ਨੂੰ ਚਲਾ ਅਤੇ ਇਨ੍ਹਾਂ ਦਾ ਲਾਭ ਉਠਾ ਰਹੇ ਹਨ। ਇਨ੍ਹਾਂ ਦੀ ਵਰਤੋਂ ਲਈ ਸਾਨੂੰ ਸਿਰਫ਼ ਸਟੇਰਿੰਗ, ਬਰੇਕ, ਐਕਸਲਰੇਟਰ, ਗੇਅਰ, ਗੈਸ ਦੀ ਟੈਂਕੀ ਆਦਿ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ, ਜਾਂ ਫਿਰ ਇਨ੍ਹਾਂ ਨੂੰ ਚਲਾਉਣ ਦੇ ਲਾਇਸੈਂਸ ਲੈਣੇ ਅਤੇ ਟ੍ਰੈਫਿਕ ਦੇ ਨੇਮ ਸਿੱਖਣੇ ਪੈਂਦੇ ਹਨ।

ਇਸ ਵਰਗੀ ਉਦਾਹਰਣ ਹੀ ਬਿਜਲੀ ਦੀ ਹੈ। ਅਸੀਂ ਘਰ ’ਚ ਦਾਖਲ ਹੋ ਕੇ, ਉਂਗ਼ਲ ਨਾਲ ਛੋਟੀ ਜਿਹੀ ਸਵਿੱਚ ਦੱਬਦੇ ਹਾਂ ਅਤੇ ਸਾਰਾ ਘਰ ਜਗ-ਮਗਾ ਉੱਠਦਾ ਹੈ ਅਤੇ ਉਸ ਤੋਂ ਬਾਅਦ ਹੋਰ ਜ਼ਰੂਰੀ ਕੰਮ ਵੀ ਸਵਿੱਚਾਂ ਦੱਬ-ਦੱਬ ਕੇ ਹੀ ਕਰੀ ਜਾਂਦੇ ਹਾਂ। ਸਭ ਕੁਝ ਕਿਵੇਂ ਹੋਈ ਜਾਂਦਾ ਹੈ? ਕਦੇ ਸੋਚਿਆ-ਸਮਝਿਆ ਵੀ ਨਹੀਂ ਅਤੇ ਸੋਚਣ-ਸਮਝਣ ਦੀ ਕੋਈ ਲੋੜ ਵੀ ਨਹੀਂ ਪੈਂਦੀ। ਇਨ੍ਹਾਂ ਯੰਤਰਾਂ, ਮਸ਼ੀਨਾਂ ਅਤੇ ਸਿਸਟਮਾਂ ਨੂੰ ਬਣਾਉਣ ਵਾਲਿਆਂ ਨੇ ਇਨ੍ਹਾਂ ’ਚ ਉਹ ਸਭ ਸਾਜ਼ੋ-ਸਾਮਾਨ ਲਾਇਆ ਹੋਇਆ ਹੈ ਜਿਸ ਕਰਕੇ ਇਨ੍ਹਾਂ ਦੀ ਵਰਤੋਂ ਆਸਾਨ ਵੀ ਹੈ ਅਤੇ ਇਨ੍ਹਾਂ ਤੋਂ ਇੱਛਿਤ ਲਾਭ ਵੀ ਉਠਾਏ ਜਾ ਰਹੇ ਹਨ। ਭਾਵ ਸਾਨੂੰ ਕਿਸੇ ਯੰਤਰ, ਮਸ਼ੀਨ ਜਾਂ ਸਿਸਟਮ ਨੂੰ ਵਰਤਣ ਅਤੇ ਉਸ ਤੋਂ ਫ਼ਾਇਦਾ ਉਠਾਉਣ ਲਈ ਉਸ ਦੀ ਇੰਜੀਨੀਅਰੀ ਅਤੇ ਅੰਦਰੂਨੀ ਗੁੰਝਲਾਂ ਆਦਿ ਸਮਝਣ ਦੀ ਲੋੜ ਨਹੀਂ। ਇਹ ਤਰਕੀਬ ਰੱਬ ’ਤੇ ਵੀ ਲਾਗੂ ਹੁੰਦੀ ਹੈ ਕਿ ਸਾਨੂੰ ਉਸ ਦੇ ਗੁੱਝੇ ਭੇਤਾਂ ਅਤੇ ਔਖੇ ਫ਼ਲਸਫਿਆਂ ਨੂੰ ਜਾਣਨ-ਸਮਝਣ ਦੀ ਬਹੁਤੀ ਲੋੜ ਨਹੀਂ। ਅਸੀਂ ਉਸ ਦੇ ਸਟੇਰਿੰਗ/ਬਰੇਕ ਨੁਮਾ, ਕੁਝ ਗੁਣਾਂ ਅਤੇ ਲੱਛਣਾਂ ਦੀ ਖੋਜ ਕਰ ਕੇ ਅਤੇ ਸਮਝ ਕੇ ਹੀ ਉਸ ਦਾ ਪੂਰਾ ਲਾਹਾ ਲੈ ਸਕਦੇ ਹਾਂ। ਪ੍ਰੋਫੈਸਰ ਮੋਹਨ ਸਿੰਘ ਵੀ ਇਸ ਖੋਜ ਲਈ ਸਾਨੂੰ ਉਤਸ਼ਾਹਿਤ ਕਰਦੇ ਹਨ ਕਿ ਸਾਨੂੰ ਇਸ ਤਰ੍ਹਾਂ ਦੀਆਂ ਖੋਜਾਂ ਕਰਨ ਤੋਂ ਇਸ ਕਰ ਕੇ ਨਹੀਂ ਡਰਨਾ ਨਹੀਂ ਚਾਹੀਦਾ ਮਤੇ ਅਸੀਂ ਕਾਫ਼ਰ ਨਾ ਗਰਦਾਨੇ ਜਾਈਏ:

ਕਾਫ਼ਰ ਹੋਣੋਂ ਡਰ ਕੇ ਜੀਵੇਂ, ਖੋਜੋਂ ਮੂਲ ਨਾ ਖੁੰਝੀਂ।
ਲਾਈ-ਲੱਗ ਮੋਮਨ ਦੇ ਕੋਲੋਂ ਖੋਜੀ ਕਾਫ਼ਰ ਚੰਗਾ।

ਉਨ੍ਹਾਂ ਨੇ ਖ਼ੁਦ ਇਹ ਖੋਜ ਕੀਤੀ ਲੱਗਦੀ ਹੈ ਜਿਸ ਸਦਕਾ ਉਹ ‘ਸਾਡੇ ਖੂਹ ’ਤੇ ਵਸਦਾ ਰੱਬ ਨੀ’ ਦਾ ਆਨੰਦ ਮਾਣ ਸਕੇ। ਪਰਮਾਰਥ ਦੇ ਇਤਿਹਾਸ ’ਚ ਇਸ ਤਰ੍ਹਾਂ ਹੁੰਦਾ ਰਿਹਾ ਹੈ। ਧੰਨੇ ਭਗਤ ਦੇ ਖੂਹ ’ਤੇ ਰਹਿਣ ਦੀ ਗੱਲ ਛੱਡੀਏ, ਰੱਬ ਤਾਂ ਓਸ ਦੇ ਖੇਤੀ-ਬਾੜੀ ਦੇ ਕੰਮ ਵੀ ਕਰਦਾ ਸੀ। ਜਦ ਸਾਈਂ ਬੁੱਲੇ ਸ਼ਾਹ ਆਪਣੇ ਹੋਣ ਵਾਲੇ ਮੁਰਸ਼ਦ ਅਨਾਇਤ ਸ਼ਾਹ ਕੋਲ ਗਏ ਅਤੇ ਰੱਬ ਨੂੰ ਮਿਲਣ ਦਾ ਢੰਗ ਪੁੱਛਿਆ ਤਾਂ ਜਵਾਬ ਮਿਲਿਆ, “ਬੁੱਲਿਆ ਰੱਬ ਦਾ ਕੀ ਪਾਉਣਾ, ਐਧਰੋਂ ਪੱਟਣਾ, ਐਧਰ ਲਾਉਣਾ”। ਇਹ ਤੱਥ ਇਸ ਸਚਾਈ ਦਾ ਸਬੂਤ ਹਨ ਕਿ ਜੇ ਰੱਬ ਨੂੰ ਸਮਝਣ ਦੀ ਜੁਗਤ ਸਿੱਖ ਲਈ ਜਾਵੇ ਤਾਂ ਅਸੀਂ ਬਹੁਤ ਸੌਖੇ ਢੰਗ ਨਾਲ ਉਸ ਨੂੰ ਮਿਲ ਸਕਦੇ ਹਾਂ। ਭਾਵੇਂ ਇਹ ਵਿਚਾਰਧਾਰਾ ਮੁੱਢ-ਕਦੀਮੀਂ ਹੈ ਪਰ ਇਸ ਨੂੰ ਜਨ-ਸਾਧਾਰਨ ’ਚ ਪ੍ਰਚੱਲਤ ਭਗਤੀ ਲਹਿਰ ਦੇ ਮੋਢੀ ਮਹਾਂਪੁਰਖਾਂ ਨੇ ਕੀਤਾ, ਜਿਨ੍ਹਾਂ ਵਿੱਚ ਸਿੱਖ ਗੁਰੂ ਸਾਹਿਬਾਨ ਸਿਰਮੌਰ ਸਨ। ਉਨ੍ਹਾਂ ਨੇ ਆਪਣੀਆਂ ਬਾਣੀਆਂ ਰਾਹੀਂ ਖਲਕਤ ਨੂੰ ਰੱਬ ਨੂੰ ਮਿਲਣ ਦੀ ਲੋੜ, ਉਸ ਨੂੰ ਮਿਲ ਕੇ ਪ੍ਰਾਪਤ ਹੋਣ ਵਾਲੇ ਲਾਭ ਅਤੇ ਮਿਲਣ ਦੀਆਂ ਸਰਲ ਤੇ ਸਫ਼ਲ ਜੁਗਤਾਂ ਬਾਰੇ ਦੱਸਿਆ। ਉਸ ਨੂੰ ਮਾਤਾ-ਪਿਤਾ, ਭਾਈ, ਮਿੱਤਰ, ਰਿਸ਼ਤੇਦਾਰ ਦੀ ਸੰਗਿਆ ਦਿੱਤੀ, ਜੋ ਹਰ ਵਕਤ ਸਾਡੇ ਕੋਲ ਰਹਿੰਦੇ ਹਨ। ਇੱਥੋਂ ਤੱਕ ਸਮਝਾਇਆ ਕਿ ਜੇ ਰੱਬ ਨੂੰ ਮਿਲਣ ਦੀ ਜੁਗਤ ਸਿੱਖ ਲਈ ਜਾਵੇ ਤਾਂ ਅਸੀਂ ਦੁਨਿਆਵੀ ਫਰਜ਼ ਪੂਰੇ ਕਰਦੇ ਹੋਏ, ਹੱਸਦੇ, ਖੇਡਦੇ, ਖਾਂਦੇ ਅਤੇ ਪਹਿਨਦੇ ਉਸ ਨੂੰ ਮਿਲ ਸਕਦੇ ਹਾਂ।

ਇਸ ਤਰ੍ਹਾਂ ਦੇ ਰੱਬ ਨੂੰ ਫਿਰ ਗੁੰਝਲਦਾਰ ਕਿਸ ਨੇ ਅਤੇ ਕਿਉਂ ਬਣਾਇਆ ਹੈ? ਅਸੀਂ ਉਸ ਦੀ ਸਾਦਗੀ ਨੂੰ ਕਿਵੇਂ ਮਾਣ ਸਕਦੇ ਹਾਂ? ਉੱਤਰ ਹੈ ਕਿ ਇਹ ਕੰਮ ਕਥਿਤ ਰਾਖਿਆਂ ਨੇ ਆਪਣੀ ਖ਼ੁਦਗਰਜ਼ੀ ਲਈ ਕੀਤਾ ਹੈ। ਅਸੀਂ ਮੋਢੀ ਮਹਾਂਪੁਰਖਾਂ ਦੀਆਂ ਸਰਲ ਸਿੱਖਿਆਵਾਂ ਨੂੰ ਖ਼ੁਦ ਪੜ੍ਹ-ਸਮਝ ਅਤੇ ਇਨ੍ਹਾਂ ’ਤੇ ਅਮਲ ਕਰ ਕੇ ਰੱਬ ਦੀ ਸਾਦਗੀ ਦਾ ਆਨੰਦ ਮਾਣ ਸਕਦੇ ਹਾਂ। ਪਰ ਜਦ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਜਾਂ ਬਾਣੀਆਂ ਦੀ ਆਪ ਖੋਜ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਸਾਨੂੰ ਬਹੁਤ ਔਖੀਆਂ ਲਗਦੀਆਂ ਹਨ ਅਤੇ ਸਾਡੀ ਸਮਝ ’ਚ ਨਹੀਂ ਆਉਂਦੀਆਂ। ਇਸ ਦਾ ਕਾਰਨ ਇਹ ਹੈ ਕਿ ਮਹਾਂਪੁਰਖਾਂ ਨੇ ਆਪਣੀਆਂ ਸਿੱਖਿਆਵਾਂ ਉੱਚ-ਕੋਟੀ ਦੀ ਵਿਦਵਤਾ-ਭਰਪੂਰ ਔਖੀ ਸ਼ੈਲੀ ’ਚ ਵੀ ਰਚੀਆਂ ਹਨ ਤਾਂ ਕਿ ਦੁਨਿਆਵੀ ਸਿਆਣੇ ਉਨ੍ਹਾਂ ਨੂੰ ਐਵੇਂ ਨਾ ਸਮਝ ਲੈਣ। ਪਰ-ਉਪਕਾਰ ਵਜੋਂ ਉਨ੍ਹਾਂ ਨੇ ਉਹੀ ਸਿੱਖਿਆਵਾਂ ਨਾਲ-ਨਾਲ ਬਹੁਤ ਸਰਲ ਸ਼ੈਲੀ ’ਚ ਵੀ ਰਚੀਆਂ ਹਨ ਤਾਂ ਕਿ ਸਾਧਾਰਨ ਜਨਤਾ ਇਨ੍ਹਾਂ ਤੋਂ ਲਾਭ ਉਠਾ ਸਕੇ। ਇਸ ਕਰਕੇ ਹੀ ਉਨ੍ਹਾਂ ਦੀਆਂ ਬਾਣੀਆਂ ’ਚ ਦੁਹਰਾਓ ਬਹੁਤ ਹਨ। ਪਰ ਕਥਿਤ ਰਾਖੇ ਆਪਣੀ ਵਿਦਵਤਾ ਦੀ ਟੌਹਰ ’ਚ, ਆਪਣੇ ਪੇਟ ਅਤੇ ਮਾਣ-ਇੱਜ਼ਤ ਲਈ ਸਾਨੂੰ ਗੁੰਝਲਦਾਰ ਫਲਸਫ਼ਿਆਂ ਅਤੇ ਔਖੇ ਸ਼ਬਦਾਂ ਦੇ ਭੰਬਲਭੂਸਿਆਂ ’ਚ ਪਾ ਦਿੰਦੇ ਹਨ। ਮਜਬੂਰ ਹੋ ਕੇ ਸਾਨੂੰ ਇਹ ਕੰਮ ਉਨ੍ਹਾਂ ਨੂੰ ਹੀ ‘ਆਊਟ-ਸੋਰਸ’ ਕਰਨਾ ਪੈਂਦਾ ਹੈ ਅਤੇ ਦੇਖ ਰਹੇ ਹਾਂ ਕਿ ਰੱਬ ਦਾ ਵਿਸ਼ਾ ਅੱਜ ‘ਟੂਅ ਬਿੱਗ ਟੂ ਫੇਲ’ ਬਿਜ਼ਨਸ ਬਣਿਆ ਹੋਇਆ ਹੈ। ਅਸੀਂ ਰੱਬ ਨੂੰ ਹੋਰ ਗੁੰਝਲਦਾਰ ਸਮਝ ਕੇ ਇੱਕ ਕੁ-ਚੱਕਰ ’ਚ ਪੈ ਜਾਂਦੇ ਹਾਂ ਹਾਲਾਂਕਿ ਅਸੀਂ ਮਹਾਂ-ਪੁਰਖਾਂ ਦੀਆਂ ਸੌਖੀਆਂ ਅਤੇ ਸਾਡੇ ਸਮਝਣ ਯੋਗ ਸਿੱਖਿਆਵਾਂ ’ਤੇ ਅਮਲ ਕਰ ਕੇ ਪੂਰੇ ਲਾਭ ਉਠਾ ਸਕਦੇ ਹਾਂ। ਅਮਰੀਕਾ ਦੇ ਪ੍ਰਸਿੱਧ ਹਾਸਰਸ ਫ਼ਿਲਾਸਫਰ ਮਾਰਕ ਟਵੇਨ ਦੀ ਇੱਕ ਬਹੁਤ ਢੁਕਵੀਂ ਟੂਕ ਹੈ ਕਿ “ਲੋਕ ਬਾਈਬਲ ਦੀਆਂ ਉਨ੍ਹਾਂ ਗੱਲਾਂ ਦਾ ਫ਼ਿਕਰ ਕਰਦੇ ਹਨ ਜੋ ਉਨ੍ਹਾਂ ਨੂੰ ਸਮਝ ਨਹੀਂ ਆਉਂਦੀਆਂ, ਪਰ ਮੈਂ ਉਨ੍ਹਾਂ ਦਾ ਫ਼ਿਕਰ ਕਰਦਾ ਹਾਂ ਜੋ ਮੈਨੂੰ ਸਮਝ ਆ ਚੁੱਕੀਆਂ ਹਨ।” ਇਸ ਟੂਕ ਦੀ ਨਸੀਹਤ ਅਨੁਸਾਰ ਅਸੀਂ ਵੀ ਗੁਰਬਾਣੀ ਨੂੰ ਸਮਝੀਏ ਅਤੇ ਉਨ੍ਹਾਂ ’ਤੇ ਅਮਲ ਕਰੀਏ। ਇਸ ਤਰ੍ਹਾਂ ਰੱਬ ਸਾਡੇ ਲਈ ਇੱਕ ਸਰਲ ਅਤੇ ਜਾਣੀ-ਪਛਾਣੀ ਹਸਤੀ ਬਣ ਸਕਦਾ ਹੈ ਅਤੇ ਅਸੀਂ ਉਸ ਨੂੰ ਸਮਝ ਕੇ ਉਸ ਦਾ ਪ੍ਰਤੱਖ ਲਾਹਾ ਲੈ ਸਕਦੇ ਹਾਂ।

ਇਹ ਸਮੱਸਿਆ ਪੱਛਮੀ ਦੇਸ਼ਾਂ ਨੂੰ ਵੀ ਹੈ ਅਤੇ ਉਹ ਵੀ ਇਸ ਸਬੰਧ ’ਚ ਪਿਛਲੇ ਸੱਤ-ਅੱਠ ਦਹਾਕਿਆਂ ਤੋਂ ਗੰਭੀਰ ਖੋਜਾਂ ਕਰਦੇ ਆ ਰਹੇ ਹਨ। ਉਨ੍ਹਾਂ ਦੇ ਮਨੋ-ਵਿਗਿਆਨੀਆਂ, ਇਤਿਹਾਸਕਾਰਾਂ ਅਤੇ ਫ਼ਿਲਾਸਫਰਾਂ ਨੇ ਪੂਰਬੀ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਸਾਧਨਾ, ਖਿਮਾ, ਪ੍ਰੇਮ, ਸ਼ੁਕਰਗੁਜ਼ਾਰੀ ਅਤੇ ਭਾਣਾ ਮੰਨਣ ਵਰਗੇ ਅਧਿਆਤਮਵਾਦੀ ਵਿਸ਼ਿਆਂ ’ਤੇ ਖੋਜਾਂ ਕੀਤੀਆਂ। ਉਹ ਇਸ ਨਤੀਜੇ ’ਤੇ ਪਹੁੰਚੇ ਕਿ ਇਹ ਸਭ ਗੁਣ ਸੁਚੱਜੇ, ਖੁਸ਼ਹਾਲ ਅਤੇ ਸਫ਼ਲ ਜੀਵਨ ਲਈ ਜ਼ਰੂਰੀ ਹਨ। ਇਨ੍ਹਾਂ ਖੋਜਾਂ ਨੇ ‘ਪੁਰਾਤਨ ਸਿਆਣਪਾਂ ਦੇ ਅਜੋਕੀਆਂ ਸਾਇੰਸੀ ਖੋਜਾਂ ਨਾਲ ਸੁਮੇਲ’ ਦੀ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ। ਇਸ ਵਿਚਾਰਧਾਰਾ ਦੇ ਮੁੱਖ ਸੂਤਰਧਾਰ ਮਾਰਟਿਨ ਸੈਲਿਗਮੈਨ ਅਤੇ ਜੌਨਾਥਨ ਹਾਈਟ ਵਰਗੇ ਮਨੋ-ਵਿਗਿਆਨੀ ਹਨ। ਇਸ ਅਨੁਸਾਰ ਅਸੀਂ ਸਭ ਲਈ ਇੱਕ ‘ਕੌਮਨ ਮਿਨੀਮਮ ਪ੍ਰੋਗਰਾਮ’ ਸਿਰਜ ਸਕਦੇ ਹਾਂ, ਜਿਸ ਨੂੰ ਆਧਾਰ ਬਣਾ ਕੇ ਅਸੀਂ ਅੱਗੇ ਆਪਣੇ ਤਰਕ ਅਤੇ ਸਮਰੱਥਾ ਨਾਲ ਵਿਅਕਤੀਗਤ ਢੰਗ ਉਲੀਕ ਸਕਦੇ ਹਾਂ। ਇਸ ਪ੍ਰੋਗਰਾਮ ’ਚ ਹੇਠਲੇ ਮੂਲ ਰੱਬੀ ਸਿਧਾਂਤ ਰੱਖੇ ਜਾ ਸਕਦੇ ਹਨ:

ਰੱਬ ਦੇ ਰਸਤੇ ਦੇ ਦੋ ਹਿੱਸੇ ਹਨ: ਪਹਿਲਾ ਇਹ ਜੀਵਨ ਅਰਥਾਤ ਜਨਮ ਤੋਂ ਮਰਨ ਤੱਕ ਦਾ ਹਿੱਸਾ ਅਤੇ ਦੂਸਰਾ ਮਰਨ ਤੋਂ ਬਾਅਦ ਦਾ ਹਿੱਸਾ। ਪਹਿਲੇ ਹਿੱਸੇ ’ਚ ਸਾਰੇ ਇਨਸਾਨ ਵਿਸ਼ਵਾਸ ਕਰਦੇ ਹਨ ਜਦੋਂਕਿ ਦੂਸਰੇ ਹਿੱਸੇ ’ਚ ਬਹੁਤੇ ਨਹੀਂ ਕਰਦੇ। ਦੂਸਰੇ ਹਿੱਸੇ ’ਚ ਵਿਸ਼ਵਾਸ ਕਰਨ ਜਾਂ ਨਾ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਹ ਜੀਵਨ ਦੋਵੇਂ ਤਰ੍ਹਾਂ ਦੇ ਵਿਸ਼ਵਾਸਾਂ ਵਾਲੇ ਇਨਸਾਨਾਂ ਨੇ ਜਿਊਣਾ ਹੈ। ਮਹਾਂਪੁਰਖ ਸਮਝਾਉਂਦੇ ਹਨ ਕਿ ਪਹਿਲੇ ਹਿੱਸੇ ਅਰਥਾਤ ਇਸ ਜੀਵਨ ਨੂੰ ਸਵੱਛ ਅਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਅਤੇ ਪਾਕ ਪਵਿੱਤਰ ਢੰਗ ਨਾਲ ਜਿਊਣਾ ਸਭ ਲਈ ਜ਼ਰੂਰੀ ਹੈ। ਬਲਕਿ ਦੂਸਰੇ ਹਿੱਸੇ ’ਚ ਵਿਸ਼ਵਾਸ ਕਰਨ ਵਾਲਿਆਂ ਲਈ ਵੱਧ ਜ਼ਰੂਰੀ ਹੈ ਕਿਉਂਕਿ ਇਸ ਜੀਵਨ ਨੇ ਹੀ ਅਗਲੇ ਜਨਮ ਦਾ ਅਧਾਰ ਬਣਨਾ ਹੈ। ਜੋ ਇਸ ਜਨਮ ’ਚ ਮੰਦਾ ਹੈ ਉਸ ਨੂੰ ਅਗਲੇ ਜਨਮ ’ਚ ਕਿਸੇ ਨੇ ਚੰਗਾ ਨਹੀਂ ਬਣਾਉਣਾ। ਨਿਬੇੜੇ ਕਰਮਾਂ ਉੱਤੇ ਹੋਣੇ ਹਨ, ਭਰੋਸਿਆਂ ਜਾਂ ਮਾਨਤਾਵਾਂ ਉੱਤੇ ਨਹੀਂ ਹੋਣੇ। ਪਰ ਅਜੋਕੇ ਪਖੰਡੀ ਬਾਬੇ ਸਾਨੂੰ ਅਗਲੇ ਜਨਮ ਦੇ ਭੁਲੇਖਿਆਂ ’ਚ ਉਲਝਾ ਕੇ ਰੱਖਦੇ ਹਨ। ਕਿਸਮਤ ਬਦਲਣ ਦੇ ਫੋਕੇ ਲਾਰਿਆਂ ਰਾਹੀਂ ਹੀ ਪਖੰਡੀ ਬਾਬੇ ਸਾਨੂੰ ਰੱਬ ਤੋਂ ਦੂਰ ਕਰਦੇ ਹਨ। ਇਨ੍ਹਾਂ ਤੋਂ ਬਚਣਾ ਸਾਡਾ ਫ਼ਰਜ਼ ਹੈ।

ਮਹਾਂਪੁਰਖਾਂ ਦੀ ਐਲਾਨੀਆ ਨਸੀਹਤ ਹੈ ਕਿ ਅਸੀਂ ਚੰਗੇ ਅਤੇ ਵਧੀਆ ਇਨਸਾਨ ਬਣ ਕੇ ਅਤੇ ਖੁਸ਼ਹਾਲ ਜੀਵਨ ਜਿਊਣਾ ਸਿੱਖ ਕੇ ਰੱਬ ਨੂੰ ਮਿਲ ਸਕਦੇ ਹਾਂ। ਪਰ ਧਰਮਾਂ ਦੇ ਕਥਿਤ ਰਾਖੇ ਸਾਨੂੰ ਉਲਟ ਝਾਂਸਾ ਦਿੰਦੇ ਹਨ ਕਿ ਅਸੀਂ ਰੱਬ ਨੂੰ ਮਿਲ ਕੇ ਚੰਗੇ ਅਤੇ ਵਧੀਆ ਇਨਸਾਨ ਬਣ ਸਕਾਂਗੇ ਅਤੇ ਖੁਸ਼ਹਾਲ ਜੀਵਨ ਪ੍ਰਾਪਤ ਕਰ ਸਕਾਂਗੇ। ਸੋ ਸਾਡਾ ਕੰਮ ਰੱਬ ਨੂੰ ਮਿਲ ਕੇ ਚੰਗੇ ਬਣਨਾ ਨਹੀਂ ਸਗੋਂ ਚੰਗੇ ਬਣ ਕੇ ਰੱਬ ਨੂੰ ਮਿਲਣਾ ਹੈ।

ਮਹਾਂਪੁਰਖਾਂ ਨੇ ਸਮਝਾਇਆ ਹੈ ਕਿ ਰੱਬ ਦਾ ਧਰਮਾਂ ਨਾਲ ਬਹੁਤਾ ਤੁਅੱਲਕ ਨਹੀਂ। ਸਾਢੇ ਕੁ ਪੰਜ ਹਜ਼ਾਰ ਸਾਲ ਪੁਰਾਣਾ ਸਾਡਾ ਲਿਖਤੀ ਇਤਿਹਾਸ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਹਰ ਧਰਮ ਦੀ ਸ਼ੁਰੂਆਤ ਦੀ ਕੋਈ ਨਾ ਕੋਈ ਮਿਤੀ ਹੈ, ਜਦੋਂਕਿ ਰੱਬ ਇਨ੍ਹਾਂ ਸਭ ਤੋਂ ਪਹਿਲਾਂ ਦਾ ਬਣਿਆ ਹੈ। ਵੈਸੇ ਵੀ ਸਾਰੇ ਧਰਮਾਂ ਦਾ ਆਧਾਰ ਅਧਿਆਤਮਵਾਦ ਹੈ ਜੋ ਇੱਕ ਹੈ ਪਰ ਇਨ੍ਹਾਂ ਦੀ ਸ਼ੁਰੂਆਤ ਦੇ ਸਮੇਂ, ਸਥਾਨ, ਇਤਿਹਾਸਕ ਅਤੇ ਸਭਿਆਚਾਰਕ ਪਿੱਠ-ਭੂਮੀ ਅੱਡ-ਅੱਡ ਹੋਣ ਕਰ ਕੇ ਇਨ੍ਹਾਂ ਦੇ ਬਾਹਰੀ ਰਸਮੋ-ਰਿਵਾਜਾਂ ਦਾ ਅੱਡ-ਅੱਡ ਹੋਣਾ ਕੁਦਰਤੀ ਹੈ। ਰਹਿਬਰ ਅਖਵਾਉਣ ਵਾਲਿਆਂ ਨੇ ਸਾਨੂੰ ਰਸਮੋ-ਰਿਵਾਜਾਂ ’ਚ ਉਲਝਾ ਕੇ ਰੱਬ ਨੂੰ ਬਹੁਤਾ ਗੁੰਝਲਦਾਰ ਬਣਾਇਆ ਹੈ। ਸੋ ਸਾਰੇ ਧਰਮਾਂ ਦਾ ਬਰਾਬਰ ਦਾ ਸਤਿਕਾਰ ਕਰਨ ਅਤੇ ਆਪੋ-ਆਪਣੇ ਧਰਮ ਦੇ ਮੋਢੀ ਮਹਾਂਪੁਰਖਾਂ ਦੀਆਂ ਸਰਲ ਸਿੱਖਿਆਵਾਂ ਨੂੰ ਖ਼ੁਦ ਸਮਝਣ ਅਤੇ ਮੰਨਣ ਨਾਲ ਹੀ ਅਸੀਂ ਧਰਮਾਂ ਦੀਆਂ ਵਲਗਣਾਂ ਤੋਂ ਬਾਹਰ ਨਿਕਲ ਕੇ, ਰੱਬ ਦੀ ਸਰਲਤਾ ਦਾ ਅਹਿਸਾਸ ਕਰ ਸਕਦੇ ਹਾਂ।

ਸਾਰ ਤੱਤ ਇਹ ਹੈ ਕਿ ਅਸੀਂ ਪ੍ਰੰਪਰਾਵਾਦੀਆਂ ਵੱਲੋਂ ਕਾਫ਼ਰ ਗਰਦਾਨੇ ਜਾਣ ਦੇ ਡਰ ਤੋਂ ਬੇਖ਼ੌਫ਼ ਹੋ ਕੇ ਆਪਣੇ ਤਰਕ ਅਤੇ ਵਿਵੇਕ ਦੀ ਸਦਵਰਤੋਂ ਕਰੀਏ। ਰੱਬ ਦੇ ਔਖੇ ਭੇਤ ਖੋਲ੍ਹਣ ਦੀਆਂ ਅਸਫ਼ਲ ਕੋਸ਼ਿਸ਼ਾਂ ਦੀ ਬਜਾਏ ਮੋਢੀ ਮਹਾਂਪੁਰਖਾਂ ਦੀਆਂ ਸਦੀਵੀ ਅਤੇ ਸਰਲ ਸਿਆਣਪਾਂ ਦਾ ਅੱਜ ਦੀਆਂ ਵਿਗਿਆਨਕ ਖੋਜਾਂ ਨਾਲ ਸੁਮੇਲ ਕਰਨ ਦਾ ਹੀਆ ਕਰੀਏ, ਇਨ੍ਹਾਂ ’ਤੇ ਅਮਲ ਕਰੀਏ।


# ਵੰਡ ਦੀ ਸੱਟ



**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
**ਸੰਪਰਕ : 7589155501**



ਫਤਿਹ ਸਿਹੁੰ ਨੇ ਆਪਣੇ ਗਲ ਵਿੱਚ ਪਾਈ ਹੋਈ ਫਤੂਹੀ ਨੂੰ ਲਾਹਿਆ । ਮੁੜ੍ਹਕੇ ਨਾਲ ਭਿੱਜੀ ਨੂੰ ਨਿਚੋੜ ਕੇ ਕੰਧ ਉਤੇ ਸੁੱਕਣੇ ਪਾ ਦਿੱਤਾ । ਇੰਨੇ ਨੂੰ ਜੀਤੀ ਨੇ ਗੁੜ ਦੇ ਸਰਬਤ ਦਾ ਭਰਿਆ ਗਿਲਾਸ ਬਾਪੂ ਨੂੰ ਫੜਾ ਦਿੱਤਾ । ਬਾਪੂ ਜੀ ਅੱਜ ਤਾਂ ਗਰਮੀ ਕੁੱਝ ਜਿਆਦਾ ਹੀ ਜਾਪਦੀ ਹੈ । ਮੈਂ ਤੁਹਾਨੂੰ ਪਹਿਲਾਂ ਕਦੇ ਇੰਨੇ ਮੁੜ੍ਹਕੋ ਮੁੜ੍ਹਕੀ ਹੋਏ ਨਹੀਂ ਵੇਖਿਆ । ਪੁੱਤ ਸਿਆਣੇ ਕਹਿੰਦੇ ਨੇ ਕਿ ਜਦੋਂ ਸਿਰ ਉਖਲੀ ਵਿੱਚ ਧਰ ਦੇਈਏ ਫਿਰ ਮੁਗਲਿਆ ਦਾ ਕੀ ਡਰ । ਉਹੀ ਗੱਲ ਸਾਡੀ ਜੱਟਾਂ ਜਿਮੀਦਾਰਾਂ ਦੀ ਹੈ । ਭਾਵੇਂ ਹਾੜ੍ਹ ਹੋਵੇ ਤੇ ਭਾਵੇ ਸਿਆਲ । ਸਾਨੂੰ ਤਾਂ ਖੇਤਾਂ ਵਿੱਚ ਜਾਣਾ ਵੀ ਪੈਂਦਾ ਹੈ ਤੇ ਕੰਮ ਵੀ ਕਰਨਾ ਪੈਂਦਾ ਹੈ । ਬਾਪੂ ਜੀ ਤਾਹੀਉ ਤਾਂ ਕਹਿੰਦੇ ਨੇ ਕਿ" ਜੱਟ ਦੀ ਜੂਨ ਬੁਰੀ ਹਲ ਵਾਹ ਪੱਠਿਆਂ ਨੂੰ ਜਾਣਾ "। ਚਲੋ ਬਾਪੂ ਜੀ ਤੁਸੀਂ ਘਬਰਾਉ ਨਾ ਮੈ ਤੇ ਵੀਰਾ ਪੜ੍ਹ ਕੇ ਕੋਈ ਨੌਕਰੀ ਲਗ ਜਾਵਾਂਗੇ । ਤੁਹਾਡਾ ਹੱਥ ਸੌਖਾ ਹੋ ਜਾਉ । ਚਲੋ ਧੀਏ ਤੁਸੀਂ ਨੌਕਰੀ ਲਗੋ ਤੇ ਭਾਵੇਂ ਨਾ ,ਪਰ ਵਿਚਾਰ ਤਾਂ ਚੰਗੇ ਹਨ । ਬਾਪੂ ਜੀ ਤੁਹਾਡੀ ਜੁ ਧੀ ਹੋਈ । ਧੀਏ ਮੈਨੂੰ ਤੇਰੇ ਉਤੇ ਪੂਰਾ ਮਾਣ ਹੈ । ਪਰ ਪੁੱਤਰ ਜਿਹੜਾ ਅੱਜ ਮੇਰੇ ਮਨ ਨੂੰ ਸੱਟ ਵੱਜੀ ਹੈ । ਉਹ ਅੱਜ ਤੋਂ 77-78 ਸਾਲ ਪਹਿਲਾਂ ਮੇਰੇ ਵੀ ਬਾਪੂ ਦੇ ਵੱਜੀ ਸੀ । ਬਾਪੂ ਵਿਖਾ ਕਿਥੇ ਸੱਟ ਵੱਜੀ ਹੈ । ਮੈ ਹੁਣੇ ਉੱਥੇ ਮਲ੍ਹਮ ਪੱਟੀ ਕਰ ਦਿੰਦੀ ਹਾਂ । ਧੀਏ ਅੱਜ ਤਕ ਤਾਂ ਮੇਰੇ ਬਾਪੂ ਦੇ ਜਖਮਾਂ ਨੂੰ ਅਰਾਮ ਨਹੀਂ ਆਇਆ । ਬੇਸ਼ਕ ਉਹ ਜਹਾਨ ਤੋਂ ਰੁਖਸੁਤ ਹੋ ਗਿਆ ਹੈ । ਫਿਰ ਮੇਰੇ ਕਿਥੋਂ ਤੂੰ ਮਲ੍ਹਮ ਪੱਟੀ ਕਰ ਦੇਵੇਗੀ । ਬਾਪੂ ਜੀ ਜਖਮ ਤਾਂ ਵਿਖਾਉ ਕਿੱਥੇ ਕੀ ਹੋਇਆ ਹੈ । ਪੁੱਤ ਉਹ ਜਖ਼ਮ ਸਰੀਰ ਤੇ ਨਹੀਂ ਮਨ ਦੇ ਅੰਦਰ ਹੋ ਗਿਆ ਹੈ । ਉਹ ਬਾਪੂ ਜੀ ਕਿਵੇਂ ਸਾਡੇ ਹੁੰਦਿਆਂ । ਇੰਨੀਆਂ ਗੱਲਾਂ ਕਰਦਾ ਕਰਦਾ ਗਿਲਾਸ ਸਰਬਤ ਦਾ ਪੀ ਲਿਆ । ਇੱਕ ਲੰਬਾ ਸਾਰਾ ਠੰਡਾ ਹੌਕਾ ਭਰ ਕੇ ਬੋਲਿਆ । ਜੀਤੀ ਸੁਣ ਫਿਰ ਮੇਰਾ ਅੱਜ ਦਾ ਦੁੱਖ। ਮੈ ਅੱਜ ਆਪਣੀ ਪਾਰਲੀ ਤਾਰਾਂ ਤੋਂ ਪਰਲੇ ਪਾਸੇ ਵਾਲੀ ਪੈਲੀ ਤੇ ਸਵੇਰੇ ਨੌਂ ਕੁ ਵਜ਼ੇ ਚਲਾ ਗਿਆ । ਤਾਰਾਂ ਤੋਂ ਪਾਰ ਲੰਘਣ ਲੱਗਿਆ ਫੌਜ਼ ਦੇ ਸਿਪਾਹੀ ਚੰਗੀ ਤਰਾਂ ਤਲਾਸ਼ੀ ਲੈਂਦੇ ਹਨ । ਇੱਕ ਘੁੱਟ ਪਾਣੀ ਦੀ ਪਾਰਲੇ ਪਾਸੇ ਨਹੀਂ ਲੈ ਕੇ ਜਾਣ ਦਿੰਦੇ । ਅੱਜ ਸਾਰਾ ਦਿਨ ਬਿਜਲੀ ਵੀ ਨਹੀਂ ਆਈ ਜਿਹੜਾ ਕਿ ਮੋਟਰ ਹੀ ਚਲਾ ਲੈਂਦਾ । ਮੈ ਝੋਨੇ ਵਾਸਤੇ ਵੱਟਾਂ ਬੰਨੇ ਬਣਾਉਣੇ ਸੀ । ਉਤੋਂ ਅੱਜ ਧੁੱਪ ਵੀ ਕੜ੍ਹਕਣੀ ਸੀ । ਸਿਖਰ ਦੁਪਹਿਰੇ ਮੈਨੂੰ ਪਾਣੀ ਦੀ ਬਹੁਤ ਤ੍ਰੇਹ ਲੱਗੀ । ਮੈ ਸੋਚਿਆ ਕਿ ਜੇ ਵਾਪਿਸ ਚਲਾ ਗਿਆ ਤੇ ਕੰਮ ਵਿਚੇ ਰਹਿ ਜਾਵੇਂਗਾ । ਇੱਕ ਫੌਜ਼ ਨੇ ਨੇੜੇ ਤੇੜੇ ਕੋਈ ਰੁੱਖ ਨਹੀਂ ਛੱਡਿਆ । ਜਿਸ ਦੀ ਛਾਂ ਦਾ ਕੋਈ ਮੈ ਸਹਾਰਾ ਲੈ ਲੈਂਦਾ । ਹੁਣ ਪਾਣੀ ਖੁਣੋਂ ਮੇਰੀ ਜਾਨ ਨਿੱਕਲ ਰਹੀ ਸੀ । ਬਸ ਮੇਰੇ ਨਜ਼ਦੀਕ ਪਾਕਿਸਤਾਨ ਵਾਲੇ ਜ਼ਿਮੀਦਾਰ ਵੀ ਆਪਣੀਆਂ ਪੈਲੀਆਂ ਵਿੱਚ ਕੰਮ ਕਰ ਰਹੇ ਸਨ । ਉਹਨਾਂ ਵੱਲ ਸੰਘਣੇ ਸੰਘਣੇ ਟਾਹਲੀਆਂ ਦੇ ਛਾਂ ਦਾਰ ਦਰੱਖਤ ਹਨ । ਉਹ ਕੰਮ ਕਰਦੇ ਕਰਦੇ ਘੜੇ ਦਾ ਠੰਡਾ ਪਾਣੀ ਪੀ ਰਹੇ ਸਨ । ਸਾਡੀ ਆਪਸ ਵਿੱਚ ਦੂਰੀ ਕੋਈ ਵੀਹ ਕੁ ਗਜ਼ ਦੀ ਸੀ । ਉਹ ਗੱਲਾਂ ਮੇਰੀਆਂ ਹੀ ਕਰ ਰਹੇ ਸਨ ਕਿ ਆਹ ਪੰਜਾਬੀ ਜੱਟ ਬੜਾ ਚਿਹੜ੍ਹਾ ਹੈ । ਨਾ ਇਸ ਨੂੰ ਧੁੱਪ ਲਗਦੀ ਹੈ ਤੇ ਨਾ ਹੀ ਤ੍ਰੇਹ । ਪਰ ਮੈ ਉਹਨਾਂ ਨੂੰ ਬੋਲ ਕੇ ਵੀ ਨਹੀਂ ਦਸ ਸਕਦਾ ਸੀ । ਕਿ ਮੇਰੀ ਜਾਨ ਤਾਂ ਪਿਆਸ ਨਾਲ ਨਿਕਲ ਰਹੀ ਹੈ । ਜਦੋਂ ਸਾਡੇ ਪਾਸੇ ਕੋਈ ਛਾਂਦਾਰ ਰੁੱਖ ਹੈ ਹੀ ਨਹੀਂ ਫਿਰ ਬੈਠਾਂ ਕਿੱਥੇ । ਮੇਰਾ ਦਿਲ ਕਰੇ ਕਿ ਇਹਨਾਂ ਕੋਲੋਂ ਗਲਾਸ ਪਾਣੀ ਪੀ ਲਵਾਂ । ਪਰ ਫਿਰ ਕਦੇ ਮੈ ਸਾਡੇ ਵਿਚਕਾਰ ਖਿੱਚੀ ਹੋਈ ਲਕੀਰ ਵੱਲ ਵੇਖਾਂ । ਕਦੇ ਸੁੱਕਦੇ ਹੋਏ ਬੁੱਲਾਂ ਉਤੇ ਜੀਭ ਫੇਰਾਂ । ਕਦੇ ਉਹਨਾਂ ਫੌਜ਼ੀਆਂ ਵੱਲ ਵੇਖਦਾ ਜਿਹੜੇ ਸਾਡੇ ਉਤੇ ਨਿਗਰਾਨੀ ਕਰ ਰਹੇ ਸਨ । ਦਿਲ ਬਹੁਤ ਪ੍ਰੇਸ਼ਾਨ ਹੋ ਰਿਹਾ ਸੀ । ਮੈ ਸੋਚ ਰਿਹਾ ਸੀ ਸਾਡੀ ਬੋਲੀ ਵੀ ਇੱਕੋ ਹੈ ਫਸਲਾਂ ਤੇ ਨਸਲਾਂ ਵੀ ਇੱਕੋ ਜਿਹੀਆਂ ਹਨ । । ਅਸੀਂ ਆਪਸ ਵਿੱਚ ਕਦੇ ਲੜੇ ਝਗੜੇ ਵੀ ਨਹੀਂ । ਫਿਰ ਸਾਡੇ ਵਿੱਚ ਇੰਨਾ ਵਿੱਤਕਰਾ ਕਿਉਂ । ਪਰ ਇਹ ਗੱਲ ਮੈ ਕਿਸੇ ਨੂੰ ਬੋਲ ਕੇ ਨਹੀਂ ਦਸ ਸਕਦਾ ਸੀ । ਕਿਉਂ ਕਿ ਬਾਰਡਰ ਉੱਤੇ ਰਹਿੰਦੇ ਹਾਂ ਸੌ ਗੱਲ ਹੋ ਜਾਂਦੀ ਹੈ । ਫਿਰ ਜੁ ਫਸੇ ਰਹਾਂਗੇ । ਇੰਨੇ ਨੂੰ ਮੇਰੀ ਕਹੀ ਦਾ ਦਸਤਾ ਟੁੱਟ ਗਿਆ ,ਫਿਰ ਮੈ ਕੀ ਕਰਨਾ ਸੀ । ਉੱਧਰ ਵਾਲੇ ਮੇਰੇ ਵੱਲ ਵੇਖਦੇ ਰਹੇ ਤੇ ਮੈ ਉਹਨਾਂ ਵੱਲ । ਹੌਲੀ ਹੌਲੀ ਕਰਕੇ ਮੈ ਆਪਣੀਆਂ ਲਗੀਆਂ ਹੋਈਆਂ ਤਾਰਾਂ ਦੇ ਗੇਟ ਕੋਲ ਆ ਗਿਆ । ਫਿਰ ਸਿਪਾਹੀਆਂ ਨੇ ਮੇਰੀ ਤਲਾਸ਼ੀ ਲਈ ਤੇ ਗੇਟ ਦੇ ਅੰਦਰ ਕੀਤਾ । ਮੈ ਫਿਰ ਉਹਨਾਂ ਸਿਪਾਹੀਆਂ ਨੂੰ ਪੁੱਛਿਆ ਵੀ ਨਹੀਂ । ਉਹਨਾਂ ਦੇ ਰੱਖੇ ਘੜੇ ਵਿੱਚੋ ਡੀਕ ਲਾ ਕੇ ਪਾਣੀ ਪੀ ਲਿਆ । ਇਹਨਾਂ ਦਾ ਵੀ ਘੜਾ ਉਹਨਾਂ ਦੇ ਘੜੇ ਵਰਗਾ ਸੀ । ਪਰ ਫਰਕ ਇਹੋ ਸੀ ਕਿ ਉਹ ਪਾਕਿਸਤਾਨੀਆਂ ਦਾ ਘੜਾ ਸੀ । ਇਹ ਸਾਡਾ ਭਾਰਤੀਆਂ ਦਾ ਘੜਾ ਸੀ । ਪਰ ਤ੍ਰੇਹ ਨੂੰ ਨਹੀਂ ਪਤਾ ਕਿ ਦੇਸ਼ ਦੀ ਵੰਡ ਹੋਈ ਹੈ । ਹੁਣ ਅਸੀਂ ਇੱਕ ਦੂਜੇ ਦੇ ਕਾਗਜ਼ਾਂ ਵਿੱਚ ਦੁਸ਼ਮਣ ਬਣ ਚੁੱਕੇ ਹਾਂ । ਇਹੋ ਗੱਲ ਸਾਡਾ ਬਾਪੂ ਕਹਿੰਦਾ ਹੁੰਦਾ ਸੀ ਕਿ ਅਸੀਂ ਸੰਤਾਲੀ ਤੋਂ ਪਹਿਲਾਂ ਇਕੱਠੇ ਰਹਿੰਦੇ ਹੁੰਦੇ ਸੀ । ਕਦੇ ਕਿਸੇ ਨੇ ਕੋਈ ਵਿੱਤਕਰਾ ਨਹੀਂ ਕੀਤਾ ਸੀ । ਬਸ ਰਾਤੋਂ ਰਾਤ ਵੰਡ ਦਾ ਬਿਗੁਲ ਵੱਜ ਗਿਆ । ਦਿਨ ਚੜ੍ਹਦੇ ਨੂੰ ਲੋਕ ਲਹੂ ਲੁਹਾਣ ਹੋਣ ਲੱਗ ਪਏ । ਅਸੀਂ ਜਾਨ ਬਚਾ ਕੇ ਮਸਾਂ ਇੱਧਰ ਆਏ ਤੇ ਇੱਧਰ ਵਾਲੇ ਉੱਧਰ ਬਚ ਬਚਾ ਕੇ ਚਲੇ ਗਏ । ਕਈ ਮਾਰੇ ਗਏ ਕਈ ਵੱਢੇ ਟੁੱਕੇ ਗਏ । ਲੱਖਾਂ ਬੇਕਸੂਰ ਲੋਕਾਂ ਦੀ ਜਾਨ ਸਾਡੇ ਪੰਜਾਬ ਵਿੱਚ ਵੰਡ ਦੀ ਖਿੱਚੀ ਲਕੀਰ ਨੇ ਲੈ ਲਈ । ਉਹ ਲਕੀਰ ਅੱਜ ਵੀ ਮੈ ਸ਼ਾਮ ਸਵੇਰੇ ਆਪਣੇ ਖੇਤਾਂ ਵਿੱਚ ਵੇਖ ਰਿਹਾ ਹਾਂ । ਬਾਪੂ ਜੀ ਸਬਰ ਕਰੋ ਕੋਈ ਦਿਨ ਆਵੇਗਾ ਜਦੋ ਸਾਡੇ ਦੇਸ਼ਾ ਦੇ ਆਪਸ ਵਿੱਚ ਪਈਆਂ ਤਰੇੜਾਂ ਜ਼ਰੂਰ ਮਿਟ ਜਾਣਗੀਆਂ । ਜਿਤੀਏ ਮੂੰਹ ਨਿੱਕਾ ਤੇ ਗੱਲ ਵੱਡੀ ਕਹਿ ਰਹੀ ਏ ।



# ਪੰਜਾਬੀ ਗ਼ਜ਼ਲ ਦੇ ਉਸਤਾਦ ਸ਼ਾਇਰ ਦੀਪਕ ਜੈਤੋਈ ਨੂੰ ਯਾਦ ਕਰਦਿਆਂ


ਲੇਖਕ : ਹਰਦਮ ਮਾਨ

ਅੱਜ ਪੰਜਾਬੀ ਗ਼ਜ਼ਲ ਪੰਜਾਬੀ ਕਾਵਿ ਦੀ ਪ੍ਰਮੁੱਖ ਵਿਧਾ ਬਣ ਚੁੱਕੀ ਹੈ ਅਤੇ ਵੱਡੀ ਗਿਣਤੀ ਵਿਚ ਸ਼ਾਇਰ ਆਪਣੀਆਂ ਗ਼ਜ਼ਲਾਂ ਰਾਹੀਂ ਦਿਲਕਸ਼, ਖ਼ੂਬਸੂਰਤ ਅਤੇ ਬਾ-ਕਮਾਲ ਸ਼ਾਇਰੀ ਦੀ ਰਚਨਾ ਕਰ ਰਹੇ ਹਨ। ਪਰ ਕੋਈ ਸਮਾਂ ਸੀ ਜਦੋਂ ਉਰਦੂ ਦੇ ਵਿਦਵਾਨ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਆਖਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਪੰਜਾਬੀ ਵਿਚ ਗ਼ਜ਼ਲ ਲਿਖੀ ਹੀ ਨਹੀਂ ਜਾ ਸਕਦੀ। ਉਰਦੂ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਵਿਦਵਾਨਾਂ ਦਾ ਵੀ ਵਿਚਾਰ ਸੀ ਕਿ ਗ਼ਜ਼ਲ ਉਰਦੂ ਭਾਸ਼ਾ ਦੀ ਸਿਨਫ਼ ਹੈ, ਅਰਬੀ 'ਚੋਂ ਆਈ ਹੈ ਅਤੇ ਇਹ ਪੰਜਾਬੀ ਭਾਸ਼ਾ ਨਾਲ ਮੇਲ ਨਹੀਂ ਖਾ ਸਕਦੀ। ਉਰਦੂ ਵਿਦਵਾਨਾਂ ਅਤੇ ਸ਼ਾਇਰਾਂ ਦੇ ਇਸ ਚੈਲਿੰਜ ਨੂੰ ਕਬੂਲ ਕਰਦਿਆਂ ਕਈ ਪੰਜਾਬੀ ਸ਼ਾਇਰ ਪੰਜਾਬੀ ਵਿਚ ਗ਼ਜ਼ਲ ਦੀ ਰਚਨਾ ਕਰਨ ਲਈ ਸਾਹਿਤਕ ਮੈਦਾਨ ਵਿਚ ਆਏ। ਉਨ੍ਹਾਂ ਵਿੱਚੋਂ ਉਸਤਾਦ ਦੀਪਕ ਜੈਤੋਈ ਵੀ ਇਕ ਸਨ, ਜਿਨ੍ਹਾਂ ਨੂੰ ਪੰਜਾਬੀ ਦੇ 'ਬਾਬਾ-ਏ-ਗ਼ਜ਼ਲ' ਅਖਵਾਉਣ ਦਾ ਫ਼ਖ਼ਰ ਵੀ ਹਾਸਲ ਹੋਇਆ। ਉਸਤਾਦ ਸ਼ਾਇਰ ਦੀਪਕ ਜੈਤੋਈ ਪੰਜਾਬੀ ਸਾਹਿਤ ਅਤੇ ਪੰਜਾਬੀ ਜ਼ੁਬਾਨ ਦੀ ਇਕ ਮਾਣਯੋਗ ਸੰਸਥਾ ਸਨ। ਉਨ੍ਹਾਂ ਆਪਣੇ ਜੀਵਨ ਦੇ ਛੇ ਦਹਾਕੇ ਮਾਂ ਬੋਲੀ ਪੰਜਾਬੀ ਦਾ ਕਾਵਿਕ-ਚਿਹਰਾ ਮੋਹਰਾ ਸੰਵਾਰਨ ਅਤੇ ਪੰਜਾਬੀ ਸ਼ਾਇਰੀ ਨੂੰ ਦੂਜੀਆਂ ਭਾਸ਼ਾਵਾਂ ਦੇ ਹਾਣ ਦੀ ਬਣਾਉਣ ਹਿਤ ਸਮਰਪਿਤ ਕੀਤੇ।

ਉਨ੍ਹਾਂ ਦਾ ਜਨਮ ਜ਼ਿਲਾ ਫਰੀਦਕੋਟ ਦੇ ਇਤਿਹਾਸਕ ਕਸਬੇ ਜੈਤੋ ਵਿਚ ਇਕ ਸਾਧਾਰਨ ਪਰਿਵਾਰ ਵਿਚ ਮਾਤਾ ਵੀਰ ਕੌਰ ਦੀ ਕੁੱਖੋਂ ਪਿਤਾ ਇੰਦਰ ਸਿੰਘ ਦੇ ਘਰ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਗੁਰਚਰਨ ਸਿੰਘ ਰੱਖਿਆ। ਬੜੀ ਛੋਟੀ ਉਮਰ ਵਿਚ ਹੀ ਉਨ੍ਹਾਂ ਦੇ ਅੰਦਰ ਕਾਵਿਕ ਕਿਰਨ ਜਾਗੀ ਅਤੇ ਉਨ੍ਹਾਂ ਤੀਜੀ ਜਮਾਤ ਵਿਚ ਪੜ੍ਹਦਿਆਂ ਆਪਣੇ ਇਕ ਦੋਸਤ ਨੂੰ ਚਿੱਠੀ ਲਿਖੀ ਜੋ ਕਵਿਤਾ ਦੇ ਰੂਪ ਵਿਚ ਸੀ। ਇਹ ਚਿੱਠੀ ਹੀ ਉਨ੍ਹਾਂ ਦੀ ਸ਼ਾਇਰੀ ਦਾ ਆਗ਼ਾਜ਼ ਬਣੀ। ਬਾਅਦ ਵਿਚ ਉਨ੍ਹਾਂ ਸ਼ਾਇਰੀ ਦੀ ਤਹਿਆਂ ਤੱਕ ਜਾਣ ਲਈ ਅਤੇ ਸ਼ਾਇਰੀ ਦੀਆਂ ਬਾਰੀਕੀਆਂ ਸਮਝਣ ਲਈ ਜਨਾਬ ਮੁਜਰਮ ਦਸੂਹੀ ਨੂੰ ਆਪਣਾ ਉਸਤਾਦ ਧਾਰਿਆ। ਗ਼ਜ਼ਲ ਤੇ ਕਵਿਤਾ ਦੇ ਖੇਤਰ ਵਿਚ ਉਹ 'ਦੀਪਕ ਜੈਤੋਈ' ਦੇ ਨਾਂ ਨਾਲ ਚਰਚਿਤ ਹੋਏ।

ਜਨਾਬ ਦੀਪਕ ਜੈਤੋਈ ਨੇ ਬਹੁਤ ਹੀ ਲਗਨ, ਮਿਹਨਤ ਅਤੇ ਦ੍ਰਿੜਤਾ ਨਾਲ ਗ਼ਜ਼ਲ ਨੂੰ ਪੰਜਾਬੀ ਕਵਿਤਾ ਦੀ ਪਟਰਾਣੀ ਬਣਾਉਣ ਲਈ ਕਾਰਜ ਕੀਤਾ। ਨਿਰਸੰਦੇਹ ਉਨ੍ਹਾਂ ਦੀ ਅਥਾਹ ਘਾਲਣਾ ਸਦਕਾ ਹੀ ਪੰਜਾਬੀ ਗ਼ਜ਼ਲ ਸਟੇਜਾਂ ਦੀ ਰਾਣੀ ਅਤੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣੀ। ਉਨ੍ਹਾਂ ਦੇ ਹਮਸਫ਼ਰ ਉਸਤਾਦ ਸ਼ਾਇਰ ਡਾ. ਸਾਧੂ ਸਿੰਘ ਹਮਦਰਦ, ਪ੍ਰਿੰਸੀਪਲ ਤਖ਼ਤ ਸਿੰਘ ਅਤੇ ਠਾਕੁਰ ਭਾਰਤੀ ਨਾਲੋਂ ਉਨ੍ਹਾਂ ਦੀ ਵਿਲੱਖਣਤਾ ਇਹ ਸੀ ਕਿ ਉਨ੍ਹਾਂ ਗ਼ਜ਼ਲ ਦੇ ਪਾਸਾਰ ਲਈ ਬਕਾਇਦਾ ਤੌਰ ਤੇ 'ਦੀਪਕ ਗ਼ਜ਼ਲ ਸਕੂਲ' ਦੀ ਸਥਾਪਨਾ ਕੀਤੀ। ਇਸ ਸਕੂਲ ਰਾਹੀਂ ਉਹ ਹਰ ਰੋਜ਼ ਲੰਮਾਂ ਸਮਾਂ ਸਿਖਾਂਦਰੂ ਅਤੇ ਪੁੰਗਰਦੇ ਸ਼ਾਇਰਾਂ ਨੂੰ ਗ਼ਜ਼ਲ ਦੀ ਸੂਖਮਤਾ, ਰੂਪਕ ਪੱਖ, ਜ਼ੁਬਾਨ ਦਾ ਸੁਹਜ, ਕਵਿਤਾ ਵਿਚਲੀ ਸੰਗੀਤਾਮਿਕਤਾ ਅਤੇ ਭਾਸ਼ਾ ਦਾ ਗਿਆਨ ਵੰਡਣ ਲਈ ਲਾਉਂਦੇ ਰਹੇ। ਉਨ੍ਹਾਂ ਦੀ ਇਸ ਤਪੱਸਿਆ ਸਦਕਾ ਹੀ ਅੱਜ ਉਨ੍ਹਾਂ ਦੇ ਅਨੇਕਾਂ ਸ਼ਾਗਿਰਦ ਪੰਜਾਬੀ ਗ਼ਜ਼ਲ ਖੇਤਰ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਬੇਸ਼ੱਕ ਅੱਜ ਕਵਿਤਾ ਦੇ ਨਾਂ ਤੇ ਅਕਵਿਤਾ ਵੀ ਵੱਡੀ ਗਿਣਤੀ ਵਿਚ ਪਾਠਕ ਮਨਾਂ ਨੂੰ ਉਚਾਟ ਕਰ ਰਹੀ ਹੈ ਪਰ ਦੀਪਕ ਜੈਤੋਈ ਨੇ ਹਮੇਸ਼ਾ ਇਸ ਗੱਲ ਤੇ ਪਹਿਰਾ ਦਿੱਤਾ ਕਿ ਸੰਗੀਤਾਮਿਕਤਾ ਤੋਂ ਵਿਹੂਣੀ ਕੋਈ ਵੀ ਸਾਹਿਤਕ ਰਚਨਾ ਕਵਿਤਾ ਜਾਂ ਗ਼ਜ਼ਲ ਨਹੀਂ ਹੋ ਸਕਦੀ।

ਇਹ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਸਤਾਦ ਦੀਪਕ ਜੈਤੋਈ ਉਚਕੋਟੀ ਦੇ ਗੀਤਕਾਰ ਵੀ ਸਨ ਅਤੇ ਉਨ੍ਹਾਂ ਦੇ ਅਨੇਕਾਂ ਗੀਤ ਪ੍ਰਸਿੱਧ ਗਾਇਕਾ ਮਰਹੂਮ ਨਰਿੰਦਰ ਬੀਬਾ ਦੀ ਸੁਰੀਲੀ ਆਵਾਜ਼ ਵਿਚ ਰਿਕਾਰਡ ਹੋਏ। 'ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ', 'ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ ਵੇ ਅਸਾਂ ਨੀਂ ਕਨੌੜ ਝੱਲਣੀ', 'ਜੁੱਤੀ ਲਗਦੀ ਹਾਣੀਆਂ ਮੇਰੇ ਵੇ ਪੁੱਟ ਨਾ ਪੁਲਾਂਘਾਂ ਲੰਮੀਆਂ' ਆਦਿ ਕਈ ਗੀਤ ਤਾਂ ਪੰਜਾਬੀਆਂ ਦੀ ਜ਼ੁਬਾਨ 'ਤੇ ਅਜਿਹੇ ਚੜ੍ਹੇ ਕਿ ਲੋਕ ਗੀਤਾਂ ਦਾ ਦਰਜਾ ਹਾਸਲ ਕਰ ਗਏ। ਆਪਣੇ ਮਕਬੂਲ ਹੋਏ ਗੀਤ



'ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ ਵੇ ਅਸਾਂ ਨੀਂ ਕਨੌੜ ਝੱਲਣੀ' ਦਾ ਪ੍ਰਸੰਗ ਬਿਆਨਦਿਆਂ ਉਹ ਦਸਦੇ ਹੁੰਦੇ ਸਨ-

"ਇਸ ਗੀਤ ਰਾਹੀਂ ਮੈਂ ਸਿਰਫ ਇਹ ਬਿਆਨ ਕਰਨਾ ਚਾਹੁੰਦਾ ਸੀ ਕਿ ਵੱਡਿਆਂ ਘਰਾਂ ਵਿਚ ਕੰਮ ਕਰਨ ਵਾਲੀਆਂ ਕੰਮੀਆਂ, ਕੁੜੀਆਂ ਦਾ ਅੱਛਾ ਸਤਿਕਾਰ ਨਹੀਂ ਕੀਤਾ ਜਾਂਦਾ। ਬਦਕਿਸਮਤੀ ਇਹ ਕਿ ਇਸ ਗੀਤ ਦੀ ਰਦੀਫ 'ਜ਼ੈਲਦਾਰ' ਆ ਗਈ, ਨੰਬਰਦਾਰਨ ਵੀ ਆ ਸਕਦੀ ਸੀ, ਜਗੀਰਦਾਰ ਵੀ ਆ ਸਕਦੀ ਸੀ। ਸਾਡੀ ਮੰਡੀ ਦੇ ਮਾਲਕ ਜ਼ੈਲਦਾਰ ਸਨ। ਉਨ੍ਹਾਂ ਨੂੰ ਇਹ ਗੱਲ ਚੁਭੀ। ਇਕ ਦਿਨ ਜਦੋਂ ਮੈਂ ਬੱਸ ਅੱਡੇ ਵਿੱਚੋਂ ਲੰਘ ਰਿਹਾ ਸਾਂ ਤਾਂ ਜ਼ੈਲਦਾਰ ਸਾਹਿਬ ਮੈਨੂੰ ਘੇਰ ਕੇ ਖੜ੍ਹ ਗਏ ਤੇ ਕਹਿੰਦੇ, "ਗੱਲ ਸੁਣ ਦੀਪਕਾ।" ਮੈਂ ਕਿਹਾ " ਹੁਕਮ ਕਰੋ ਹਜ਼ੂਰ।" ਉਹ ਕਹਿਣ ਲੱਗੇ, " ਤੂੰ ਮੇਰੇ ਖਿਲਾਫ਼ ਗੀਤ ਲਿਖਿਆ ਹੈ।" ਮੈਂ ਕਿਹਾ "ਜਨਾਬ ਆਪਣੀ ਕੋਈ ਦੁਸ਼ਮਣੀ ਹੈ ਜਾਂ ਆਪਣੇ ਬਜ਼ੁਰਗਾਂ ਦੀ ਕੋਈ ਦੁਸ਼ਮਣੀ ਸੀ? " ਕਹਿਣ ਲੱਗੇ "ਨਹੀਂ।" ਫਿਰ ਮੈਂ ਤੁਹਾਡੇ ਖਿਲਾਫ਼ ਗੀਤ ਕਿਉਂ ਲਿਖੂੰਗਾ?" ਕਹਿਣ ਲੱਗੇ "ਤੂੰ ਲਿਖਿਆ ਨਹੀਂ ਕਿ ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ...।" ਮੈਂ ਕਿਹਾ "ਜਨਾਬ! ਜ਼ੈਲਦਾਰ ਇਕੱਲੇ ਤੁਸੀਂ ਹੀ ਨਹੀਂ, ਹੋਰ ਵੀ ਅਨੇਕ ਹਨ ਲੇਕਿਨ ਮੇਰੀ ਮੁਰਾਦ ਸੀ ਕਿ ਵੱਡੇ ਘਰਾਂ ਵਿਚ ਕੰਮ ਕਰਨ ਵਾਲੀਆਂ ਲੜਕੀਆਂ ਨੂੰ ਮਾਣ ਇੱਜ਼ਤ ਨਾਲ ਦੇਖਿਆ ਜਾਵੇ। ਇਹ ਤਾਂ ਇਕ ਸਮਾਜਿਕ ਗੀਤ ਸੀ।" ਉਹ ਕਹਿੰਦੇ " ਤੂੰ ਇਸ 'ਚ ਜੈਤੋ ਦਾ ਨਾਂ ਪਾਇਆ ਹੈ? " ਮੈਂ ਕਿਹਾ "ਨਾਂ ਤਾਂ ਮੈਂ ਪਾਉਣਾ ਹੀ ਸੀ ਕਿਉਂਕਿ ਜੈਤੋ ਮੇਰਾ ਪਿੰਡ ਹੈ।" ਉਹ ਗੁੱਸੇ 'ਚ ਬੋਲੇ "ਮੈਂ ਤੈਨੂੰ ਗੋਲੀ ਮਰਵਾਦੂੰ।" ਮੈਂ ਕਿਹਾ "ਜਨਾਬ! ਮਰਵਾਉਣੀ ਕੀਹਦੇ ਕੋਲੋਂ ਐ। ਗੋਲੀ ਥੋਡੇ ਕੋਲੇ ਹੈ ਤੇ ਸੀਨਾ ਮੇਰੇ ਕੋਲੇ ਹੈ।" ਫਿਰ ਉਹ ਠੰਢੇ ਹੋ ਗਏ ਅਤੇ ਆਪ ਹੀ ਚਲੇ ਗਏ।"

ਉਨ੍ਹਾਂ ਧਾਰਮਿਕ ਗੀਤਾਂ ਦੀ ਰਚਨਾ ਵੀ ਕੀਤੀ ਜਿਨ੍ਹਾਂ ਵਿਚ 'ਸਾਕਾ ਚਾਂਦਨੀ ਚੌਕ' ਅਤੇ 'ਗੁਰੂ ਨਾਨਕ ਦੇਵ ਦੀਆਂ ਸਾਖੀਆਂ' (ਦੋਵੇਂ ਐਲ.ਪੀ.) ਪ੍ਰਸਿੱਧ ਕੰਪਨੀ ਐਚ.ਐਮ.ਵੀ. ਵਿਚ ਰਿਕਾਰਡ ਹੋਏ ਅਤੇ ਇਨ੍ਹਾਂ ਨੇ ਵਿਕਰੀ ਦਾ ਵੀ ਇਕ ਰਿਕਾਰਡ ਕਾਇਮ ਕੀਤਾ। ਗੀਤਕਾਰੀ ਖੇਤਰ ਵਿੱਚ ਦੀਪਕ ਜੈਤੋਈ ਦਾ ਮਨ ਉਦੋਂ ਉਚਾਟ ਹੋ ਗਿਆ ਜਦੋਂ ਜ਼ਿਆਦਾਤਰ ਗੀਤਕਾਰਾਂ ਤੇ ਗਾਇਕਾਂ ਨੇ ਗੀਤਕਾਰੀ ਅਤੇ ਗਾਇਕੀ ਨੂੰ ਪੈਸੇ ਕਮਾਉਣ ਦੇ ਧੰਦੇ ਤੱਕ ਸੀਮਤ ਕਰ ਲਿਆ। ਉਹ ਕਹਿੰਦੇ ਸਨ "ਗੀਤਕਾਰ ਇਸ ਹੱਦ ਤੱਕ ਡਿੱਗ ਗਏ ਕਿ ਮਾਂ ਬੋਲੀ ਪੰਜਾਬੀ ਦਾ ਹੀ ਨਹੀਂ ਸਗੋਂ ਪੰਜਾਬੀ ਸਭਿਆਚਾਰ ਦਾ ਬੇੜਾ ਗਰਕ ਹੋਣ ਲੱਗਿਆ। ਏਸ ਕਰ ਕੇ ਮੈਂ ਗੀਤਕਾਰੀ ਤੋਂ ਕਿਨਾਰਾਕਸ਼ੀ ਕਰ ਲਈ'।

ਪੰਜਾਬੀ ਗ਼ਜ਼ਲ ਨੂੰ ਮਕਬੂਲੀਅਤ ਦਾ ਰੁਤਬਾ ਹਾਸਲ ਕਰਵਾਉਣ ਵਾਲੇ ਉਸਤਾਦ ਸ਼ਾਇਰ ਦੀਪਕ ਜੈਤੋਈ ਮੰਚ ਦੇ ਵਧੀਆ ਕਲਾਕਾਰ ਸਨ। ਉਹ ਕਈ ਸਾਲ ਜੈਤੋ ਵਿਖੇ ਰਾਮ ਲੀਲ੍ਹਾ ਵਿਚ ਵੱਖ ਵੱਖ ਕਿਰਦਾਰ ਨਿਭਾਉਂਦੇ ਰਹੇ। ਇਸ ਤੋਂ ਇਲਾਵਾ ਉਨ੍ਹਾਂ ਨੇ ਕਾਵਿ-ਨਾਟ, ਮਹਾਂਕਾਵਿ, ਕਹਾਣੀ, ਨਾਟਕ ਅਤੇ ਅਨੁਵਾਦ ਦੇ ਖੇਤਰ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦੀਆਂ ਇਕ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚੋਂ 'ਮਾਲਾ ਕਿਉਂ ਤਲਵਾਰ ਬਣੀ' (ਮਹਾਂਕਾਵਿ), ਗ਼ਜ਼ਲ ਦੀ ਖ਼ੁਸ਼ਬੂ, ਗ਼ਜ਼ਲ ਦੀ ਅਦਾ, ਦੀਪਕ ਦੀ ਲੋਅ, ਮੇਰੀਆਂ ਚੋਣਵੀਆਂ ਗ਼ਜ਼ਲਾਂ, ਗ਼ਜ਼ਲ ਦਾ ਬਾਂਕਪਨ, ਆਹ ਲੈ ਮਾਏ ਸਾਂਭ ਕੁੰਜੀਆਂ, ਗ਼ਜ਼ਲ ਕੀ ਹੈ, ਮਾਡਰਨ ਗ਼ਜ਼ਲ ਸੰਗ੍ਰਹਿ, ਭਰਥਰੀ ਹਰੀ (ਕਾਵਿ ਨਾਟ), ਭੁਲੇਖਾ ਪੈ ਗਿਆ (ਕਹਾਣੀ ਸੰਗ੍ਰਹਿ), ਸਮਾਂ ਜ਼ਰੂਰ ਆਵੇਗਾ (ਨਾਟਕ ਸੰਗ੍ਰਹਿ), ਸਿਕੰਦ ਗੁਪਤ (ਸੰਸਕਿਤ ਤੋਂ ਅਨੁਵਾਦਿਤ) ਆਦਿ ਰਚਨਾਵਾਂ ਕਾਬਲਿ-ਜ਼ਿਕਰ ਹਨ। ਉਨ੍ਹਾਂ ਨੂੰ ਪੰਜਾਬੀ ਵਿਚ ਪਹਿਲਾ ਗ਼ਜ਼ਲ ਦੀਵਾਨ 'ਦੀਵਾਨੇ-ਦੀਪਕ' ਲਿਖਣ ਦਾ ਫ਼ਖ਼ਰ ਵੀ ਹਾਸਲ ਹੋਇਆ ਪਰ ਪੰਜਾਬੀ ਗ਼ਜ਼ਲ ਦੀ ਬਦਕਿਸਮਤੀ ਹੈ ਕਿ ਇਹ ਗ਼ਜ਼ਲ ਦੀਵਾਨ ਉਨ੍ਹਾਂ ਦੀ ਰਿਹਾਇਸ਼ੀ ਕੋਠੜੀ ਮੀਂਹ ਦੀ ਭੇਟ ਚੜ੍ਹਨ ਕਾਰਨ ਇਹ ਗ਼ਜ਼ਲ ਦੀਵਾਨ ਸਮੇਤ ਉਨ੍ਹਾਂ ਦੀਆਂ ਕਈ ਕਿਤਾਬਾਂ ਦੇ ਖਰੜੇ ਵੀ ਰੁੜ੍ਹ ਗਏ।

ਪੰਜਾਬੀ ਜ਼ੁਬਾਨ ਅਤੇ ਗ਼ਜ਼ਲ ਪ੍ਰਤੀ ਆਪਣੀ ਸਮੁੱਚੀ ਜ਼ਿੰਦਗੀ ਅਰਪਿਤ ਕਰਨ ਵਾਲੇ ਗ਼ਜ਼ਲ ਦੇ ਇਸ ਬਾਬਾ ਬੋਹੜ, ਉਸਤਾਦ ਸ਼ਾਇਰ ਦੀਪਕ ਜੈਤੋਈ ਨੂੰ ਪੰਜਾਬ ਅਤੇ ਹਰਿਆਣਾ ਦੀ ਲੱਗਭੱਗ ਹਰ ਇਕ ਵੱਡੀ ਸਾਹਿਤਕ ਸੰਸਥਾ ਨੇ ਬਣਦਾ ਮਾਣ ਸਨਮਾਨ ਦੇ ਕੇ ਆਪਣੇ ਫਰਜ਼ ਦੀ ਪੂਰਤੀ ਕੀਤੀ। ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਕਵੀ ਸਨਮਾਨ, ਡਾ. ਸਾਧੂ ਸਿੰਘ ਹਮਦਰਦ ਐਵਾਰਡ, ਕਰਤਾਰ ਸਿੰਘ ਧਾਲੀਵਾਲ ਐਵਾਰਡ, ਬਾਬਾ-ਏ-ਗ਼ਜ਼ਲ ਐਵਾਰਡ, ਮੀਰ ਤਕੀ ਮੀਰ ਐਵਾਰਡ ਅਤੇ ਹੋਰ ਅਨੇਕਾਂ ਸਾਹਿਤਕ ਐਵਾਰਡਾਂ ਨਾਲ ਨਿਵਾਜਿਆ ਗਿਆ।

ਪੰਜਾਬੀ ਸ਼ਾਇਰੀ ਨੂੰ ਬੁਲੰਦੀਆਂ ਪ੍ਰਦਾਨ ਕਰਨ ਵਾਲੇ ਇਸ ਮਹਾਨ ਸ਼ਾਇਰ ਨੇ ਆਪਣੀ ਸਾਰੀ ਜ਼ਿੰਦਗੀ ਫੱਕਰਾਂ ਵਾਂਗ ਬਿਤਾਈ ਪਰ ਆਪਣੇ ਉਚੇਰੇ ਸ਼ੌਕ ਬਰਕਰਾਰ ਰੱਖੇ। ਤੰਗੀਆਂ ਤੁਰਸ਼ੀਆਂ ਉਨ੍ਹਾਂ ਦੀ ਜ਼ਿੰਦਗੀ ਦਾ ਅਹਿਮ ਅੰਗ ਬਣ ਕੇ ਰਹੀਆਂ, ਕਈ ਵਾਰ ਫਾਕੇ ਕੱਟਣ ਤੱਕ ਵੀ ਨੌਬਤ ਆਈ ਪਰ ਸਦਕੇ ਜਾਈਏ ਉਸ ਮਹਾਨ ਪੰਜਾਬੀ ਸਪੂਤ ਦੇ ਜਿਸ ਨੇ ਅਜਿਹੇ ਹਾਲਾਤ ਵਿਚ ਵੀ ਆਪਣੀ ਅਣਖ, ਗ਼ੈਰਤ ਅਤੇ ਸਵੈਮਾਣ ਨੂੰ ਠੇਸ ਨਹੀਂ ਲੱਗਣ ਦਿੱਤੀ। ਇਸ ਦੀ ਮਿਸਾਲ ਇਨ੍ਹਾਂ ਤੱਥਾਂ ਤੋਂ ਵੀ ਹੁੰਦੀ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਰਹੇ ਸ੍ਰੀ ਅਟੱਲ ਬਿਹਾਰੀ ਵਾਜਪਾਈ ਉਨ੍ਹਾਂ ਦੇ ਗੂੜ੍ਹੇ ਮਿੱਤਰ ਸਨ ਅਤੇ ਕਈ ਕਵੀ ਦਰਬਾਰਾਂ ਵਿਚ ਉਨ੍ਹਾਂ ਸ੍ਰੀ ਵਾਜਪਾਈ ਨਾਲ ਸ਼ਮੂਲੀਅਤ ਕੀਤੀ ਸੀ ਪਰ ਦੀਪਕ ਜੈਤੋਈ ਨੇ ਆਪਣੇ ਨਾ-ਸਾਜ਼ਗਾਰ ਹਾਲਾਤ ਵਿਚ ਵੀ ਸ੍ਰੀ ਵਾਜਪਾਈ ਤੱਕ ਆਪਣੀ ਆਰਥਿਕ ਮੰਦਹਾਲੀ ਦੀ ਭਿਣਕ ਨਹੀਂ ਪੈਣ ਦਿੱਤੀ। ਉਨ੍ਹਾਂ ਦੇ ਇਹ ਸ਼ਿਅਰ ਉਨ੍ਹਾਂ ਦੀ ਜ਼ਿੰਦਗੀ ਦੀ ਤਰਜਮਾਨੀ ਬਾਖ਼ੂਬੀ ਕਰਦੇ ਹਨ-

ਜ਼ਖ਼ਮ ਹਨ ਦਿਲ 'ਤੇ ਬਹੁਤ, ਜ਼ਖ਼ਮਾਂ 'ਚ ਗਹਿਰਾਈ ਬਹੁਤ
ਇਸ਼ਕ ਨੇ ਇਕ ਉਮਰ ਮੇਰੀ ਜਾਨ ਤੜਪਾਈ ਬਹੁਤ

ਹਾਦਿਸੇ ਮੇਰੇ ਕਦਮ ਹਰਗਿਜ਼ ਨਹੀਂ ਅਟਕਾ ਸਕੇ
ਤੇਜ਼ ਤਰ ਹੋ ਕੇ ਹਨੇਰੀ ਅੱਗੋਂ ਟਕਰਾਈ ਬਹੁਤ

ਅੱਤ ਮੁਸ਼ਕਿਲ ਵਿਚ ਵੀ ਮੇਰਾ ਹੌਸਲਾ ਟੁੱਟਿਆ ਨਹੀਂ
ਵਕਤ ਦੇ ਚੱਕਰ ਨੇ ਕੀਤੀ ਜ਼ੋਰ-ਅਜ਼ਮਾਈ ਬਹੁਤ

ਨੰਗੇ ਪੈਰੀਂ ਭੀ ਰਿਹਾ ਪਰ ਸਿਰ ਰਿਹੈ ਮੇਰਾ ਬੁਲੰਦ
ਮੇਰੀ ਇਸ ਦੀਵਾਨਗੀ 'ਤੇ ਦੁਨੀਆਂ ਮੁਸਕਾਈ ਬਹੁਤ

ਅੰਤ 12 ਫਰਵਰੀ 2005 ਨੂੰ ਪੰਜਾਬੀ ਗ਼ਜ਼ਲ ਦਾ ਇਹ ਸੂਰਜ ਹਮੇਸ਼ਾ ਲਈ ਅਸਤ ਹੋ ਗਿਆ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਸ਼ਾਇਰੀ ਦੇ ਇਕ ਫ਼ਖ਼ਰਯੋਗ ਅਤੇ ਸੁਨਹਿਰੀ ਅਧਿਆਇ ਦਾ ਅੰਤ ਹੋ ਗਿਆ ਹੈ ਪਰ ਪੰਜਾਬੀ ਸ਼ਾਇਰੀ ਪ੍ਰਤੀ ਉਨ੍ਹਾਂ ਦੀ ਘਾਲਣਾ ਨੂੰ ਪੰਜਾਬੀ ਪ੍ਰੇਮੀ ਕਦੇ ਵੀ ਭੁਲਾ ਨਹੀਂ ਸਕਣਗੇ।

---



ਲੇਖਕ
ਗੁਰਮਾਨ ਸੈਣੀ
ਸੰਪਰਕ :
9256346906

# ਬੇਰਾਂ ਦੀ ਖ਼ੁਸ਼ਬੋਈ



ਪਰਾਣੇ ਜ਼ਮਾਨਿਆਂ ਕੀ ਬਾਤ ਆ। ਇੱਕ ਬਾਰ ਮੈਂ ਹਰ ਬਾਪੂ ਮਨਸ਼ਾ ਦੇਵੀ ਕੇ ਮੇਲੇ ਮਾ ਗਏ। ਜਦ ਮੇਲੇ ਮਾ ਰਾਤ ਨੂੰ ਜਾਣ ਕਾ ਰਵਾਜ ਤਾ।ਰਾਤ ਨੂੰ ਮੇਲੇ ਮਾ ਗਾਣ ਵਾਲਿਆਂ ਕੇ ਖਾੜੇ ਲਗੇ ਕਰਾਂ ਤੇ। ਅੱਧੀ ਅੱਧੀ ਰਾਤ ਤੱਕ ਤੋ ਮੇਲੇ ਮਾ ਹੀ ਘੁੰਮੀ ਜਹਾਂ ਤੇ ਹਰ ਫੇਰ ਥੋੜਾ ਬਹੁਤ ਸਸਤਾ ਕਾ ਮੱਥਾ ਟੇਕਨ ਕੀ ਲੈਨ ਮਾ ਲਗ ਜਾਂ ਤੇ।ਆਲੂ ਕੀ ਸੁੱਕੀ ਸਬਜ਼ੀ, ਪੂਰੀਆਂ ਹਰ ਪ੍ਰਸ਼ਾਦ ਕਾ ਚੜਾਵਾ ਚੜਾ ਤਾ। ਵਾਹੀ ਖਾ ਲੇ ਕਰਾਂ ਤੇ।


ਮੈਂ ਹਰ ਬਾਪੂ ਮੇਲੇ ਮਾ ਬਹੁਤ ਘੁੰਮੇ। ਜਦ ਮੇਲੇ ਰੂਹ ਰਜ਼ਾ ਦੇਵਾਂ ਤੇ।ਇਬ ਤੋ ਸਭ ਕੁਛ ਟੀਵੀ ਹਰ ਇੰਟਰਨੈੱਟ ਨੇ ਖਾ ਲਿਆ।ਵਾਪਸੀ ਮਾ ਬਾਪੂ ਨੇ ਘਰ ਆਲਿਆਂ ਵਾਸਤਾ ਦੋ ਕਿਲੋ ਬੇਰ ਲੇ ਲਿਏ। ਦਾਖੀ - ਦਾਖੀ, ਪੀਲੇ ਪੀਲੇ , ਗੋਬਲੇ ਸੇ ਨਿਆਣੇ ਬਰਗੇ, ਮੋਟੇ ਮੋਟੇ , ਬਹੁਤ ਵਧੀਆ ਬੇਰ।ਹਰ ਐਸੀ ਵਾਸਨਾ ਕਿ ਕਿਆ ਕਹਿਣੇ। ਉਸੀ ਝੋਲੇ ਮਾ ਪਾ ਲੀਏ ਜਿਸਮਾ ਤੇ ਨਿਕ ਸੁਕ ਖਤਮ ਹੋਇਆ ਤਾਂ ।

ਜਦ ਮਣਸ਼ਾ ਦੇਵੀ ਜਾਣ ਵਾਲੇ ਚੰਡੀਮੰਦਰ ਕੰਨਟੋਨਮੈਂਟ ਏਰੀਏ ਮਾ ਨੂੰ ਹੋ ਕਾ ਜਾਏ ਕਰਾਂ ਤੇ ਜਹਾਂ ਨੂੰ ਇਬ ਖੜਗਾ ਸਿਨਮਾ ਹਾਲ ਬਣਿਆ ਵਾ।

ਵਾਪਸੀ ਮਾਂ ...। ਪੈਦਲ ਕਾ ਰਸਤਾ । ਬਾਪੂ ਅੱਗਾ ਅੱਗਾ ਹਰ ਮੈਂ ਪਿੱਛਾ ਪਿੱਛਾ। ਕੁਛ ਦੂਰ ਤੋਂ ਮੈਂ ਹੌਲੀ ਹੌਲੀ ਚਲਿਆ ਆਇਆ । ਪਰ ਫੇਰ ਸਾਲੀ ਬੇਰਾਂ ਕੀ ਖੁਸ਼ਬੂ ਮੇਰੇ ਦਮਾਗ ਨੂੰ ਚੜ੍ਹਗੀ। ਮੈਂ ਸੋਚਿਆ ਕਿ ਬਾਪੂ ਤੋਂ ਅੱਗਾ ਚਲ ਰਿਹਾ, ਦੋ ਚਾਰ ਬੇਰ ਖਾ ਲਿਊਂ , ਇਤਨਿਆਂ ਮਾਂ ਤੇ ਕਿਆ ਪਤਾ ਲਗਾ।ਫੇਰ ਕਿਆ ਤਾਂ ਮਨ ਪਰ ਮੁਸ਼ਕ ਭਾਰੂ ਹੋਗੀ। ਬਸ ਫੇਰ ਹੌਲੀ ਹੌਲੀ ਰਸਤਾ ਬੀ ਘਟਦਾ ਰਿਹਾ ਹਰ ਬੇਰ ਬੀ। ਭਲਾਂ ਪੈਦਲ ਚੱਲਣ ਮਾ ਖਾਵਾਂ ਬਾਦ ਮਾ ਹਾਜਮ ਪਹਿਲਾਂ ਹੋਜਾਂ।ਘਰ ਪਹੁੰਚ ਕਾ ਜਦ ਬਾਪੂ ਨੇ ਬੇਰਾਂ ਕੇ ਬਾਰੇ ਮਾ ਪੁਛਿਆ ਤੋ ਮੈਂ ਬੋਲਿਆ

" ਇਬ ਬੇਰ ਕਹਾਂ ਇਬ ਤੋ ਬਸ ਖਾਲੀ ਝੋਲਾ ਹੀ ਰੈ ਗਯਾ। "

ਬਸ ਫੇਰ ਕਿਆ ਤਾ...




# ਘਾਤਕ ਹੈ ਸਿੱਖਿਆ ਦਾ ਬਾਜ਼ਾਰੀਕਰਨ

ਲੇਖਕ : ਪੂਰਨ ਚੰਦ ਸਰੀਨ

ਅੱਜ ਦੁਨੀਆ 'ਚ ਸਭ ਤੋਂ ਵੱਧ ਪੜ੍ਹਿਆ-ਲਿਖਿਆ, ਭਾਰਤ ਦੇ ਮੁਕਾਬਲੇ 'ਚ ਛੋਟਾ ਜਿਹਾ ਦੇਸ਼ ਦੱਖਣੀ ਕੋਰੀਆ ਹੈ। ਉਸ ਤੋਂ ਬਾਅਦ ਹੋਰ ਵਿਕਸਤ ਕਹੇ ਜਾਣ ਵਾਲੇ ਦੇਸ਼ ਆਉਂਦੇ ਹਨ ਜਿਵੇਂ ਚੀਨ, ਰੂਸ, ਕੈਨੇਡਾ, ਅਮਰੀਕਾ, ਜਰਮਨੀ, ਇੰਗਲੈਂਡ, ਫ਼ਰਾਂਸ, ਆਇਰਲੈਂਡ, ਨਾਰਵੇ ਅਤੇ ਹੋਰ।

ਭਾਰਤ ਦਾ ਨੰਬਰ ਇਨ੍ਹਾਂ ਤੋਂ ਬਾਅਦ ਕਿਤੇ 90 ਦੇ ਨੇੜੇ-ਤੇੜੇ ਆਉਂਦਾ ਹੈ, ਕੁਝ ਲੋਕ ਕਹਿੰਦੇ ਹਨ ਕਿ 60 ਦੇ ਨੇੜੇ-ਤੇੜੇ ਸਾਡਾ ਨੰਬਰ ਹੈ। ਭਾਵ ਇਹ ਕਿ ਸਾਡੀ ਹਾਲਤ ਚਿੰਤਾਜਨਕ ਹੈ। ਸਾਡੀ ਅੱਧੀ ਆਬਾਦੀ ਲਗਭਗ ਅਨਪੜ੍ਹ ਜਾਂ ਬਹੁਤ ਘੱਟ ਪੜ੍ਹੀ-ਲਿਖੀ ਹੈ। ਤ੍ਰਾਸਦੀ ਇਹ ਹੈ ਕਿ ਚੀਨ ਜਿਸ ਤੋਂ ਆਬਾਦੀ ਦੇ ਮਾਮਲੇ 'ਚ ਅਸੀਂ ਅੱਗੇ ਨਿਕਲ ਚੁੱਕੇ ਹਾਂ, ਉਸ ਦੇ ਅਧਿਆਪਕਾਂ ਦੀ ਗਿਣਤੀ ਸਾਡੇ ਨਾਲੋਂ ਦੁਗਣੀ ਭਾਵ ਲਗਭਗ ਦੋ ਕਰੋੜ ਹੈ। ਮੂਹਰਲੀ ਕਤਾਰ 'ਚ ਆਉਣ ਵਾਲੇ ਦੇਸ਼ਾਂ 'ਚ 50 ਤੋਂ 80 ਲੱਖ ਤੱਕ ਅਧਿਆਪਕ ਹਨ। ਅਨੁਮਾਨ ਹੈ ਕਿ ਵਿਸ਼ਵ 'ਚ ਲਗਭਗ 15 ਕਰੋੜ ਬੱਚੇ ਸਵੇਰੇ ਪੜ੍ਹਨ ਲਈ ਸ਼ਾਨਦਾਰ ਇਮਾਰਤਾਂ ਅਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਲ ਲੈਸ ਸੰਸਥਾਵਾਂ 'ਚ ਜਾਂਦੇ ਹਨ। ਇਨ੍ਹਾਂ 'ਚ ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਵੀ ਹਨ ਅਤੇ ਅਵਿਕਸਤ ਵੀ। ਇਨ੍ਹਾਂ 'ਚ ਸਿੱਖਿਆ ਦੇ ਵੱਡੇ ਸੁੰਦਰ ਭਵਨ ਵੀ ਮਿਲ ਜਾਣਗੇ ਅਤੇ ਮਕਾਨ, ਦੁਕਾਨ, ਹਵੇਲੀ, ਪੁਰਾਣੇ ਖ਼ਸਤਾ ਹਾਲ ਘਰ 'ਚ ਬਣੇ ਸਕੂਲ ਵੀ ਜੋ ਸਰਬ-ਸਿੱਖਿਆ ਅਭਿਆਨ ਜਾਂ ਅਜਿਹੀ ਹੀ ਕਿਸੇ ਸਰਕਾਰੀ ਯੋਜਨਾ ਦੇ ਫੰਡ ਜਾਂ ਸਹਾਇਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ ਗਲੀ-ਮੁਹੱਲਿਆਂ 'ਚ ਬਣਾ ਲਏ ਜਾਂਦੇ ਹਨ। ਇਨ੍ਹਾਂ 'ਚ ਪੈਸਾ ਲਗਾਉਣ ਵਾਲਾ ਕਦੇ ਸਾਹਮਣੇ ਨਹੀਂ ਆਉਂਦਾ ਪਰ ਕਿਸੇ ਨਾਮੀ-ਗਿਰਾਮੀ ਅਧਿਆਪਕ ਜਾਂ ਜਿਸ ਨੇ ਪੜ੍ਹਾਉਣ ਦੀ ਸਿਖਲਾਈ ਲਈ ਹੋਵੇ, ਬੀ.ਐੱਡ ਜਾਂ ਐੱਮ.ਐੱਡ ਹੋਵੇ, ਉਸ ਨੂੰ ਅੱਗੇ ਕਰ ਦਿੱਤਾ ਜਾਂਦਾ ਹੈ। ਉਸ ਦਾ ਪ੍ਰਮੁੱਖ ਕੰਮ ਇਹ ਹੁੰਦਾ ਹੈ ਕਿ ਪੜ੍ਹਾਈ-ਲਿਖਾਈ ਚਾਹੇ ਨਾ ਹੋਵੇ ਪਰ ਸਰਕਾਰੀ ਸਹੂਲਤਾਂ ਅਤੇ ਗ਼ੈਰ-ਸਰਕਾਰੀ ਐੱਨ.ਜੀ.ਓ. ਅਤੇ ਵੱਖ-ਵੱਖ ਉਦਯੋਗਪਤੀਆਂ ਵਲੋਂ ਸਥਾਪਿਤ ਟੈਕਸ ਬਚਾਉਣ ਦੇ ਉਦੇਸ਼ ਨਾਲ ਖੋਲ੍ਹੀਆਂ ਗਈਆਂ ਚੈਰੀਟੇਬਲ ਸੰਸਥਾਵਾਂ ਕੋਲੋਂ ਧਨ ਦੀ ਵਿਵਸਥਾ ਕੀਤੀ ਜਾਏ। ਉਸ ਨੂੰ ਵੀ ਪੜ੍ਹਨ-ਪੜ੍ਹਾਉਣ ਨਾਲੋਂ ਵੱਧ ਇਨ੍ਹਾਂ ਚੀਜ਼ਾਂ ਨੂੰ ਇਕੱਤਰ ਕਰਨ 'ਚ ਆਪਣੀ ਭਲਾਈ ਦਿਖਾਈ ਦੇਣ ਲਗਦੀ ਹੈ। ਇਸ ਤਰ੍ਹਾਂ ਸਿੱਖਿਆ ਦੀ ਆੜ 'ਚ ਇਹ ਧੰਦਾ ਲਗਾਤਾਰ ਵਧਦਾ ਫੁਲਦਾ ਰਹਿੰਦਾ ਹੈ।

ਸਰਕਾਰੀ ਸਕੂਲਾਂ ਅਤੇ ਉੱਚ ਸਿੱਖਿਆ ਸੰਸਥਾਵਾਂ 'ਚ ਤਾਂ ਫਿਰ ਵੀ ਕਾਇਦੇ-ਕਾਨੂੰਨਾਂ ਦੀ ਪਾਲਣਾ ਹੁੰਦੀ ਹੈ, ਜਿਨ੍ਹਾਂ 'ਚ ਕੇਂਦਰੀ ਸਕੂਲ ਵੀ ਆਉਂਦੇ ਹਨ। ਇਨ੍ਹਾਂ 'ਚ ਅਧਿਆਪਕਾਂ ਦੀ ਨਿਯੁਕਤੀ ਸੌਖੀ ਨਹੀਂ ਹੁੰਦੀ। ਆਪਣੀ ਯੋਗਤਾ ਅਤੇ ਵਿਸ਼ਵਾਸ ਯੋਗਤਾ ਸਾਬਤ ਕਰਨੀ ਪੈਂਦੀ ਹੈ। ਇਨ੍ਹਾਂ 'ਚੋਂ ਪੜ੍ਹ ਕੇ ਨਿਕਲੇ ਵਿਦਿਆਰਥੀ ਜੀਵਨ ਦੀ ਦੌੜ 'ਚ ਥੋੜ੍ਹਾ ਅੱਗੇ-ਪਿੱਛੇ ਤਾਂ ਰਹਿ ਸਕਦੇ ਹਨ, ਪਰ ਅਸਫਲ ਨਹੀਂ ਹੁੰਦੇ। ਜੋ ਨਿੱਜੀ ਤੌਰ 'ਤੇ ਚਲਾਏ ਜਾ ਰਹੇ ਸਿੱਖਿਆ ਸੰਸਥਾਨ ਹਨ, ਉਨ੍ਹਾਂ 'ਚ ਉਂਗਲੀ 'ਤੇ ਗਿਣੀਆਂ ਜਾ ਸਕਣ ਵਾਲੀਆਂ ਵਿਸ਼ਵ ਪ੍ਰਸਿੱਧ ਇਕਾਈਆਂ ਨੂੰ ਛੱਡ ਕੇ ਬਾਕੀ ਸਭ ਦੀ ਹਾਲਤ ਇਹ ਹੈ ਕਿ ਉਨ੍ਹਾਂ 'ਚੋਂ ਨਿਕਲੇ ਵਿਦਿਆਰਥੀਆਂ ਨੂੰ, ਉਨ੍ਹਾਂ ਨੂੰ ਮਿਲੀ ਡਿਗਰੀ ਦੀ ਬਦੌਲਤ ਕੋਈ ਵੀ ਨੌਕਰੀ ਦੇਣ ਨੂੰ ਤਿਆਰ ਨਹੀਂ ਹੁੰਦਾ। ਕਾਰਨ ਇਹ ਹੈ ਕਿ ਇਹ ਕਿਤਾਬੀ ਕੀੜੇ ਅਤੇ ਉਹ ਵੀ ਬਾਬਾ ਆਦਮ ਦੇ ਜ਼ਮਾਨੇ ਦੀਆਂ ਲਿਖੀਆਂ ਕਿਤਾਬਾਂ ਨੂੰ ਰੱਟਾ ਲਾ ਕੇ ਪਾਸ ਹੋਏ ਹੁੰਦੇ ਹਨ। ਜੇਕਰ ਇਨ੍ਹਾਂ 'ਚੋਂ ਕੋਈ ਵਿਦਿਆਰਥੀ ਸਿਰਫ਼ ਆਪਣੇ ਗੁਣਾਂ ਅਤੇ ਯੋਗਤਾ ਦੇ ਆਧਾਰ 'ਤੇ ਮੈਰਿਟ ਸੂਚੀ 'ਚ ਆ ਵੀ ਜਾਂਦਾ ਹੈ ਤਾਂ ਇਹ ਸੰਸਥਾਵਾਂ ਉਸ ਦਾ ਪੂਰਾ ਸਿਹਰਾ ਖ਼ੁਦ ਲੈ ਜਾਂਦੀਆਂ ਹਨ ਅਤੇ ਢੰਡੋਰਾ ਪਿੱਟਣ ਲਗਦੀਆਂ ਹਨ ਕਿ ਦੇਖੋ ਸਾਡੀਆਂ ਸੰਸਥਾਵਾਂ ਦੇ ਅਧਿਆਪਕ ਕਿੰਨੇ ਗੁਣੀ ਹਨ ਕਿ ਇਸ ਤਰ੍ਹਾਂ ਦੇ ਹੁਸ਼ਿਆਰ ਵਿਦਿਆਰਥੀ ਉਨ੍ਹਾਂ ਦੀਆਂ ਸੰਸਥਾਵਾਂ 'ਚੋਂ ਨਿਕਲੇ ਹਨ।

ਸਿੱਖਿਆ ਦਾ ਚੱਕਰਵਿਊ

ਸਿੱਖਿਆ ਦੇ ਵਪਾਰੀਕਰਨ ਦੇ ਨਾਂਅ 'ਤੇ ਇਸ ਵਪਾਰ ਦੇ ਬਾਜ਼ਾਰ 'ਚ ਇਨ੍ਹਾਂ ਸੰਸਥਾਵਾਂ ਦੀ ਫ਼ੀਸ ਇੰਨੀ ਵਧ ਜਾਂਦੀ ਹੈ ਕਿ ਆਮ ਆਮਦਨੀ ਵਾਲਾ ਵਿਅਕਤੀ ਆਪਣੇ ਬੱਚਿਆਂ ਨੂੰ ਇਨ੍ਹਾਂ 'ਚ ਪੜ੍ਹਾਉਣ ਦਾ ਸੁਪਨਾ ਤੱਕ ਨਹੀਂ ਵੇਖ ਸਕਦਾ। ਸਾਡੇ ਦੇਸ਼ 'ਚ ਪ੍ਰਾਚੀਨ ਕਾਲ ਤੋਂ ਹੀ ਵਿਸ਼ਵ ਪ੍ਰਸਿੱਧ ਅਤੇ ਸਰਬੋਤਮ ਅਧਿਆਪਕਾਂ ਦੀ ਕਦੇ ਕਮੀ ਨਹੀਂ ਰਹੀ ਹੈ। ਉਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਹੱਦ ਤਾਂ ਉਦੋਂ ਹੋ ਜਾਂਦੀ ਹੈ, ਜਦੋਂ ਉਨ੍ਹਾਂ ਦੇ ਨਾਂਅ ਦੀ ਵਰਤੋਂ ਸਿੱਖਿਆ ਦੇ ਬਾਜ਼ਾਰ 'ਚ ਆਪਣੀ ਸਾਖ ਬਣਾਉਣ ਲਈ ਕੀਤੀ ਜਾਂਦੀ ਹੈ। ਗੌਤਮ ਬੁੱਧ, ਕੌਟਲਿਆ ਜਾਂ ਚਾਣਕਿਆ, ਸਵਾਮੀ ਵਿਵੇਕਾਨੰਦ ਅਤੇ ਉਨ੍ਹਾਂ ਦੇ ਗੁਰੂ ਰਾਮ ਕ੍ਰਿਸ਼ਨ ਪਰਮਹੰਸ, ਰਵਿੰਦਰਨਾਥ ਟੈਗੋਰ, ਸਾਵਿੱਤਰੀ ਬਾਈ ਫੂਲੇ, ਮਦਨ ਮੋਹਨ ਮਾਲਵੀਆ ਅਤੇ ਆਪਣੇ ਵਿਗਿਆਨਕ ਅਧਿਆਪਕ ਰਾਸ਼ਟਰਪਤੀ ਰਹੇ ਏ.ਪੀ.ਜੇ. ਅਬਦੁਲ ਕਲਾਮ, ਇਨ੍ਹਾਂ ਦੇ ਨਾਂਅ 'ਤੇ ਧੂਮ ਧੜੱਕੇ ਨਾਲ ਚੱਲ ਰਹੀਆਂ ਸਿੱਖਿਆ ਸੰਸਥਾਵਾਂ ਪੂਰੇ ਦੇਸ਼ 'ਚ ਮਸ਼ਰੂਮ ਵਾਂਗ ਫੈਲੀਆਂ ਦਿਖਾਈ ਦੇ ਸਕਦੀਆਂ ਹਨ। ਇਨ੍ਹਾਂ ਸੰਸਥਾਵਾਂ 'ਚ ਪਰਿਵਾਰ ਦੇ ਹੀ ਲੋਕ ਕੁਲਪਤੀ, ਉਪ ਕੁਲਪਤੀ, ਡੀਨ, ਪ੍ਰੋਫ਼ੈਸਰ ਜਿਹੇ ਸਨਮਾਨਯੋਗ ਅਹੁਦੇ ਆਪਣੇ ਨਾਂਅ ਕਰ ਲੈਂਦੇ ਹਨ ਅਤੇ ਦੇਸ਼-ਵਿਦੇਸ਼ 'ਚ ਸਿੱਖਿਆ ਸੈਮੀਨਾਰਾਂ, ਸੰਮੇਲਨਾਂ 'ਚ ਧਨ ਬਲ ਨਾਲ ਪ੍ਰਧਾਨਗੀ ਕਰਦੇ ਹਨ ਜਾਂ ਕਿਸੇ ਪੁਰਸਕਾਰ ਨਾਲ ਸਨਮਾਨਿਤ ਹੁੰਦੇ ਰਹਿੰਦੇ ਹਨ।

ਜਾਂਚ ਪਰਖ:ਇਕ ਪੈਮਾਨਾ ਹੈ। ਦੁਨੀਆ 'ਚ ਅਜਿਹੇ ਬਹੁਤ ਸਾਰੇ ਦੇਸ਼ ਹਨ, ਜਿਨ੍ਹਾਂ 'ਚ ਵਿਗਿਆਨਕ ਪ੍ਰਾਪਤੀਆਂ ਲਈ ਨੋਬਲ ਪੁਰਸਕਾਰ ਹਾਸਲ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਸੈਂਕੜਿਆਂ 'ਚ ਹੈ। ਹਰ ਸਾਲ ਪੁਰਸਕਾਰ ਹਾਸਿਲ ਕਰਨ ਵਾਲੇ ਵਿਅਕਤੀਆਂ ਦਾ ਗ੍ਰਾਫ਼ ਵਧਦਾ ਹੀ ਜਾਂਦਾ ਹੈ। ਅਸੀਂ ਹਾਲੇ ਤੱਕ ਇਕ ਦਹਾਈ ਭਾਵ ਦਸ ਦੀ ਗਿਣਤੀ ਤੱਕ ਹੀ ਪਹੁੰਚ ਸਕੇ ਹਾਂ ਅਤੇ ਉਨ੍ਹਾਂ ਦੇ ਸਿਰ 'ਤੇ ਆਪਣੀਆਂ ਸਿੱਖਿਆ ਵਿਵਸਥਾ ਅਤੇ ਅਧਿਆਪਕਾਂ ਦੀ ਗੁਣਵੱਤਾ ਦਾ ਗੁਣਗਾਨ ਕਰਦੇ ਰਹਿੰਦੇ ਹਾਂ। ਸਾਡੇ ਇੱਥੇ ਅਧਿਆਪਕਾਂ ਨੂੰ ਮੈਨੇਜਮੈਂਟ ਅਤੇ ਪ੍ਰਸ਼ਾਸਨਿਕ ਕੰਮਾਂ 'ਚ ਲਗਾ ਦਿੱਤਾ ਜਾਂਦਾ ਹੈ। ਨੌਕਰੀ ਦੀ ਸੁਰੱਖਿਆ ਦਾ ਡਰ ਉਨ੍ਹਾਂ ਤੋਂ ਇਹ ਸਭ ਕਰਵਾ ਵੀ ਲੈਂਦਾ ਹੈ। ਉਨ੍ਹਾਂ ਦੇ ਅੰਦਰ ਦਾ ਜੋਸ਼, ਉਨ੍ਹਾਂ ਦਾ ਧੀਰਜ, ਵਿਦਿਆਰਥੀਆਂ ਨਾਲ ਨੇੜਤਾ ਇਹ ਸਭ ਜਵਾਬ ਦੇਣ ਲਗਦੇ ਹਨ।

ਇਹੀ ਕਾਰਨ ਹੈ ਕਿ ਹੁਣ ਅਧਿਆਪਕਾਂ 'ਚੋਂ ਰੋਲ ਮਾਡਲ ਨਹੀਂ ਮਿਲਦੇ, ਜਿਨ੍ਹਾਂ ਨੂੰ ਮੇਂਟਰ ਜਾਂ ਮਾਰਗਦਰਸ਼ਕ ਕਿਹਾ ਜਾ ਸਕਦਾ ਹੋਵੇ। ਅਜਿਹੇ ਅਧਿਆਪਕ ਤਾਂ ਹੁਣ ਮਿਲਦੇ ਹੀ ਨਹੀਂ, ਜੋ ਜੀਵਨ ਭਰ ਆਪਣੇ ਪੜ੍ਹਾਏ ਹੋਏ ਵਿਦਿਆਰਥੀਆਂ ਨਾਲ ਸੰਪਰਕ ਬਣਾਈ ਰੱਖਦੇ ਹੋਣ ਜਾਂ ਜਦੋਂ ਉਨ੍ਹਾਂ ਨੂੰ ਸਹਾਇਤਾ ਦੀ ਜ਼ਰੂਰਤ ਹੋਵੇ, ਤਾਂ ਉਹ ਸੌਖਿਆਂ ਹੀ ਅਧਿਆਪਕ ਕੋਲ ਜਾ ਸਕਦੇ ਹੋਣ। ਵਿਦਿਆਰਥੀ ਆਪਣੇ ਉਸ ਅਧਿਆਪਕ ਨੂੰ ਜੀਵਨ ਦੇ ਕਿਸੇ ਮੋੜ 'ਤੇ ਨਹੀਂ ਭੁੱਲਦਾ, ਜਿਸ ਨੇ ਪਿਆਰ, ਦੁਲਾਰ ਦੇ ਨਾਲ ਫਟਕਾਰ ਅਤੇ ਬੈਂਤ ਦੀ ਸੋਟੀ ਨਾਲ ਉਸ ਦੀ ਧੁਲਾਈ ਕੀਤੀ ਹੋਵੇ। ਜਦੋਂ ਕਦੇ ਚਾਹੇ ਆਪਣੀ ਪ੍ਰੌੜ੍ਹ ਉਮਰ ਅਤੇ ਜਾਂ ਅਧਿਆਪਕ ਦੀ ਬਿਰਧ ਅਵਸਥਾ 'ਚ ਜਾਣੇ-ਅਨਜਾਣੇ 'ਚ ਵੀ ਅਜਿਹੇ ਅਧਿਆਪਕਾਂ ਦੀ ਪੁਰਾਣੇ ਵਿਦਿਆਰਥੀਆਂ ਨਾਲ ਮੁਲਾਕਾਤ ਹੋ ਗਈ ਹੋਵੇ ਤਾਂ ਬਿਨਾਂ ਭਾਵੁਕ ਹੋਏ ਅਤੇ ਹੰਝੂਆਂ ਦੀਆਂ ਕੁਝ ਬੂੰਦਾਂ ਟਪਕਾਏ ਬਿਨਾਂ ਇਹ ਮਿਲਣ ਪੂਰਾ ਹੀ ਨਹੀਂ ਹੁੰਦਾ। ਅਕਸਰ ਅਜਿਹੇ ਅਧਿਆਪਕ ਯਾਦ ਆਉਂਦੇ ਰਹਿੰਦੇ ਹਨ, ਆਪਸੀ ਚਰਚਾ 'ਚ ਉਨ੍ਹਾਂ ਦਾ ਜ਼ਿਕਰ ਹੁੰਦਾ ਰਹਿੰਦਾ ਹੈ ਅਤੇ ਆਪਣੀ ਸ਼ਖ਼ਸੀਅਤ ਦੇ ਨਿਰਮਾਣ 'ਚ ਉਨ੍ਹਾਂ ਦੇ ਯੋਗਦਾਨ ਦੀਆਂ ਕਹਾਣੀਆਂ ਸੁਣੀਆਂ ਸੁਣਾਈਆਂ ਜਾਂਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਸਖ਼ਤ ਕੰਟਰੋਲ ਅਤੇ ਸਿੱਖਿਆ ਪ੍ਰਤੀ ਪ੍ਰਤੀਬੱਧਤਾ ਹਮੇਸ਼ਾ ਯਾਦਾਂ 'ਚ ਬਣੀ ਰਹਿੰਦੀ ਹੈ।

ਅੰਤ ਵਿਚ:ਕਹਿੰਦੇ ਹਨ ਕਿ ਸਿੱਖਣਾ ਜਾਂ ਸਿੱਖਿਆ ਗ੍ਰਹਿਣ ਕਰਨ ਦੀ ਪ੍ਰਕਿਰਿਆ ਜੀਵਨ ਭਰ ਚਲਦੀ ਹੈ। ਕੋਈ ਨਾ ਕੋਈ ਸਿੱਖਿਆ ਦੇਣ ਵਾਲਾ ਮਿਲ ਹੀ ਜਾਂਦਾ ਹੈ, ਜਿਸ ਦੀ ਭੂਮਿਕਾ ਅਧਿਆਪਕ ਨਾਲੋਂ ਘੱਟ ਨਹੀਂ ਹੁੰਦੀ। ਅਜਿਹਾ ਵੀ ਹੁੰਦਾ ਹੈ ਕਿ ਆਪਣੇ ਕਿਸੇ ਵਿਅਕਤੀ ਨੂੰ ਸ਼ਰਧਾ ਅਤੇ ਸਨਮਾਨ ਨਾਲ ਆਪਣਾ ਗੁਰੂ ਬਣਾਇਆ ਅਤੇ ਉਸੇ ਨੇ ਉਹ ਸਬਕ ਸਿਖਾਇਆ, ਜੋ ਜੀਵਨ ਭਰ ਨਹੀਂ ਭੁੱਲਦਾ। ਅਧਿਆਪਕ ਦੇ ਰੂਪ 'ਚ ਬਹੁਤ ਸਾਰੇ ਢੋਂਗੀ ਅਤੇ ਪਖੰਡੀ ਵੀ ਮਿਲਦੇ ਹਨ। ਕਈ ਵਾਰ ਤਾਂ ਸਾਰਾ ਕੁਝ ਲੁਟਾ ਕੇ ਹੋਸ਼ 'ਚ ਆਉਣ ਵਰਗੀ ਗੱਲ ਹੋ ਜਾਂਦੀ ਹੈ। ਵਿਸ਼ਵ ਅਧਿਆਪਕ ਦਿਵਸ 'ਤੇ ਇਹੀ ਕਾਮਨਾ ਹੈ ਕਿ ਸਿਖਾਉਣ ਵਾਲੇ ਇਸ ਤਰ੍ਹਾਂ ਦੇ ਮਿਲਣ ਜੋ ਚੰਗੇ-ਬੁਰੇ, ਸਹੀ-ਗਲਤ ਅਤੇ ਝੂਠ ਤੇ ਸੱਚ ਦੀ ਕਸੌਟੀ ਸਮਝਾ ਸਕਣ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Kulwinder Bains
Certified Credit Couneller
778-998-9402
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
DDS: Diverse Debt Solutions Ltd.
unit # 205-12899-76 Ave. Surrey

# ਕੋਈ ਜਾਣ ਪਛਾਣ ਹੈ?

ਲਿਖਤ : ਜਗਰੂਪ ਸਿੰਘ



ਕਦੇ ਕਦੇ ਜ਼ਿੰਦਗੀ ਦਾ ਇੱਕ ਦਿਨ ਹੀ ਬੜਾ ਕੁਝ ਸਿਖਾ ਜਾਂਦਾ ਹੈ, ਬੰਦੇ ਦੀ ਔਕਾਤ ਦਿਖਾ ਜਾਂਦਾ ਹੈ ਅਤੇ ਕਦੇ ਕਦੇ ਕੋਈ ਹਫਤਾ ਤੁਹਾਡੇ ਸਮਾਜ ਦੀ ਪੂਰੀ ਤਸਵੀਰ ਅਤੇ ਤਕਦੀਰ ਤੁਹਾਡੇ ਸਾਹਮਣੇ ਲਿਆ ਖੜ੍ਹੀ ਕਰਦਾ ਹੈ। ਜਦੋਂ ਮੈਂ ਸਰਕਾਰ ਦੇ ਤਕੜੇ ਮਹਿਕਮੇ ਦਾ ਅਫਸਰ ਸੀ ਤਾਂ ਉਸ ਵਕਤ ਮੈਂ ਆਪਣੇ ਸਾਹਮਣੇ ਵਾਲੇ ਨੂੰ ਉਸਦੀ ਔਕਾਤ ਦਿਖਾਉਣ ਤੋਂ ਝਿਜਕਦਾ ਸੀ ਪਰ ਕਈਆਂ ਨੂੰ ਦਿਖਾਉਣੀ ਵੀ ਪੈਂਦੀ ਸੀ। ਰਿਟਾਇਰਮੈਂਟ ਤੋਂ ਬਾਅਦ ਜਿਵੇਂ ਸਭ ਨੂੰ ਮੌਕਾ ਮਿਲ ਗਿਆ ਹੋਵੇ - ਹੁਣ ਦਿਖਾਉਂਦੇ ਹਾਂ ਇਹਨੂੰ ਇਹਦੀ ਔਕਾਤ।

ਦਫਤਰ ਬੈਠਿਆਂ ਪਤਾ ਵੀ ਨਹੀਂ ਲਗਦਾ ਸੀ ਕਿ ਬਾਹਰ ਕਿਸ ਭਾਅ ਵਿਕ ਰਹੀ ਹੈ। ਪਤਾ ਉਦੋਂ ਲੱਗਿਆ ਜਦੋਂ ਰਿਟਾਇਰਮੈਂਟ ਦਾ ਖਿਤਾਬ ਲੈ ਕੇ ਤੁਰਨਾ ਪਿਆ। ਰਿਟਾਇਰ ਹੋਏ ਨੂੰ ਅਜੇ ਸਾਲ ਵੀ ਨਹੀਂ ਹੋਇਆ ਸੀ ਕਿ ਇੱਕ ਦਿਨ ਸੁੰਦਰ ਸ਼ਹਿਰ ਚੰਡੀਗੜ੍ਹ ਜਾਣਾ ਪਿਆ। ਮੈਂ ਇਸ ਗੱਲ ਤੋਂ ਬੇਖਬਰ ਸੀ ਕਿ ਗੱਡੀ ਦੀ ਨੰਬਰ ਪਲੇਟ ਦੇ ਇੱਕ ਨੰਬਰ ਦਾ ਪਲਾਸਟਿਕ ਪੱਤਰਾ ਉੱਤਰਿਆ ਹੋਇਆ ਸੀ ਅਤੇ ਇਹ ਗੁਨਾਹ ਕਾਬਲੇ 'ਟਰੈਫਿਕ ਚਲਾਨ' ਜੁਰਮ ਸੀ। ਸੁੰਦਰ ਸ਼ਹਿਰ ਵਿੱਚ ਦਾਖਲ ਹੁੰਦਿਆਂ ਹੀ ਟਰੈਫਿਕ ਪੁਲਿਸ ਦੇ ਹਵਾਲਦਾਰ ਸਾਹਿਬ ਨੇ ਹੱਥ ਦੇ ਕੇ ਰੋਕ ਲਿਆ। ਮੈਂ ਉਸ ਨੂੰ ਦੱਸਿਆ ਕਿ ਮੈਂ ਇੱਕ ਜ਼ਿੰਮੇਦਾਰ ਅਹੁਦੇ ਤੋਂ ਰਿਟਾਇਰ ਹੋਇਆ ਹਾਂ, ਮੈਨੂੰ ਇਸਦਾ ਇਲਮ ਨਹੀਂ ਸੀ ਕਿ ਇਸ ਨੁਕਸ ਦਾ ਚਲਾਨ ਹੁੰਦਾ ਹੈ। ਉਹ ਭਲਾਮਾਣਸ ਪੁਲਸੀਆ ਸੀ। ਉਸ ਨੇ ਕਿਹਾ, "ਠੀਕ ਐ ਸਰ, ਅੱਗੇ ਜਾ ਕੇ ਜ਼ਰੂਰ ਠੀਕ ਕਰਵਾ ਲੈਣਾ।" ਮੈਂ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਮੈਂ ਅੱਗੇ ਕਿਸੇ ਪਹਿਲੀ ਦੁਕਾਨ 'ਤੇ ਹੀ ਠੀਕ ਕਰਵਾ ਲਵਾਂਗਾ।

ਅਸੀਂ ਅਗਲੇ ਚੌਕ ਤੋਂ ਮੁੜਨਾ ਸੀ। ਦੋਹਾਂ ਚੌਕਾਂ ਦੇ ਦਰਮਿਆਨ ਕੋਈ ਦੁਕਾਨ ਨਹੀਂ ਸੀ ਜਿੱਥੇ ਨੰਬਰ ਪਲੇਟ ਦੀ ਇਹ ਮੁਰੰਮਤ ਹੋ ਸਕਦੀ ਹੁੰਦੀ। ਮੋੜ ਮੁੜਦਿਆਂ ਹੀ ਟਰੈਫਿਕ ਪੁਲਿਸ ਦੇ ਸਬ ਇੰਸਪੈਕਟਰ ਸਾਹਿਬ ਨੇ ਰੋਕ ਲਿਆ। ਉਹੀ ਨੁਕਸ ਦੱਸਿਆ ਗਿਆ। ਮੈਂ ਉਨ੍ਹਾਂ ਨੂੰ ਪਿਛਲੇ ਚੌਕ 'ਤੇ ਹੋਏ ਵਾਰਤਾਲਾਪ ਬਾਰੇ ਦੱਸਿਆ। ਕਹਿਣ ਲੱਗੇ, "ਫੇਰ ਤੁਸੀਂ ਨੰਬਰ ਪਲੇਟ ਠੀਕ ਤਾਂ ਕਰਵਾਈ ਨਹੀਂ। ਚਲਾਨ ਹੋਵੇਗਾ, ਤਿੰਨ ਹਜ਼ਾਰ ਰੁਪਏ ਕੱਢੋ।"

ਇਹ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ। ਸੌ ਰੁਪਏ ਦੀ ਮੁਰੰਮਤ, ਚਲਾਨ ਤਿੰਨ ਹਜ਼ਾਰ ਰੁਪਏ ਦਾ, ਤੀਹ ਗੁਣਾ ਜੁਰਮਾਨਾ। ਮੈਂ ਕਿਹਾ, "ਸ਼੍ਰੀ ਮਾਨ ਜੀ ਦੋਹਾਂ ਚੌਕਾਂ ਦੇ ਦਰਮਿਆਨ ਅਜਿਹੀ ਕੋਈ ਦੁਕਾਨ ਨਹੀਂ ਹੈ ਜਿੱਥੇ ਨੰਬਰ ਪਲੇਟਾਂ ਠੀਕ ਹੁੰਦੀਆਂ ਹੋਣ। ਮੈਂ ਕਮਿਸ਼ਨਰ ਇਨਕਮ-ਟੈਕਸ ਦੇ ਜ਼ਿੰਮੇਵਾਰ ਅਹੁਦੇ ਤੋਂ ਰਿਟਾਇਰ ਹੋਇਆ ਹਾਂ, ਚਲਾਨ ਨਾ ਕਰੋ, ਮੈਂ ਇਹ ਨੁਕਸ ਠੀਕ ਕਰਵਾ ਲਵਾਂਗਾ।"

ਥਾਣੇਦਾਰ ਸਾਹਿਬ ਬੋਲੇ, "ਤੁਸੀਂ ਤਾਂ ਰਿਟਾਇਰ ਹੋ ਗਏ ਹੋ, ਇੱਥੇ ਤਾਂ ਸਰਵਿਸ ਵਿੱਚ ਥੋਡੇ ਵਰਗੇ ਬਥੇਰੇ ਕਮਿਸ਼ਨਰ ਤੁਰੇ ਫਿਰਦੇ ਨੇ, ਚਲਾਨ ਕਟਾਓ।"

ਥਾਣੇਦਾਰ ਨੇ ਮੈਨੂੰ ਮੇਰੀ ਔਕਾਤ ਦਿਖਾ ਦਿੱਤੀ। ਫੇਰ ਮੈਂ ਚਲਾਨ ਕਟਾਉਣ ਦੀ ਜ਼ਿਦ ਕਰਨ ਲੱਗਾ ਤਾਂ ਉਸ ਨੇ ਕਿਹਾ, "ਜਾਓ, ਅੱਗੇ ਜਾ ਕੇ ਠੀਕ ਕਰਵਾ ਲਿਓ।"

ਥਾਣੇਦਾਰ ਨੇ ਇੰਨਾ ਕਹਿ ਕੇ ਮੇਰੇ 'ਤੇ ਬਹੁਤ ਵੱਡਾ ਅਹਿਸਾਨ ਜਿਤਾ ਦਿੱਤਾ, ਨਾਲੇ ਮੈਂ ਕੋਈ ਟਰੈਫਿਕ ਨਿਯਮਾਂ ਦੀ ਉਲੰਘਣਾ ਨਹੀਂ ਕਰ ਰਿਹਾ ਸੀ। ਅੰਦਰਲੀ ਗੱਲ ਤੁਸੀਂ ਸਾਰੇ ਸਮਝ ਗਏ ਹੋਵੋਗੇ। ਮੈਨੂੰ ਸੁੰਦਰ ਸ਼ਹਿਰ ਦੀ ਖ਼ੂਬਸੂਰਤੀ 'ਤੇ ਧੱਬੇ ਪੈਂਦੇ ਦਿਖਾਈ ਦਿੱਤੇ।

ਮੈਨੂੰ ਉਹ ਦਿਨ ਵੀ ਯਾਦ ਆ ਗਏ ਜਦੋਂ ਵੀ ਮੈਂ ਲੁਧਿਆਣੇ ਤੋਂ ਚੰਡੀਗੜ੍ਹ ਮੀਟਿੰਗ ਵਗੈਰਾ 'ਤੇ ਆਉਂਦਾ ਤਾਂ ਸ਼ਹਿਰ ਵੜਦੇ ਹੀ ਮੇਰਾ ਡਰਾਈਵਰ ਸਿੱਧਾ ਹੋ ਜਾਂਦਾ ਸੀ। ਸਨਅਤੀ ਸ਼ਹਿਰਾਂ ਦੇ ਮਸਤੇ ਸਾਹਿਬਜ਼ਾਦੇ ਅਤੇ ਖਰੂਦੀ ਡਰਾਈਵਰ ਵੀ ਇੱਥੇ ਆ ਕੇ ਢੰਗ ਨਾਲ ਕਾਰਾਂ ਚਲਾਉਣ ਲਗਦੇ ਸਨ। ਸ਼ਾਇਦ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਵਾਉਣਾ ਵੀ ਸ਼ਹਿਰ ਦੀ ਖ਼ੂਬਸੂਰਤੀ ਵਿੱਚ ਯੋਗਦਾਨ ਪਾਉਂਦਾ ਸੀ। ਕੋਈ ਵੀ ਖ਼ੂਬਸੂਰਤੀ ਡਸਿਪਲਨ ਤੋਂ ਬਿਨਾਂ ਹੋਂਦ ਵਿੱਚ ਨਹੀਂ ਆਉਂਦੀ ਅਤੇ ਨਾ ਹੀ ਬਰਕਰਾਰ ਰੱਖੀ ਜਾ ਸਕਦੀ ਹੈ। ਮੇਰਾ ਦਫਤਰ ਵੀ ਸ਼ਾਇਦ ਲੋਕਾਂ ਨੂੰ ਇਸ ਲਈ ਖ਼ੂਬਸੂਰਤ ਲਗਦਾ ਸੀ ਕਿ ਇਸ ਵਿਚਲੀਆਂ ਫਾਈਲਾਂ ਉੱਤੇ ਅਨੁਸ਼ਾਸਨ ਅੰਦਰ ਰਹਿ ਕੇ ਹੀ ਕੁਝ ਤਸਵੀਰ ਉਲੀਕੀ ਜਾਂਦੀ ਸੀ।

ਸਾਡੇ ਲੋਕ ਆਪਣੀ ਮਾਨਸਿਕਤਾ ਤੋਂ ਗੁਲਾਮੀ ਦਾ ਜੂਲ਼ਾ ਕਦੋਂ ਲਾਹੁਣਗੇ ਜਾਂ ਕਦੋਂ ਅਸੀਂ ਲਾਹੁਣ ਦੇਵਾਂਗੇ, ਇੱਕ ਬਹੁਤ ਵੱਡਾ ਸਵਾਲ ਅਤੇ ਸਮੱਸਿਆ ਸਾਡੇ ਦੇਸ਼, ਸਮਾਜ ਦੇ ਸਾਹਮਣੇ ਹੈ। ਬਚਪਨ, ਜਵਾਨੀ ਦੇ ਦਿਨਾਂ ਵਿੱਚ ਜੇਕਰ ਆਪ ਜਾਂ ਕਿਸੇ ਪਿੰਡ ਦੇ ਬੰਦੇ ਦੀ ਸਰਕਾਰ ਦੇ ਕਿਸੇ ਮਹਿਕਮੇ ਨੂੰ ਅਰਜ਼ੀ ਸੰਬੋਧਿਤ ਕਰਨੀ ਹੁੰਦੀ ਤਾਂ ਇੰਝ ਲਿਖਦੇ ਜਿਵੇਂ ਕੋਈ ਗੁਲਾਮ ਆਪਣੇ ਮਾਲਿਕ ਤੋਂ ਭੀਖ ਮੰਗ ਰਿਹਾ ਹੁੰਦਾ ਹੋਵੇ, ਜਦੋਂ ਕਿ ਉਹ ਆਪਣਾ ਸੰਵਿਧਾਨਿਕ ਹੱਕ ਲਾਗੂ ਕਰਨ ਲਈ ਹੀ ਬੇਨਤੀ ਕਰ ਰਿਹਾ ਹੁੰਦਾ ਸੀ। ਆਮ ਜਨਤਾ ਸਰਕਾਰੀ ਅਫਸਰਾਂ ਨੂੰ ਮਾਈ-ਬਾਪ ਅਤੇ ਸਰਕਾਰੀ ਅਫਸਰ, ਕਲਰਕ ਆਪਣੇ ਆਪ ਨੂੰ 'ਦੇਵਣਹਾਰ ਰਾਜੇ' ਸਮਝਦੇ ਸਨ, ਹਨ।

ਸਰਕਾਰੀ ਅਫਸਰੀ ਦੌਰਾਨ ਮਿੱਤਰ-ਬੇਲੀ, ਰਿਸ਼ਤੇਦਾਰ ਜਾਂ ਪਿੰਡ ਦੇ ਲੋਕ ਅਕਸਰ ਸਿਫਾਰਸ਼ ਕਰਦੇ ਰਹਿੰਦੇ ਸਨ ਕਿ ਫਲਾਂ ਫਲਾਂ ਥਾਂ 'ਤੇ ਮਾਮਲਾ ਅਟਕ ਗਿਆ ਹੈ, ਜੇਕਰ ਕੁਛ ਕਰ ਸਕਦੇ ਹੋ ਤਾਂ ਧੱਕਾ ਲਾ ਦਿਓ। ਧੱਕਾ ਲੱਗ ਵੀ ਜਾਂਦਾ ਸੀ, ਕਿਉਂਕਿ ਗੱਡੇ ਅੱਗੇ ਢੁੱਚਰ ਜਾਣ ਬੁੱਝ ਕੇ ਹੀ ਅੜ੍ਹਾਈ ਹੁੰਦੀ ਸੀ। ਨਾਲੇ ਅਸੀਂ ਵੀ ਤਾਂ ਵੱਡੀਆਂ ਵੱਡੀਆਂ ਢੁੱਚਰਾਂ ਅੜਾ ਵੀ ਸਕਦੇ ਸੀ ਅਤੇ ਹਟਾ ਵੀ ਸਕਦੇ ਸੀ। ਆਮ ਲੋਕਾਂ ਵਿੱਚ ਧਾਰਨਾ ਬਣ ਚੁੱਕੀ ਸੀ ਕਿ ਸਰਕਾਰੀ ਅਫਸਰ ਕੁਝ ਵੀ ਕਰਵਾ ਸਕਦੇ ਸਨ, ਹਨ ਅਤੇ ਅਫਸਰ ਹਮੇਸ਼ਾ ਅਫਸਰ ਹੀ ਰਹਿੰਦਾ ਹੈ। ਉਨ੍ਹਾਂ ਦਾ ਮੰਨਣਾ ਸੀ, ਹੈ ਕਿ ਅਫਸਰਾਂ ਦਾ ਕਹਿਣਾ ਅਫਸਰ ਨਹੀਂ ਮੋੜਦੇ। ਧਰਾਤਲ 'ਤੇ ਇਹ ਕੁਝ ਹੱਦ ਤਕ ਸਹੀ ਵੀ ਸੀ। ਸਿਰਫ ਉਹ ਅਫਸਰ ਹੀ ਇਸ ਹਕੀਕਤ ਤੋਂ ਅਣਜਾਣ ਹੋਣਗੇ ਜਿਹੜੇ ਨੌਕਰੀ ਦੌਰਾਨ 'ਕਾਨੂੰਨ ਮੁਤਾਬਿਕ' ਕੰਮ ਕਰਦੇ ਹੋਣਗੇ, ਪਰ ਜਿਹੜੇ ਆਪਣੇ ਆਪ ਵਿੱਚ 'ਕਾਨੂੰਨ' ਬਣ ਬੈਠਦੇ ਸਨ, ਹਨ ਉਹ ਹਮੇਸ਼ਾ ਲਈ ਅਫਸਰ ਹੀ ਹੁੰਦੇ ਹਨ ਕਿਉਂਕਿ ਉਹ 'ਕਾਨੂੰਨ ਨਹੀਂ' ਭਾਈਬੰਦੀ ਨਾਲ ਕੰਮ ਚਲਾਉਂਦੇ ਸਨ, ਹਨ। ਆਮ ਸਮਾਜ ਇਹ ਮੰਨਣ ਲੱਗ ਜਾਂਦਾ ਹੈ ਕਿ ਅਫਸਰ ਜ਼ਿੰਦਗੀ ਭਰ ਆਪਣੀ ਅਫਸਰੀ ਦੇ ਬਲਬੂਤੇ ਕੰਮ ਕਰਵਾਉਂਦੇ ਰਹਿੰਦੇ ਹਨ। 1984-85 ਵਿੱਚ ਬੰਬਈ ਤਾਇਨਾਤੀ ਵਿਖੇ ਇਸ ਅਨੁਭਵ ਦਾ ਨਮੂਨਾ ਪੇਸ਼ ਕਰ ਰਿਹਾ ਹਾਂ।

"ਜਗਰੂਪ ਜੀ! ਆਹ ਮੇਰਾ ਰਿਸ਼ਤੇਦਾਰ ਐ, ਜ਼ਰਾ ਦੇਖ ਲਿਓ!" ਗੁਪਤਾ ਜੀ ਦਾ ਫੋਨ ਆਇਆ। ਜ਼ਰੂਰ ਹੀ ਇਸ ਰਿਸ਼ਤੇਦਾਰ ਨੇ ਗੁਪਤਾ ਜੀ ਨੂੰ ਕਿਹਾ ਹੋਵੇਗਾ, "ਆਹ ਕੋਈ ਜਗਰੂਪ ਸਿੰਘ ਐ, ਬਹੁਤ ਆਕੜਦਾ ਐ।" ਮੈਂ ਬੇਨਤੀ ਕੀਤੀ ਕਿ ਤੁਹਾਡਾ ਇਹ ਰਿਸ਼ਤੇਦਾਰ ਆਦਤਨ ਹੀ ਸਮਗਲਿੰਗ ਵਰਗੇ ਜਰਾਇਮ ਪੇਸ਼ੇ ਨਾਲ ਜੁੜਿਆ ਹੋਇਆ ਜਾਪਦਾ ਹੈ। ਇਹ ਫਿਰ ਭੀ ਫੜਿਆ ਜਾਵੇਗਾ।"

ਉਹ ਵਿਅਕਤੀ ਤੀਸਰੀ ਵਾਰ ਫੜਿਆ ਗਿਆ ਸੀ ਅਤੇ ਗੁਪਤਾ ਜੀ ਹਰ ਵਾਰ ਉਸ ਦੀ ਮਦਦ ਦੀ ਗੁਹਾਰ ਲਾਉਂਦੇ। ਸੀਨੀਅਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ, "ਜਗਰੂਪ! ਬੰਬਈ ਵਿੱਚ ਕਿਸੇ ਦੇ ਵੀ ਵਿਭਾਗ ਦਾ ਸਰਵੇ ਜਾਂ ਸਰਚ ਹੋ ਜਾਵੇ, ਗੁਪਤਾ ਜੀ ਦੇ ਢਿੱਡ ਪੀੜ ਸ਼ੁਰੂ ਹੋ ਜਾਂਦੀ ਹੈ, ਰਿਟਾਇਰਮੈਂਟ ਨੇੜੇ ਹਨ ..." ਫਿਰ ਹੱਸ ਕੇ ਕਹਿਣ ਲੱਗੇ, "ਫਾਈਲ ਤੇ ਚੌਕੜੀ ਮਾਰਨੀ ਵੀ ਸਿੱਖ ਲੈ! ... ...।"

ਰਿਟਾਇਰਮੈਂਟ ਤੋਂ ਬਾਅਦ ਗੁਪਤਾ ਜੀ ਦਾ ਫੋਨ ਆਉਣਾ, "ਜਗਰੂਪ ਜੀ! ਆਉਣਾ ਤਾਂ ਮੈਂ ਖੁਦ ਹੀ ਸੀ ਪਰ ਮੈਂ ਤੁਹਾਡੇ ਚੀਫ-ਕਮਿਸ਼ਨਰ ਕੋਲ ਬੈਠਾ ਹਾਂ, ਬੇਟੇ ਨੂੰ ਭੇਜ ਰਿਹਾ ਹਾਂ, ... ਦੇਖ ਲਿਓ ਜ਼ਰਾ।"

ਮੈਂ ਗੁਪਤਾ ਸਾਹਿਬ ਤੋਂ ਤੰਗ ਆ ਚੁੱਕਾ ਸਾਂ ਅਤੇ ਉਨ੍ਹਾਂ ਦੇ ਪੁੱਤਰ ਨੂੰ ਇੱਕ ਦਿਨ ਹਟਕਾਉਣਾ ਪਿਆ ਕਿ ਹਰ ਆਦਮੀ ਜਾਣ-ਪਛਾਣ ਵਾਲਿਆਂ ਦੇ ਹੀ ਕੰਮ ਨੀਂ ਕਰਦਾ, ਉਹ ਕਾਨੂੰਨ ਦਾ ਸੇਵਾਦਾਰ ਵੀ ਹੋ ਸਕਦਾ ਹੈ। ਭਾਈਬੰਦੀ ਨਾਲ ਅਫਸਰੀ ਕਰਨ ਵਾਲੇ ਅਸਰ ਰਸੂਖ ਵਾਲੇ ਬਣ ਬੈਠਦੇ ਸਨ, ਹਨ। ਇਸ ਭਾਈਬੰਦੀ ਦੇ ਫਾਰਮੂਲੇ ਨੇ ਸਮਾਜ ਵਿੱਚ ਅਸਮਾਨਤਾ, ਅਰਾਜਕਤਾ ਅਤੇ ਅਸ਼ਾਂਤੀ ਫੈਲਾਈ ਹੋਈ ਹੈ। ਦੇਸ਼ ਦੇ ਮਨੁੱਖੀ ਸਰਮਾਏ ਦਾ ਮਨੋਬਲ ਤੋੜਿਆ ਹੈ ਅਤੇ ਅਨੈਤਿਕ ਰੁਚੀਆਂ ਨੂੰ ਬੜ੍ਹਾਵਾ ਦਿੱਤਾ ਹੈ।

ਪਿਛਲੇ ਹਫ਼ਤੇ ਕੁਝ ਅਜਿਹੇ ਵਾਕਿਆਤ ਸਾਹਮਣੇ ਆਏ ਜੋ ਸਾਡੇ ਸਮਾਜ ਦੀ ਇਸ ਹਾਲਤ ਨੂੰ ਪ੍ਰਤੱਖ ਦਰਸਾਉਂਦੇ ਹਨ। ਸਟੇਟ ਅਤੇ ਨਿੱਜੀ ਖੇਤਰ ਦੇ ਅਦਾਰੇ ਕਿਵੇਂ ਕੰਮ ਕਰਦੇ ਹਨ, ਆਓ ਦੇਖਦੇ ਹਾਂ।

ਸਵੇਰੇ ਸਵੇਰੇ ਫੋਨ ਖੜਕਿਆ। ਆਪਾਂ ਨੂੰ ਕੰਮ ਹੋਵੇ ਤਾਂ ਫੋਨ ਸਵੇਰੇ ਹੀ ਖੜਕਾ ਦਿੰਦੇ ਹਾਂ। ਅਣਪਛਾਤਾ ਨੰਬਰ ਹੋਣ ਕਰਕੇ ਮੈਂ ਕਾਲ ਅਟੈਂਡ ਹੀ ਨਾ ਕੀਤਾ। ਅੱਜ ਕੱਲ੍ਹ ਫੋਨ 'ਤੇ ਕਿਵੇਂ ਅਤੇ ਕਦੋਂ ਠੱਗੀ ਵੱਜ ਜਾਵੇ ਪਤਾ ਨਹੀਂ ਲਗਦਾ ਹੈ। ਜਦੋਂ ਤਿੰਨ ਕੁ ਕਾਲ ਮਿਸ ਹੋ ਗਏ ਤਾਂ ਮੈਂ ਫੋਨ ਉਠਾ ਲਿਆ। ਕੋਈ ਐਮਰਜੈਂਸੀ ਹੋ ਸਕਦੀ ਹੈ। ਸਾਹਮਣਿਓਂ ਆਵਾਜ਼ ਆਈ, "ਹੋਰ ਕਿਵੇਂ ਓ ਮਾਮਾ ਜੀ ...।"

"ਸਭ ਠੀਕਠਾਕ ਹੈ।" ਪਹਿਲਾਂ ਕਦੇ ਇਸ ਭਾਣਜੇ ਨਾਲ ਗੱਲ ਨਾ ਹੋਈ ਹੋਣ ਕਰਕੇ ਮੈਂ ਪੁੱਛਿਆ, "ਭਾਈ, ਤੂੰ ਕੌਣ ਐਂ?"

"ਮਾਮਾ ਜੀ, ਮੈਂ ਹੀਰੋਂ ਆਲਿਆਂ ਦਾ ਜੁਆਈ ਬੋਲ ਰਿਹਾਂ।" ਮੈਂ ਸਮਝ ਗਿਆ ਕਿ ਉਹ ਮੇਰੀ ਭੈਣ ਦਾ ਜਵਾਈ ਸੀ। ਉਸ ਦੀ ਗੱਲ ਸੁਣਨੀ ਪੈਣੀ ਸੀ। "ਬੋਲੋ ਬੇਟਾ, ਕਿਵੇਂ ਯਾਦ ਆਇਆ ਮਾਮਾ ਅੱਜ!"

ਉਸ ਨੇ ਕਿਹਾ, "ਮਾਮਾ ਜੀ, ਆਹ ਯੂਨੀਵਰਸਟੀ ਵਿੱਚ ਕੋਈ ਜਾਣ ਪਛਾਣ ਹੈ?"

ਮੈਂ ਕਿਹਾ, "ਦੇਖ ਲਵਾਂਗੇ, ਤੁਸੀਂ ਕੰਮ ਦੱਸੋ।" ਉਸ ਨੇ ਦੱਸਿਆ ਕਿ ਉਸ ਦੇ ਬੇਟੇ ਨੇ ਦਸਵੀਂ ਪਾਸ ਕਰਕੇ ਯੂਨੀਵਰਸਟੀ ਦੇ ਛੇ ਸਾਲਾ ਕੋਰਸ ਵਿੱਚ ਦਾਖਲਾ ਲਿਆ ਸੀ। ਦੋ ਸਾਲ ਪੜ੍ਹ ਕੇ ਇਮਿਤਹਾਨ ਵੀ ਪਾਸ ਕਰ ਲਿਆ ਸੀ ਪਰ ਉਹ ਤੀਸਰੇ ਸਾਲ ਦੇ ਵਿਸ਼ਿਆਂ ਵਿੱਚ ਫੇਲ ਹੋ ਗਿਆ ਸੀ ਅਤੇ ਹੁਣ ਇਹ ਕੋਰਸ ਨਹੀਂ ਕਰਨਾ ਚਾਹੁੰਦਾ ਸੀ। ਜਿਹੜੇ ਦੋ ਸਾਲ ਉਸ ਨੇ ਲਾਏ ਸੀ, ਉਸ ਦਾ ਸਰਟੀਫਿਕੇਟ ਲੈਣਾ ਚਾਹੁੰਦਾ ਸੀ। ਉਸ ਮੁਤਾਬਿਕ ਇਹ 10 ਪਲੱਸ 2 ਦਾ ਸਰਟੀਫਿਕੇਟ ਸੀ ਪਰ ਯੂਨੀਵਰਸਟੀ ਦੇ ਨਹੀਂ ਰਹੀ ਸੀ। ਉਸ ਨੇ ਦੱਸਿਆ ਕਿ ਉਂਝ ਸਿਫਾਰਸ਼ ਵਾਲੇ ਨੂੰ ਸਰਟੀਫਿਕੇਟ ਦੇ ਵੀ ਦਿੰਦੇ ਹਨ।

ਮੈਂ ਉਸ ਨੂੰ ਕਿਹਾ ਕਿ ਮੈਨੂੰ ਰਿਟਾਇਰ ਹੋਏ ਨੂੰ ਸਤਾਰ੍ਹਵਾਂ ਸਾਲ ਲੱਗ ਗਿਆ ਹੈ। ਉਸ ਨੂੰ ਚੰਡੀਗੜ੍ਹ ਵਾਲੀ ਕਹਾਣੀ ਸੁਣਾਈ ਪਰ ਉਹ ਮੰਨਣ ਨੂੰ ਤਿਆਰ ਨਹੀਂ ਸਿ। ਉਂਝ ਉਨ੍ਹਾਂ ਦੀ ਆਸ ਮੇਰੇ ਉੱਪਰ ਹੀ ਸੀ ਅਤੇ ਮੈਂ ਕਹਿ ਦਿੱਤਾ ਕਿ ਮੈਂ ਕੋਸ਼ਿਸ਼ ਕਰਕੇ ਦੇਖਦਾ ਹਾਂ। ਦੂਰੋਂ ਨੇੜਿਓਂ ਦੋਸਤਾਂ ਰਾਹੀਂ ਰਜਿਸਟਰਾਰ ਤਕ ਪਹੁੰਚ ਕੀਤੀ ਗਈ। ਉਸ ਨੇ ਕਹਿ ਭੇਜਿਆ ਕਿ ਅਰਜ਼ੀ ਦੇ ਦਿਓ, ਸੈਨੇਟ ਵਿੱਚ ਮਾਮਲਾ ਰਖਵਾ ਦਿਆਂਗੇ। ਭਾਵ ਸਿੱਧੀ ਨਾਂਹ ਤਾਂ ਕੀਤੀ ਨਾ 'ਤੇ ਕੰਮ ਵੀ ਨਾ ਕੀਤਾ। ਹਾਂ ਮੁਮਕਿਨ ਹੈ ਕਿ ਜੇਕਰ ਉੱਤੋਂ 'ਕਿਸੇ ਵੱਡੇ' ਦਾ ਫੋਨ ਆ ਜਾਂਦਾ ਤਾਂ ਸਰਟੀਫਿਕੇਟ ਮਿਲ ਵੀ ਜਾਂਦਾ। ਉਹ ਬੱਚਾ ਦੂਸਰੇ ਥਾਂ ਵੀ ਦਾਖਲਾ ਨਾ ਲੈ ਸਕਿਆ। ਮੈਂ ਆਪਣੇ ਆਪ ਨੂੰ ਚੱਲਿਆ ਕਾਰਤੂਸ ਸਮਝਕੇ ਚੁੱਪ ਕਰ ਗਿਆ। ਵਿੱਦਿਅਕ ਅਦਾਰੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਸਥਾਪਿਤ ਕੀਤੇ ਜਾਂਦੇ ਹਨ ਨਾ ਕਿ ਤਕਨੀਕੀ ਅਧਾਰਾਂ 'ਤੇ ਸਿੱਖਿਆ ਗ੍ਰਹਿਣ ਕਰਨ ਦੀ ਪ੍ਰਕਿਰਿਆ ਵਿੱਚ ਰੋੜੇ ਅਟਕਾਉਣ ਲਈ। ਸਾਡੇ ਸਿਸਟਮ ਵਿੱਚ ਕਾਨੂੰਨ ਦੀ ਪਾਲਣਾ ਦਾ ਮਤਲਬ ਇਨਸਾਫ਼ ਕਰਨਾ ਨਹੀਂ, ਬਲਕਿ ਇਹ ਦਿਖਾਈ ਦੇਣਾ ਚਾਹੀਦਾ ਹੈ ਕਿ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ ਅਤੇ ਕੰਮ ਕਾਜ ਕਾਨੂੰਨ ਦੇ ਦਾਇਰੇ ਅੰਦਰ ਹੋ ਰਿਹਾ ਹੈ - ਇਨਸਾਫ਼ ਹੋਵੇ, ਭਾਵੇਂ ਨਾ ਹੋਵੇ। ਬੁੱਢਾ ਨਾਨਾ ਅਤੇ ਨਿਤਾਣਾ ਦੋਹਤਾ ਸਬਰ ਕਰਕੇ ਬਹਿ ਜਾਂਦੇ ਹਾਂ।

ਫਿਰ ਦੋ ਕੁ ਦਿਨ ਬਾਅਦ ਪਿੰਡ ਤੋਂ ਮੇਰੇ ਬਚਪਨ ਦੇ ਦੋਸਤ ਦੇ ਮੁੰਡੇ ਦਾ ਫੋਨ ਆਇਆ। ਉਹਨੇ ਪੁੱਛਿਆ, "ਬਾਬਾ ਜੀ ਫਲਾਂ ਫਲਾਂ ਮਲਟੀ ਸਪੈਸ਼ਲਿਸਟ ਹਸਪਤਾਲ ਵਿੱਚ ਕੋਈ ਜਾਣ ਪਛਾਣ ਹੈ? ਮੇਰੇ ਸਹੁਰਾ ਸਾਹਿਬ ਵੈਂਟੀਲੇਟਰ ਤੇ ਨੇ। ਤੁਸੀਂ ਤਾਂ ਇਨਕਮ-ਟੈਕਸ ਦੇ ਵੱਡੇ ਸਾਹਿਬ ਰਹੇ ਓਂ, ਗਰੀਬਾਂ ਦਾ ਥੋਡੇ ਕਹਿਣ ਨਾਲ ਕੰਮ ਹੋਜੂ।"

ਮੈਂ ਉਸ ਨੂੰ ਚੰਡੀਗੜ੍ਹ ਵਾਲੀ ਕਹਾਣੀ ਸੁਣਾਈ ਉਹ ਯਕੀਨ ਕਰਨ ਨੂੰ ਤਿਆਰ ਹੀ ਨਹੀਂ ਸੀ। ਉਹ ਕਹਿਣ ਲੱਗਾ, "ਕੋਈ ਚੇਲਾ ਬਾਲਕਾ ਹੋਊ ...।"

ਮੈਂ ਉਸ ਨੂੰ ਕਿਵੇਂ ਸਮਝਾਉਂਦਾ ਕਿ ਚੇਲੇ ਬਾਲਕੇ ਉਨ੍ਹਾਂ ਦੇ ਹੁੰਦੇ ਹਨ ਜਿਹੜੇ ਅਫਸਰ ਆਪਣੇ ਆਪ ਵਿੱਚ ਕਾਨੂੰਨ ਬਣ ਜਾਂਦੇ ਨੇ, ਮੇਰੇ ਵਰਗੇ ਕਾਨੂੰਨ ਲਾਗੂ ਕਰਨ ਵਾਲੇ ਗਰੀਬੜੇ ਨੂੰ ਤਾਂ 'ਨੌਕਰੀ ਵਿੱਚੋਂ ਕਢਵਾ ਦਿਆਂਗੇ' ਵਰਗੀਆਂ ਧਮਕੀਆਂ ਹੀ ਸੁਣਨੀਆਂ ਪੈਂਦੀਆਂ ਸਨ। ਮੈਂ ਉਸ ਨੂੰ ਸਮਝਾਇਆ ਕਿ ਜੇਕਰ ਇੱਕ ਅੱਧਾ ਚੇਲਾ ਸੀ ਵੀ, ਉਹ ਵੀ ਹੁਣ ਰਿਟਾਇਰ ਹੋ ਗਿਆ ਹੈ।

ਅੱਜ ਕੱਲ੍ਹ ਇਹ ਬੰਦਾ ਸੱਤਾਧਾਰੀ ਪਾਰਟੀ ਦਾ ਕਾਰਕੁਨ ਹੈ। ਮੈਂ ਉਸ ਦੀ ਲਾਚਾਰੀ ਦੇਖ ਕੇ ਸੂਬੇ ਵਿੱਚਲੀਆਂ ਸਿਹਤ ਸੇਵਾਵਾਂ ਬਾਰੇ ਸੋਚਣ ਲੱਗ ਪਿਆ। ਪੰਜਾਹ ਸਾਲ ਪਹਿਲਾਂ ਨਿੱਜੀ ਹਸਪਤਾਲ ਵਿੱਚ ਕੋਈ ਜਾਂਦਾ ਨਹੀਂ ਸੀ, ਸਰਕਾਰੀ ਹਸਪਤਾਲ ਵਿੱਚ ਵਧੀਆ ਇਲਾਜ ਮੰਨਿਆ ਜਾਂਦਾ ਸੀ। ਅੱਜ ਕੱਲ੍ਹ ਗਰੀਬ ਵੀ ਸਰਕਾਰੀ ਤੋਂ ਭੱਜਦੇ ਹਨ ਤੇ ਨਿੱਜੀ ਹਸਪਤਾਲ ਐਨੇ ਮਹਿੰਗੇ ਹਨ ਕਿ ਗਰੀਬ ਲਈ ਮਾਇਆ ਖੁਣੋਂ ਵਰਜਿਤ ਹੋ ਜਾਂਦੇ ਹਨ। ਗਰੀਬਾਂ ਵਿਚਾਰਿਆਂ ਦੀ 'ਕੋਈ ਜਾਣ ਪਛਾਣ ਹੈ?' ਵਾਲੀ ਹਾਲਤ ਵੀ ਨਹੀਂ ਹੁੰਦੀ।

ਕੱਲ੍ਹ ਇੱਕ ਕਾਮਰੇਡ ਦਾ ਫੋਨ ਆ ਗਿਆ। ਉਹ ਮੇਰੇ ਕਰੀਬੀ ਰਿਸ਼ਤੇਦਾਰ ਦਾ ਦੋਸਤ ਦੱਸ ਰਿਹਾ ਸੀ। ਉਸ ਨੇ ਵੀ ਪਹਿਲਾਂ ਇਹੋ ਸਵਾਲ ਕੀਤਾ, "ਦਿੱਲੀ ਫਾਇਨੈਂਸ ਮਨਿਸਟਰੀ ਵਿੱਚ ਕੋਈ ਜਾਣ ਪਛਾਣ ਐ? ... ਬੱਚੇ ਦੀ ਬਦਲੀ ਬੜੀ ਦੂਰ ਕਰ ਦਿੱਤੀ ਐ।"

ਮੈਂ ਕਿਹਾ, "ਵੀਰ ਜੀ, ਸੋਲਾਂ ਸਾਲ ਹੋ ਗਏ ਰਿਟਾਇਰ ਹੋਏ ਨੂੰ। ਜੇਕਰ ਮੇਰੀ ਕਿਸੇ ਨਾਲ ਥੋੜ੍ਹੀ ਜਾਣ ਪਛਾਣ ਹੈ ਵੀ ਸੀ ਉਹ ਵੀ ਕਦੋਂ ਦੇ ਰਿਟਾਇਰ ਹੋ ਚੁੱਕੇ ਹਨ ਅਤੇ ਮੈਂ ਚੰਡੀਗੜ੍ਹ ਵਾਲੀ ਕਹਾਣੀ ਸੁਣਾ ਕੇ ਫੋਨ ਰੱਖ ਦਿੱਤਾ। ਫੇਰ ਮੈਂ ਸਾਡੇ ਕਮਿਊਨਿਸਟ ਵੀਰਾਂ ਬਾਰੇ ਸੋਚਣ ਲੱਗ ਪਿਆ ... ਉਂਝ ਤਾਂ ਇਹ ਸੱਜਣ ਸਾਨੂੰ ਬੁਰਜੁਆ ਬਿਰਤੀਆਂ ਦੇ ਬੰਦੇ ਦੱਸਦੇ ਰਹੇ ਹਨ ਪਰ ਜਦੋਂ ਨਿੱਜੀ ਹਿਤਾਂ ਦੀ ਗੱਲ ਹੁੰਦੀ ਹੈ ਤਦ ਉਨ੍ਹਾਂ ਬੁਰਜੂਆਂ ਨੂੰ ਹੀ ਪੁੱਛਦੇ ਹਨ, "ਕੋਈ ਜਾਣ ਪਛਾਣ ਹੈ?"

ਪਿਛਲਝਾਤ ਮਾਰਦਿਆਂ ਅਹਿਸਾਸ ਹੁੰਦਾ ਹੈ ਕਿ ਇਸ 'ਕੋਈ ਜਾਣ ਪਛਾਣ ਹੈ?' ਦੀ ਘਾਟ ਨੇ ਹੀ ਮੈਨੂੰ ਇੰਡੀਅਨ ਰੈਵੀਨਿਊ ਸਰਵਿਸ ਦੌਰਾਨ ਤਕਰੀਬਨ ਤਕਰੀਬਨ ਭਾਰਤ-ਦਰਸ਼ਨ ਹੀ ਨਹੀਂ ਕਰਵਾਇਆ, ਬਲਕਿ ਮੁੱਖ ਧਰਮਾਂ ਦੇ ਧਾਮਾਂ ਦੇ ਦਰਸ਼ਨ ਵੀ ਕਰਵਾਏ ਹਨ। ਵੱਖ ਵੱਖ ਇਲਾਕਿਆਂ ਦੇ ਸੱਭਿਆਚਾਰਾਂ ਨੂੰ ਜਾਣਨ ਅਤੇ ਮਾਣਨ ਦਾ ਸਬੱਬ ਬਣਾਇਆ। ਇਹ ਘਾਟ ਮੇਰੇ ਲਈ ਕੁੱਬੇ ਦੇ ਲੱਤ ਮਾਰਨ ਵਾਂਗ ਵਰਦਾਨ ਸਾਬਤ ਹੋਈ।

ਹਰ ਮਰਜੀਵੜੇ ਦੀ ਤਕਦੀਰ ਤਾਂ ਮੇਰੇ ਵਰਗੀ ਨਹੀਂ ਹੈ, ਉਸ ਦਾ ਕੰਮ ਤਾਂ 'ਕੋਈ ਜਾਣ ਪਛਾਣ ਹੈ?' ਨਾਲ ਹੀ ਹੁੰਦਾ ਆਇਆ ਹੈ। ਸੁਣਦੇ ਹਾਂ ਹੁਣ ਤਾਂ ਜਾਣ ਪਛਾਣ ਦੇ ਨਾਲ ਨਾਲ ਕੰਮ ਕਰਵਾਉਣ ਲਈ 'ਰਾਸ਼ਟਰ ਪਿਤਾ' ਦੀ ਫੋਟੋ ਵਾਲੇ ਕਾਗਜ਼ ਵੀ ਚਾਹੀਦੇ ਹਨ। ਜਾਣ ਪਛਾਣ ਨਾਲ ਕੰਮ ਹੋਣਾ ਕੋਈ ਅੱਜ ਦੀ ਬਿਰਤੀ ਨਹੀਂ ਹੈ। ਇਹ ਸਾਡੀ ਸੱਭਿਆਚਾਰਿਕ ਰੀਤ ਹੈ, ਵਿਰਾਸਤ ਹੈ। ਜੇਕਰ ਪ੍ਰਾਚੀਨ ਕਾਲ ਤੋਂ ਹੀ ਇੱਕ ਜਾਤੀ ਆਪਣੀ ਹੀ ਜਾਤ, ਕਬੀਲੇ ਦੇ ਮਨੁੱਖਾਂ ਨੂੰ ਸਮਾਜ ਦੇ ਸਿਆਸੀ ਪ੍ਰਬੰਧਕੀ ਅਦਾਰਿਆਂ, ਧਾਰਮਿਕ-ਸੰਸਥਾਨਾਂ ਅਤੇ ਆਰਥਿਕ ਸੋਮਿਆਂ 'ਤੇ ਹੱਕ ਜਮਾਉਣ ਵਿੱਚ ਤਰਜੀਹ ਨਾ ਦਿੰਦੀ ਤਾਂ ਇਸ 'ਕੋਈ ਜਾਣ ਪਛਾਣ ਹੈ?' ਦੀ ਬਿਰਤੀ ਦੇ ਪਨਪਣ ਦੀ ਸੰਭਾਵਨਾ ਹੀ ਨਹੀਂ ਹੋਣੀ ਸੀ। ਐਨੀਆਂ ਡੂੰਘੀਆਂ ਜੜ੍ਹਾਂ ਨੂੰ ਪੁੱਟਣਾ ਸੌਖਾ ਨਹੀਂ, ਖਾਸ ਕਰਕੇ ਜਦੋਂ ਜੜ੍ਹ ਨੂੰ ਉਖਾੜਨ ਦੀ ਬਜਾਏ ਸਿੰਜਿਆ ਜਾ ਰਿਹਾ ਹੋਵੇ।

# ....ਤੇ ਬੇਸਮੈਂਟ ਬੋਲ ਪਈ

ਲਿਖਤ : ਜਗਰੂਪ ਸਿੰਘ
ਸੰਪਰਕ: 98888-28406



ਬੇਸਮੈਂਟਾਂ ਦੇ ਦੇਸ਼ ਕਨੇਡਾ ਜਾਣ ਦਾ ਪਹਿਲਾ ਸਬੱਬ 2009 ਨਵੰਬਰ ਵਿੱਚ ਬਣਿਆ। ਬੇਟਾ ਕਈ ਵਰ੍ਹੇ ਪਹਿਲਾਂ ਉਥੇ ਚਲਾ ਗਿਆ ਸੀ। ਉਸ ਦੇ ਪਰਿਵਾਰ ਨੂੰ ਮਿਲਣ ਦੀ ਖਿੱਚ ਅਤੇ ਪੰਜਾਬੀਆਂ ਦਾ ਪਸੰਦੀਦਾ ਪਰਵਾਸ-ਕੇਂਦਰ ਦੇਖਣ ਦੀ ਚਾਹਤ ਸਾਨੂੰ ਕਨੇਡਾ ਲੈ ਗਈ। ਏਅਰਪੋਰਟ ਤੋਂ ਲੰਡਨ (ਟੋਰੋਂਟੋ ਤੋਂ ਕੋਈ ਢਾਈ ਸੌ ਕਿਲੋਮੀਟਰ ਦੱਖਣ-ਪੱਛਮ) ਜਾਂਦੇ ਵਕਤ ਸਾਨੂੰ ਪੰਜਾਬੀਆਂ ਦੇ ਗੜ੍ਹ 'ਬਰੈਂਪਟਨ' ਦੇ ਦਰਸ਼ਨ ਕਰਵਾਏ ਗਏ। ਬੇਟਾ ਉਸ ਵਕਤ ਕਨੇਡਾ ਦੇ ਲੰਡਨ ਸ਼ਹਿਰ ਵਿੱਚ ਬਾਰ੍ਹਵੀਂ ਮੰਜ਼ਿਲ 'ਤੇ ਇੱਕ ਅਪਾਰਟਮੈਂਟ ਵਿੱਚ ਰਹਿ ਰਿਹਾ ਸੀ। ਉਸ ਸਾਲ ਨਵੰਬਰ ਵਿੱਚ ਹੀ ਬਰਫ ਗਿਰਨੀ ਸ਼ੁਰੂ ਹੋ ਗਈ ਸੀ। ਉਤੋਂ ਬੈਠਿਆਂ ਬੜਾ ਦਿਲਕਸ਼ ਨਜ਼ਾਰਾ ਦਿਸਦਾ ਸੀ।

ਬੇਟੇ ਦਾ ਮਿੱਤਰ ਉਸ ਦੇ ਨਜ਼ਦੀਕ ਹੀ ਰਹਿੰਦਾ ਸੀ। ਉਸ ਦੇ ਵੱਡੇ ਸਾਰੇ ਘਰ ਨੂੰ ਉਹ ਕੋਂਡੋ ਕਹਿੰਦੇ ਸਨ। ਇੱਕ ਦਿਨ ਉਸ ਨੇ ਸਾਨੂੰ ਰਾਤਰੀ-ਭੋਜ 'ਤੇ ਬੁਲਾਇਆ। ਭਾਵੇਂ ਸਾਹਮਣੇ ਦਿਸ ਰਿਹਾ ਸੀ ਪਰ ਪੈਦਲ ਨਹੀਂ ਜਾ ਸਕਦੇ ਸਾਂ। ਉਹ ਸਾਨੂੰ ਗੱਡੀ ਵਿੱਚ ਲੈ ਕੇ ਗਏ। ਸਾਹਮਣੇ ਗਰਾਜ ਦਾ ਦਰਵਾਜ਼ਾ ਆਪਣੇ-ਆਪ ਖੁੱਲ੍ਹਿਆ ਤਾਂ ਗੱਡੀ ਸਿੱਧੀ ਅੰਦਰ ਚਲੀ ਗਈ। ਪੌੜੀਆਂ ਵੱਲ ਇਸ਼ਾਰਾ ਕਰਕੇ ਸਾਨੂੰ ਨੀਚੇ ਉੱਤਰਨ ਲਈ ਕਿਹਾ ਗਿਆ ਅਤੇ ਅਸੀਂ ਹੁਣ ਬੇਸਮੈਂਟ ਵਿੱਚ ਸਾਂ। ਇੰਝ ਲੱਗਿਆ ਜਿਵੇਂ ਸਵਰਗ ਦਾ ਕੋਈ ਹਿੱਸਾ ਹੋਵੇ, ਇੱਕ ਕੋਨੇ ਵਿੱਚ ਬਣੀ ਮਿਨੀ-ਬਾਰ ਵਿੱਚ ਕਈ ਕਿਸਮ ਦੀ ਸਜੀ ਵਿਸਕੀ ਹਿੰਦੀ ਫਿਲਮਾਂ ਦੇ ਸੀਨ ਯਾਦ ਕਰਵਾ ਰਹੀ ਸੀ। ਹਵਾ-ਪਿਆਜ਼ੀ ਹੁੰਦੇ ਹੀ ਮੈਨੂੰ ਇਹ ਬੇਸਮੈਂਟ ਹਨੇਰੀ-ਗੁਫ਼ਾ (ਧਇਨ) ਜਿਹੀ ਲੱਗਣ ਲੱਗ ਪਈ ਕਿਉਂਕਿ ਪੰਜਾਬੀ ਸੁਭਾ ਤਾਂ ਖੁੱਲ੍ਹੇ ਆਸਮਾਨ ਦਾ ਆਦੀ ਸੀ, ਮੰਜੇ ਉੱਤੇ ਬੈਠਾ ਜੱਟ ਬਣਿਆ ਨਵਾਬ ਹੋਵੇ, ਘਰ ਦੀ ਸ਼ਰਾਬ ...। ਬੇਸਮੈਂਟ ਬਾਰੇ ਮੇਰੇ ਜ਼ਿਹਨ ਵਿੱਚ ਤਰ੍ਹਾਂ ਤਰ੍ਹਾਂ ਦੇ ਕਿਆਸ ਲੱਗਣ ਲੱਗੇ। ਬਾਅਦ ਵਿੱਚ ਗਰਮੀ ਵਿੱਚ ਬਰੈਂਪਟਨ ਦੇ ਪੰਜਾਬੀਆਂ ਨੂੰ ਮੰਜਿਆਂ 'ਤੇ ਬੈਠੇ ਪਕੌੜੇ-ਸਮੋਸੇ ਜਲੇਬੀਆਂ ਖਾਂਦੇ ਦੇਖਿਆ ਤਾਂ ਪੰਜਾਬ ਦੇ ਖੁੱਲ੍ਹੇਪਣ ਦਾ ਅਹਿਸਾਸ ਵੀ ਹੋਇਆ।

ਸਮੇਂ ਨਾਲ ਹਰ ਕੋਈ ਇਸ ਦੇਸ਼ ਵਿੱਚ ਆਪਣੇ ਸੁਪਨੇ ਸਾਕਾਰ ਕਰਨ ਲਈ ਵਾਹ ਲਾਉਣ ਲੱਗਾ। ਪੰਜਾਬ ਦੀ ਨੌਜਵਾਨੀ ਵਿੱਚ ਕੈਨੇਡਾ ਜਾਣ ਦਾ ਰੁਝਾਨ ਵੀ ਜ਼ੋਰ ਫੜਨ ਲੱਗਾ। ਪਲੱਸ ਟੂ ਅਤੇ ਆਈਲੈਟਸ (ਇਲਿਨਠਸ) ਵਿੱਚੋਂ ਅੱਠ ਬੈਂਡ ਆਏ ਨਹੀਂ ਤੇ ਫਿਰ ਪਰਿਵਾਰ ਦਾ ਦਿਮਾਗ ਅਸਮਾਨੀ ਚੜ੍ਹਿਆ ਨਹੀਂ ... ਬੱਸ ਜੀ ਏਜੰਟ ਨੇ ਹੁਣ ਵੀਜ਼ਾ ਲਗਵਾ ਦੇਣੈ, ਆਹੀ ਕੋਈ ਚੌਵੀ-ਪੱਚੀ ਲੱਖ ਦਾ ਖਰਚਾ ਐ, ਜੁਆਕ ਸੈੱਟ ਹੋ ਜਾਣਾ ਹੈ ਕਨੇਡਾ ... ਕਨੇਡਾ ਨਹੀਂ ਤਾਂ ਆਸਟ੍ਰੇਲੀਆ ਭੇਜ ਦਿਆਂਗੇ। ਇਨ੍ਹਾਂ ਮਾਪਿਆਂ ਨੂੰ ਸ਼ਾਇਦ ਹੀ ਗਿਆਨ ਹੋਵੇ ਕਿ ਇਨ੍ਹਾਂ ਦੇ ਲਾਡਲੇ ਜਾਂਦੇ ਹੀ ਬੇਸਮੈਂਟ ਦੇ ਬਾਸ਼ਿੰਦੇ ਬਣਦੇ ਹਨ। ਏਜੰਟ ਪਤਾ ਨਹੀਂ ਇਨ੍ਹਾਂ ਨੂੰ ਕਿਹੜੇ ਸਬਜ਼ਬਾਗ ਦਿਖਾਉਂਦੇ ਹਨ ਪਰ ਪ੍ਰਵਾਸੀ ਹੋ ਚੁੱਕੇ ਸੱਜਣ ਵੀ ਇੱਥੋਂ ਦੇ ਲੋਕਾਂ ਨੂੰ ਆਪਣੀਆਂ ਫੁਕਰੀਆਂ ਮਾਰ ਕੇ ਉਕਸਾਉਂਦੇ ਰਹਿੰਦੇ ਹਨ ਕਿ ਬਈ ਉੱਥੇ ਤਾਂ ਬੱਸ ਪੁੱਛੋ ਹੀ ਕੁਝ ਨਾ ... ਮੌਜਾਂ ਈ ਮੌਜਾਂ ਨੇ ... ਮੇਮਾਂ ਬੀਚ 'ਤੇ ... ਡਾਲਰ ਲਗਦੇ ਨੇ ਝਾੜੀਆਂ ਨੂੰ ... ਫੁਕਰੀਆਂ ਉਹ ਇਕੱਲੇ ਨਹੀਂ ਮਾਰਦੇ, ਬਲਕਿ ਉਨ੍ਹਾਂ ਦੇ ਇੱਥੇ ਰਹਿੰਦੇ ਰਿਸ਼ਤੇਦਾਰ-ਮਿੱਤਰ ਵੀ ਘੱਟ ਨਹੀਂ ਹਨ। ਮੈਂ ਗਿਆ ਤਾਂ ਮਿਲਣ ਦੇ ਬਹਾਨੇ ਸੀ, ਕਿਰਾਇਆ ਵੀ ਕਮਾ ਲਿਆਇਆ ਤੇ ਸੈਰ ਵੀ ਕਰ ਆਇਆ। ਉਹ ਇਹ ਨਹੀਂ ਦੱਸਦੇ ਕਿ ਕਿਵੇਂ ਉਹ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਦੇ ਹਨ। ਇੱਕ ਸੱਜਣ ਨੇ ਦੱਸਿਆ ਕਿ ਕਿਵੇਂ ਉਹ ਸਵੇਰੇ ਹੀ ਵੱਡੇ ਵੱਡੇ ਫਾਰਮਾਂ ਵਿੱਚ ਬੇਰ ਤੋੜਨ ਜਾਂਦਾ ਸੀ। ਗੱਡੀ ਵਿੱਚ ਅਗਲਿਆਂ ਨੇ ਬੰਦ ਕਰ ਲੈਣਾ ਤੇ ਸ਼ਾਮ ਨੂੰ ਉਵੇਂ ਹੀ ਬੰਦ ਗੱਡੀ ਵਿੱਚ ਛੱਡ ਜਾਣਾ। ਫਾਰਮ 'ਤੇ ਉਸ ਨੇ ਸੁਣੀਆਂ ਗਾਲ੍ਹਾਂ ਦਾ ਜ਼ਿਕਰ ਆਪਣਾ ਦੁੱਖ ਦੱਸਣ ਲਈ ਕਰ ਦਿੱਤਾ ਸੀ। ਮੈਂ ਸੁੰਨ ਜਿਹਾ ਹੋਇਆ ਸੁਣੀ ਜਾ ਰਿਹਾ ਸੀ। ਆਮ ਲੋਕਾਂ ਨੂੰ ਦੱਸਦਿਆਂ ਉਸ ਨੂੰ ਸ਼ਰਮ ਆ ਰਹੀ ਸੀ।

ਕੋਈ ਪੱਚੀ ਕੁ ਸਾਲ ਪਹਿਲਾਂ ਦੀ ਗੱਲ ਹੈ, ਮੇਰਾ ਇੱਕ ਮਿੱਤਰ ਕਹਿਣ ਲੱਗਾ ਕਿ ਉਸ ਨੂੰ ਕਨੇਡਾ ਦਿਖਾਉਣ ਵਾਲਾ ਪ੍ਰਵਾਸੀ ਇੰਡੀਆ ਆ ਰਿਹਾ ਹੈ ਅਤੇ ਉਹ ਬੰਬੇ ਹਵਾਈ ਅੱਡੇ 'ਤੇ ਉੱਤਰੇਗਾ। ਮੈਂ ਉਸ ਦਾ 'ਸਵਾਗਤ' ਉੱਥੇ ਕਰਨਾ ਚਾਹੁੰਦਾ ਹਾਂ ... ਕੁਝ ਕਰ ਸਕਦੇ ਹਾਂ? ਮੈਂ ਉਸ ਵਕਤ ਸੂਰਤ ਤਾਇਨਾਤ ਸੀ। ਮੇਰੇ ਇੱਕ ਜਾਣਕਾਰ ਨੇ ਸਾਨੂੰ ਆਪਣੇ ਗੈਸਟ-ਹਾਊਸ ਵਿੱਚ ਠਹਿਰਾਇਆ, ਪੰਜ-ਤਾਰਾ ਹੋਟਲ ਵਿੱਚ ਸਕਾਚ ਪਿਲਾਈ ਅਤੇ ਰਾਤ ਦਾ ਖਾਣਾ ਖਵਾਇਆ। ਕੈਨੇਡੀਅਨ ਭਾਈ ਸਾਹਿਬ ਨੇ ਕੈਨੇਡਾ ਦੀ ਉਹ ਤਾਰੀਫ਼ ਕੀਤੀ ਕਿ ਅਸੀਂ ਵੀ ਕਾਇਲ ਹੋ ਗਏ। ਨਸ਼ੇ ਦੇ ਲੋਰ ਵਿੱਚ ਉਸਨੇ ਆਪਣੇ ਸੈੱਟ ਹੋਣ ਦੀ ਕਹਾਣੀ ਵੀ ਸੁਣਾ ਦਿੱਤੀ। ਸਵੇਰੇ ਉਹ ਕਹਿਣ ਲੱਗੇ ਕਿ ਪੰਜਾਬ ਜਾਣ ਤੋਂ ਪਹਿਲਾਂ ਉਹ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲ ਕੇ ਜਾਣਾ ਚਾਹੁੰਦੇ ਹਨ। ਅਸੀਂ ਟੈਕਸੀ ਵਾਲੇ ਨੂੰ ਐਡਰੈੱਸ ਦਿੱਤਾ ਅਤੇ ਪਹੁੰਚ ਗਏ ਕੋਲੀਵਾੜਾ (ਉਨ੍ਹੀਂ ਦਿਨੀਂ ਬੰਬੇ ਗਏ ਪੰਜਾਬੀ ਇੱਥੇ ਹੀ ਰਹਿੰਦੇ ਸਨ) ਦੀ ਇੱਕ 'ਖੋਲੀ' ਜਿਸ ਨੂੰ ਦੇਖਦਿਆਂ ਹੀ ਭਾਈ ਸਾਹਿਬ ਦਾ ਰਾਤ ਨੂੰ ਬੇਸਮੈਂਟ ਦਾ ਕੀਤਾ ਜ਼ਿਕਰ ਇੱਕ ਦਮ ਮੂਹਰੇ ਆ ਖੜੋਤਾ। 'ਖੋਲੀ' ਵਿੱਚ ਰਹਿੰਦੇ ਰਿਸ਼ਤੇਦਾਰ ਦੀ ਚਾਹ 'ਤੇ ਹੋਈ ਗੱਲਬਾਤ ਤੋਂ ਪ੍ਰਵਾਸੀ ਵੀਰ ਦੀ ਕਹਾਣੀ ਦਾ ਅੰਦਾਜ਼ਾ ਸਹਿਜੇ ਹੀ ਲੱਗ ਗਿਆ। ਉਹ ਕਾਫੀ ਦੇਰ ਬੇਸਮੈਂਟ ਵਿੱਚ ਰਿਹਾ ਸੀ, ਪਰ ਫੁਰਲੀਆਂ ਇਉਂ ਛੱਡ ਰਿਹਾ ਸੀ ਜਿਵੇਂ ਉਹ ਜਾਂਦੇ ਹੀ ...। ਇਹ ਫੁਕਰਪੁਣਾ ਵੀ ਲੈ ਬੈਠਿਆ ਹੈ ਪੰਜਾਬੀਆਂ ਨੂੰ, ਨਾਲੇ ਉੱਥੇ ਜਾ ਕੇ ਕਿਹੜਾ ਟਿਕਦੇ ਨੇ।

ਇਹ ਸੱਚ ਸੀ/ਹੈ ਕਿ ਇੱਥੋਂ ਪਰਵਾਸ ਕਰਨ ਵਾਲੇ ਉੱਥੇ ਜਾ ਕੇ ਪਹਿਲੇ ਕਈ ਕਈ ਸਾਲ ਬੇਸਮੈਂਟ ਦੇ ਬਾਸ਼ਿੰਦੇ ਬਣਦੇ ਹਨ। ਚੰਗਾ ਕਿਰਾਇਆ ਦਿੰਦੇ ਸਨ ਅਤੇ ਹੁਣ ਅਵਾਸ ਦੀ ਮੰਗ ਜ਼ਿਆਦਾ ਹੋਣ ਕਰਕੇ ਕਿਰਾਏ ਬਹੁਤ ਵਧ ਗਏ ਹਨ। ਇਸ ਸਦੀ ਦੇ ਸ਼ੁਰੂ ਵਿੱਚ ਪਰਵਾਸ ਦਾ ਰੁਝਾਨ ਇੰਨਾ ਵਧ ਗਿਆ ਕਿ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸੋਸ਼ਲ ਮੀਡੀਆ 'ਤੇ ਬਰੈਂਪਟਨ ਤੋਂ ਜੌਹਲ ਸਾਹਿਬ ਦੀਆਂ ... .... 'ਬਾਕੀ ਤੁਸੀਂ ਖੁਦ ਸਮਝਦਾਰ ਹੋ' ਦੀ ਟਾਂਚ ਨਾਲ ਖਤਮ ਹੁੰਦੀਆਂ ਪੋਸਟਾਂ ਉੱਥੋਂ ਦੇ ਹਾਲਾਤ ਬਾਰੇ ਭਾਵੇਂ ਕਿੰਨਾ ਵੀ ਜ਼ੋਰ ਦੇ ਕੇ ਕਿਉਂ ਨਾ ਕਹਿ ਰਹੀਆਂ ਹੋਣ ਕਿ ਉੱਥੇ ਸਭ ਠੀਕ ਨਹੀਂ ਹੈ, ਬੱਚਿਆਂ ਨੂੰ ਇੱਥੇ ਨਾ ਭੇਜੋ ਪਰ ਕੋਈ ਨਹੀਂ ਸੁਣ ਰਿਹਾ। ਇਸ ਸੰਬੰਧ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਟੀ, ਲੁਧਿਆਣਾ ਵੱਲੋਂ ਕੀਤਾ ਅਧਿਐਨ ਅੱਖਾਂ ਖੋਲ੍ਹਣ ਵਾਲਾ ਹੈ। 1990 ਤੋਂ 2022 ਤਕ ਕੁੱਲ ਪਰਵਾਸੀਆਂ ਦਾ 74 % ਕੇਵਲ 2016 ਤੋਂ ਬਾਅਦ ਹੀ ਵਿਦੇਸ਼ੀ ਧਰਤੀ 'ਤੇ ਪਹੁੰਚਿਆ ਹੈ। ਇਸ ਪਰਵਾਸ ਲਈ ਪੇਂਡੂ ਪੰਜਾਬ ਨੇ 14 ਹਜ਼ਾਰ 342 ਕਰੋੜ ਦਾ ਕਰਜ਼ਾ ਲਿਆ ਹੈ ਅਤੇ 5639 ਕਰੋੜ ਦੀ ਚੱਲ-ਅਚੱਲ ਜਾਇਦਾਦ ਵੇਚੀ ਹੈ। ਸਰਮਾਏ ਦੇ ਨਾਲ ਸਾਡੇ ਮਨੁੱਖੀ ਸ੍ਰੋਤ ਵੀ ਬਾਹਰਲੇ ਮੁਲਕ ਦਾ ਸਰਮਾਇਆ ਬਣ ਰਹੇ ਹਨ। ਪੰਜਾਬ ਮਾਇਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ। ਇਹ ਵਰਤਾਰਾ ਸਾਡੇ ਸਮਾਜ ਦੇ ਰਸਮਾਂ ਰਿਵਾਜਾਂ ਅਤੇ ਜੀਵਨ-ਸ਼ੈਲੀ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਕਈ ਵਰ੍ਹੇ ਅਖ਼ਬਾਰੀ ਖ਼ਬਰਾਂ ਅਤੇ ਸੋਸ਼ਲ ਮੀਡੀਆ ਦੀਆਂ ਪੋਸਟਾਂ ਪੜ੍ਹ ਕੇ ਬੇਸਮੈਂਟ ਮੈਨੂੰ ਹੁਣ ਡੈੱਨ (ਧਇਨ) ਨਹੀਂ ਬਲਕਿ ਡੈਣ ਲੱਗਣ ਲੱਗ ਪਈ ਸੀ। ਇਹ ਪੰਜਾਬ ਨੂੰ ਨਿਗਲ ਰਹੀ ਸੀ।

ਇੱਕ ਹੋਰ ਰੁਝਾਨ ਵੀ ਜ਼ੋਰ ਫੜ ਰਿਹਾ ਹੈ ਕਿ ਮੁੰਡਾ-ਕੁੜੀ ਦੂਸਰੀ ਧਿਰ ਦਾ ਪੈਸਾ ਖਰਚਵਾ ਕੇ ਪਰਵਾਸ ਕਰਦਾ ਹੈ ਅਤੇ ਬਾਅਦ ਵਿੱਚ ਦੂਜੀ ਧਿਰ ਨੂੰ ਉੱਥੇ ਬੁਲਾਉਣ ਤੋਂ ਮੁਨਕਰ ਹੋ ਜਾਂਦਾ ਹੈ। ਪਿੱਛੇ ਰਿਹਾ ਪਰਿਵਾਰ ਧੋਖਾਧੜੀ ਦੇ ਮੁਕੱਦਮੇ ਭੁਗਤਦਾ ਹੋਰ ਕੰਗਾਲ ਹੋ ਜਾਂਦਾ ਹੈ। ਖੱਜਲ ਖੁਆਰੀ ਦੀ ਮਾਨਸਿਕ ਪੀੜਾ ਤਾਂ ਬਿਆਨ ਕਰਨੀ ਮੁਸ਼ਕਿਲ ਹੈ। ਅਜਿਹੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਆਮ ਸੁਰਖੀਆਂ ਬਣਨ ਲੱਗ ਪਈਆਂ ਹਨ।

ਕਨੇਡਾ ਰਹਿੰਦੇ ਇੱਕ ਮਿੱਤਰ ਨੇ ਦੱਸਿਆ ਕਿ ਉੱਝ ਵੀ ਨਵੇਂ ਵਿਆਹੇ ਜੋੜੇ ਜਦੋਂ ਕਨੇਡਾ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਬੇਸਮੈਂਟ ਵਿੱਚ ਹੀ ਰਹਿਣਾ ਪੈਂਦਾ ਹੈ। ਕਿਰਾਏ ਐਨੇ ਹਨ ਕਿ ਇੱਕ ਦੀ ਤਨਖਾਹ ਤਾਂ ਕਿਰਾਏ ਵਿੱਚ ਹੀ ਚਲੀ ਜਾਂਦੀ ਹੈ। ਰੋਜ਼ਮਰ੍ਹਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਫਿਰ ਉਹ ਓਵਰਟਾਈਮ ਕਰਦੇ ਨੇ। ਹਾਲਤ ਇਹ ਹੁੰਦੀ ਹੈ ਕੇ ਜੇ ਮੁੰਡਾ ਦਿਨੇ ਕੰਮ 'ਤੇ ਜਾਂਦਾ ਹੈ ਤਾਂ ਕੁੜੀ ਦਿਨੇ ਸੌਂਦੀ ਹੈ ਅਤੇ ਫਿਰ ਕੁੜੀ ਰਾਤ ਨੂੰ ਕੰਮ 'ਤੇ ਜਾਂਦੀ ਹੈ ਤੇ ਮੁੰਡਾ ਰਾਤ ਨੂੰ ਸੌਂਦਾ ਹੈ। ਉਨ੍ਹਾਂ ਨੂੰ ਇਕੱਠੇ ਵਕਤ ਗੁਜ਼ਾਰਨ ਲਈ ਪਤਾ ਨਹੀਂ ਕਿੰਨਾ ਕਿੰਨਾ ਚਿਰ ਉਡੀਕ ਕਰਨੀ ਪੈਂਦੀ ਹੈ। ਇੱਧਰ ਬੇਬੇ-ਬਾਪੂ ਪੋਤੇ ਦੀ ਉਮੀਦ ਛੇ ਮਹੀਨਿਆਂ ਬਾਅਦ ਹੀ ਕਰਨੀ ਸ਼ੁਰੂ ਕਰ ਦਿੰਦੇ ਹਨ। ਸੱਭਿਆਚਾਰ 'ਤੇ ਪੈ ਰਹੇ ਪ੍ਰਭਾਵ ਦੀਆਂ ਗੱਲਾਂ ਕਰਦੇ ਕਰਦੇ ਅਸੀਂ ਉਦਾਸ ਹੋ ਰਹੇ ਸਾਂ ਤੇ ਹੇਠਲੀ ਕਹਾਣੀ ਬਿਆਨ ਕਰਕੇ ਮੈਂ ਉਸ ਨੂੰ ਹੋਰ ਦੁਖੀ ਨਹੀਂ ਕਰਨਾ ਚਾਹੁੰਦਾ ਸੀ ਪਰ ਰਹਿ ਨਾ ਸਕਿਆ।

ਇੱਕ ਸ਼ਾਦੀ 'ਤੇ ਗਏ ਅਸੀਂ। ਲਾੜਾ-ਲਾੜੀ ਕਨੇਡਾ ਤੋਂ ਆਏ ਸਨ। ਕਾਕਾ ਜੀ ਦੇ ਦੋਸਤ ਅਤੇ ਬੀਬੀ ਜੀ ਦੀਆਂ ਸਹੇਲੀਆਂ ਉਨ੍ਹਾਂ ਨਾਲ ਕਨੇਡਾ ਤੋਂ ਆਏ ਹੋਏ ਸਨ। ਰਿਬਨ ਕਟਾਈ 'ਤੇ ਨੋਕ-ਝੋਕ ਹੋ ਰਹੀ ਸੀ। ਸਾਲੀ ਦੀਆਂ ਸਹੇਲੀਆਂ ਰਿਬਨ ਕਟਾਈ ਵਿਦੇਸ਼ੀ ਮੁਦਰਾ (ਡਾਲਰਾਂ) ਵਿੱਚ ਮੰਗ ਰਹੀਆਂ ਸਨ। ਅਸੀਂ ਵੀ ਨਜ਼ਦੀਕ ਖੜ੍ਹੇ ਤਮਾਸ਼ਾ ਦੇਖ ਰਹੇ ਸੀ। ਜਦੋਂ ਸਹੇਲੀ ਬੋਲੀ 'ਜੀਜਾ ਜੀ, ਇੱਕ ਮਹੀਨੇ ਦਾ ਰੈਂਟ ਤਾਂ ਦਿਓ!' ਮੇਰੇ ਜ਼ਿਹਨ ਵਿੱਚ ਉਹ ਕੁੜੀ ਨਹੀਂ, ਬਲਕਿ ਸੁਤੇ ਸਿੱਧ ਬੇਸਮੈਂਟ ਬੋਲ ਪਈ ਸੀ।

ਕਹਾਣੀ ਸੁਣ ਕੇ ਮਿੱਤਰ ਬੋਲਿਆ, "ਬਾਈ ਜੀ, ਬੇਸਮੈਂਟ ਜੋ ਬੋਲ ਰਹੀ ਐ, ਉਹ ਸੁਣ ਨਹੀਂ ਸਕੇਂਗਾ, ਸਿਆਣੇ ਨੂੰ ਇਸ਼ਾਰਾ ਹੀ ਕਾਫੀ ਹੁੰਦਾ ਹੈ।" ਕਹਿੰਦੇ ਹੋਏ ਉਹ ਚੁੱਪ ਕਰ ਗਿਆ। ਮੇਰੇ ਕੰਨਾਂ ਵਿੱਚ ਅਜੀਬ ਜਿਹੀ ਗੂੰਜ ਸੁਣਾਈ ਦੇਣ ਲੱਗੀ।

"ਵੀਰ ਚੀਕਾਂ ਤਾਂ ਪੰਜਾਬ ਵਿੱਚ ਵੀ ਸੁਣ ਰਹੀਆਂ ਨੇ ... " ਕਹਿੰਦੇ ਕਹਿੰਦੇ ਮੇਰੇ ਅੰਦਰੋਂ ਵੀ ਹੂਕ ਜਿਹੀ ਨਿਕਲੀ, "ਹਾਏ, ਕੋਈ ਸੁਣ ਲਵੇ ਬੇਸਮੈਂਟਾਂ ਦੇ ਬੋਲ, ਬਚਾ ਲਵੇ ਸਾਨੂੰ ਇਸ ਕੂਕਾਂ ਵਾਲੀ ਹੋਣੀ ਤੋਂ ...।"

# ਇੰਨੀ ਕੁ ਗੱਲ...

ਲਿਖਤ : ਦਰਸ਼ਨ ਸਿੰਘ, ਸੰਪਰਕ: 94667-37933

''ਹੁਣ ਸ਼ੁਰੂ ਹੋਣਗੀਆਂ ਵੱਡੀਆਂ ਪੜ੍ਹਾਈਆਂ...।'' ਪੰਜਵੀਂ ਜਮਾਤ ਪਾਸ ਕਰਨ ਪਿੱਛੋਂ ਛੇਵੀਂ ਵਿੱਚ ਦਾਖ਼ਲ ਹੋਣ ਸਮੇਂ ਇਹ ਗੱਲ ਮੈਂ ਕਈਆਂ ਕੋਲੋਂ ਸੁਣੀ। ਨਵੀਆਂ ਕਿਤਾਬਾਂ ਵਾਲਾ ਝੋਲਾ ਮੋਢੇ ਟੰਗ ਕੇ ਨਵੇਂ ਸਕੂਲ ਲਈ ਨਵੇਂ ਰਾਹਾਂ 'ਤੇ ਚਾਅ ਨਾਲ ਤੁਰਨ ਅਤੇ ਕੁਝ ਬਣਨ ਦਾ ਸਵੈ-ਵਿਸ਼ਵਾਸ ਮੇਰੇ ਅੰਦਰ ਸੀ। ਮੇਰੇ ਮਾਪਿਆਂ ਦੀਆਂ ਵੀ ਕਈ ਆਸਾਂ ਉਮੀਦਾਂ ਮੇਰੇ ਨਾਲ ਜੁੜੀਆਂ ਹੋਈਆਂ ਸਨ। 'ਕਿਹੜਾ ਕੋਰਸ ਕਰਾਂ?' ਦਸਵੀਂ 'ਚ ਪੜ੍ਹਦੇ ਸਮੇਂ ਹੀ ਸਲਾਹਾਂ ਹੋਣ ਲੱਗੀਆਂ। ਸਲਾਹਾਂ ਦਾ ਵੀ ਵਿਸ਼ੇਸ਼ ਸੁਹੱਪਣ ਹੁੰਦਾ ਹੈ। ਗੁਆਂਢੀ ਚਾਚਾ ਨਿਰੰਜਨ ਸਿੰਘ ਅਤੇ ਉਸ ਦੇ ਪਰਿਵਾਰ ਦਾ ਮੇਰੇ ਮਾਪਿਆਂ ਨਾਲ ਬਹੁਤ ਤਿਹੁ ਸੀ। ''ਤੂੰ ਡਾਕਟਰ ਬਣੀਂ। ਬੁੱਢਾ ਹੋ ਕੇ ਆਪਣਾ 'ਲਾਜ ਤੈਥੋਂ ਕਰਵਾਊਂ।''

ਹਾਸਿਆਂ ਤੇ ਖੇਡਾਂ ਵਿੱਚ ਵਿਚਰਨ ਵਾਲੇ ਮੇਰੇ ਬਚਪਨ ਲਈ ਜਿਵੇਂ ਜ਼ਿੰਮੇਵਾਰੀਆਂ ਦਾ ਵੇਲਾ ਆ ਗਿਆ ਹੋਵੇ।

ਫਸਟ ਡਿਵੀਜ਼ਨ ਵਿੱਚ ਦਸਵੀਂ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਮੈਂ ਕਾਲਜ ਦਾਖ਼ਲ ਹੋਇਆ। ਨਵਾਂ ਮਾਹੌਲ, ਨਵਾਂ ਆਲਾ-ਦੁਆਲਾ ਤੇ ਨਵੇਂ ਸੁਫ਼ਨੇ। ਸਲਾਹਾਂ, ਫ਼ੈਸਲੇ ਤੇ ਆਪਣੀ ਇੱਛਾ ਅਨੁਸਾਰ ਮੈਡੀਕਲ ਵਿਸ਼ਿਆਂ ਦੀ ਚੋਣ ਕਰ ਕੇ ਮੈਂ ਡਾਕਟਰੀ ਕਰਨ ਦੇ ਰਾਹ ਪੈ ਗਿਆ। ਸ਼ੁਰੂ ਸ਼ੁਰੂ ਵਿੱਚ

ਅੰਗਰੇਜ਼ੀ ਮਾਧਿਅਮ ਨੇ ਪੜ੍ਹਾਈ ਦੇ ਇਸ ਨਵੇਂ ਸਫ਼ਰ ਵਿੱਚ ਕਈ ਦਿੱਕਤਾਂ ਭਰ ਦਿੱਤੀਆਂ ਪਰ ਕੁਝ ਮਹੀਨਿਆਂ ਵਿੱਚ ਹੀ ਇਹ ਤਬਦੀਲੀਆਂ ਸੁਖਾਵੀਆਂ ਜਾਪਣ ਲੱਗੀਆਂ।

ਵੱਡੇ ਖਰਚ ਨਾਲ ਵੱਡੀ ਪੜ੍ਹਾਈ ਸ਼ਾਇਦ ਹੁਣ ਸ਼ੁਰੂ ਹੋਈ ਸੀ, ਅਜਿਹਾ ਜ਼ਰੂਰ ਜਾਪਿਆ। ਹੁਣ ਪੜ੍ਹਾਈ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋਣ ਦੀ ਲੋੜ ਸੀ। ਇਸ ਨੇ ਹੀ ਮੇਰੇ ਲਈ ਭਵਿੱਖ ਦਾ ਬੂਹਾ ਖੋਲ੍ਹਣਾ ਸੀ।

'ਤੂੰ ਕੁਝ ਕਰ ਕੇ ਦਿਖਾਉਣਾ ਹੈ...।' ਇਹੋ ਗੱਲਬਾਤ ਮੇਰੇ ਅੰਦਰ ਚਲਦੀ ਰਹਿੰਦੀ। ਲਾਇਬਰੇਰੀ ਜਾ ਕੇ ਵੱਡੀਆਂ ਵੱਡੀਆਂ ਪੁਸਤਕਾਂ ਪੜ੍ਹਨ 'ਚ ਮੇਰੀ ਦਿਲਚਸਪੀ ਜਾਗਣ ਲੱਗੀ। ਇਧਰ-ਉਧਰ ਘੁੰਮ ਕੇ ਮੈਂ ਵਕਤ ਕਦੀ ਅਜਾਈਂ ਨਾ ਗੁਆਉਂਦਾ। 'ਡਾਕਟਰ' ਸ਼ਬਦ ਆਪਣੇ ਨਾਂ ਨਾਲ

ਲਗਵਾਉਣ ਦੀ ਮੇਰੇ ਅੰਦਰ ਕਾਹਲ, ਭਾਵਨਾ ਤੇ ਰੀਝ ਸੀ। 'ਇਹ ਦਿਨ ਕਦੋਂ ਆਵੇਗਾ?' ਚਾਚਾ ਜੀ ਤੇ ਮਾਪਿਆਂ ਦੀ ਉਡੀਕ ਕਦੋਂ ਖ਼ਤਮ ਹੋਵੇਗੀ?' ਮੇਰੀ ਸੋਚ ਵਿੱਚ ਇਹੋ ਖਿਆਲ ਵਾਰ ਵਾਰ ਆਉਂਦਾ।

ਜ਼ਿੰਦਗੀ ਅਜਿਹੀ ਅਣਜਾਣੀ ਕਿਤਾਬ ਜਿਹੀ ਹੁੰਦੀ ਹੈ ਜਿਸ ਬਾਰੇ ਪਤਾ ਨਹੀਂ ਹੁੰਦਾ ਕਿ ਇਸ ਦੇ ਕਿਸ ਪੰਨੇ 'ਤੇ ਕੀ ਲਿਖਿਆ ਹੈ; ਨਾ ਹੀ ਇਸ ਗੱਲ ਦਾ ਪਤਾ ਹੁੰਦਾ ਹੈ ਕਿ ਆਉਣ ਵਾਲਾ ਕੱਲ੍ਹ ਆਪਣੇ ਕੋਲ ਸਾਨੂੰ ਦੇਣ ਲਈ ਕੀ ਸਾਂਭੀ ਬੈਠਾ ਹੈ। ਮੇਰੇ ਸੁਫ਼ਨਿਆਂ ਦੀ ਉਦੋਂ ਮੌਤ ਹੋ ਗਈ ਜਦੋਂ ਡਾਕਟਰੀ ਕੋਰਸ ਲਈ ਹੋਈ ਯੋਗਤਾ ਪ੍ਰੀਖਿਆ ਵਿੱਚ ਅਸਫਲ ਹੋ ਗਿਆ। ਕੀਤੀ ਮਿਹਨਤ ਸਿਰੇ ਨਾ ਚੜ੍ਹੀ। ਮੇਰੇ ਨਾਂ ਨਾਲ 'ਡਾਕਟਰ' ਸ਼ਬਦ ਕਿਸੇ ਵੀ ਕਾਗਜ਼ 'ਤੇ ਨਾ ਚੜ੍ਹਿਆ। 'ਨਾਤ੍ਹੀ ਧੋਤੀ ਰਹਿ ਗਈ, ਉੱਤੇ ਮੱਖੀ ਬਹਿ ਗਈ' ਵਾਲੀ ਗੱਲ ਸੀ। ਹੌਸਲਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਮੇਰੇ ਆਉਣ ਵਾਲੇ ਕੱਲ੍ਹ ਨੂੰ ਜਿਵੇਂ ਕੋਈ ਜਿੰਦਾ-ਕੁੰਡਾ ਲੱਗ ਗਿਆ ਹੋਵੇ। ਸੋਚਾਂ 'ਚ ਗੁੰਝਲਾਂ ਪੈ ਗਈਆਂ। ਕੁਝ ਨਾ ਸੁੱਝੇ, ਕੀ ਕਰਾਂ। ਚਾਚੇ ਕੋਲ ਕਿਹੜਾ ਮੂੰਹ ਲੈ ਕੇ ਜਾਵਾਂ। ਮਾਪਿਆਂ ਦੀ ਮਾਯੂਸੀ ਮੇਰੇ ਕੋਲੋਂ ਝੱਲੀ ਨਾ ਜਾਵੇ। ਮੰਜ਼ਿਲ ਦੇ ਰਾਹ ਛੱਡ ਕੇ ਅਣਕਿਆਸੀਆਂ ਤੇ ਅਣਚਾਹੀਆਂ ਪਗਡੰਡੀਆਂ 'ਤੇ ਅਧੂਰੇ ਕਦਮੀ ਤੁਰਨ ਲੱਗਾ...। ਸੋਚਦਾ, ਸ਼ਾਇਦ ਕੁਝ ਲੱਭ ਜਾਵੇ।

ਉਂਝ ਹੋਰ ਕੀਤੀਆਂ ਪੜ੍ਹਾਈਆਂ ਮੇਰੀ ਝੋਲੀ ਸਰਕਾਰੀ ਨੌਕਰੀ ਤਾਂ ਪਾ ਗਈਆਂ ਪਰ ਜ਼ਿੰਦਗੀ ਦਾ ਇਹ ਸਦਮਾ ਮੈਨੂੰ ਕਦੀ ਨਾ ਭੁੱਲਿਆ। ਉਹ ਪਲ ਮੇਰੇ ਅੰਦਰ ਕੋਈ ਡਰ ਬਣ ਕੇ ਠਹਿਰ ਗਏ ਸਨ। ਮਨ 'ਚ ਕੋਈ ਗੰਢ ਜਿਹੀ ਪੈ ਗਈ ਜੋ ਖੋਲ੍ਹਣ 'ਤੇ ਵੀ ਨਾ ਖੁੱਲ੍ਹੀ। ਵੀਹ ਸਾਲ ਮੈਂ ਚਾਚੇ ਦੇ ਸਾਹਮਣੇ ਨਾ ਹੋ ਸਕਿਆ। ਸ਼ਰਮ ਮੇਰੇ ਅੰਦਰ ਨੂੰ ਮਾਰ ਗਈ।

''ਤੇਰਾ ਚਾਚਾ ਤੈਨੂੰ ਬੜਾ ਯਾਦ ਕਰਦਾ ਰਹਿੰਦੈ...।'' ਮਾਪਿਆਂ ਕਈ ਵਾਰ ਕਿਹਾ। ਚੁੱਪ-ਚੁਪੀਤੇ ਮੈਂ ਇਕ ਦਿਨ ਚਾਚੇ ਕੋਲ ਬਿਨਾਂ ਕਿਸੇ ਨੂੰ ਦੱਸੇ ਆ ਗਿਆ। ਵੀਹੀ 'ਚ ਮੰਜੀ ਡਾਹ ਕੇ ਬੈਠਾ ਚਾਚਾ ਖੰਘ ਰਿਹਾ ਸੀ। ਝੁਕ ਕੇ ਮੈਂ ਪੈਰੀਂ ਹੱਥ ਲਾਇਆ। ਸਿਆਣ ਲਿਆ ਉਸ ਨੇ ਮੈਨੂੰ। ਉਸ ਦੀ ਦਾੜ੍ਹੀ ਸਫ਼ੈਦ ਹੋ ਚੁੱਕੀ ਸੀ। ਝੁਰੜੀਆਂ ਨੇ ਚਿਹਰੇ ਤੋਂ ਨੂਰ ਖੋਹ ਲਿਆ ਸੀ। ਨੱਕ 'ਤੇ ਲੱਗੀ ਐਨਕ ਅੱਖਾਂ ਦਾ ਹਾਲ ਬਿਆਨਦੀ ਸੀ। ਹੁਣ ਤਾਂ ਉਸ ਨੂੰ ਇਲਾਜ ਦੀ ਲੋੜ ਸੀ, ਮੈਨੂੰ ਜਾਪਿਆ। ''ਤੂੰ ਮੇਰੇ ਕੋਲੋਂ ਕਿੱਥੇ ਲੁਕਿਆ ਰਿਹੈਂ?...।'' ਮੰਜੇ ਦੀ ਬਾਹੀ 'ਤੇ ਕਿਸੇ ਪਛਤਾਵੇ ਨਾਲ ਨੀਵੀਂ ਪਾਈ ਬੈਠਾ ਮੈਂ ਚਾਚੇ ਦੀਆਂ ਗੱਲਾਂ ਸੁਣਦਾ ਰਿਹਾ। ਚਾਹ ਪੀਂਦੇ ਹੋਏ ਮਨ ਅੰਦਰਲੀ ਕਬਰਾਂ ਜਿਹੀ ਚੁੱਪ ਤੋੜਦਿਆਂ ਤੇ ਝਿਜਕਦਿਆਂ ਮੈਂ ਕਿਹਾ, ''ਚਾਚਾ ਜੀ, ਤੁਸੀਂ ਮੈਨੂੰ ਡਾਕਟਰ ਆਖਦੇ ਸੀ ਪਰ ਮੈਂ...।'' ''ਪਤਾ ਮੈਨੂੰ ਲੱਗ ਗਿਆ ਸੀ। ਕੋਸ਼ਿਸ਼ ਤਾਂ ਤੂੰ ਬੜੀ ਕੀਤੀ। ਬਾਕੀ ਤਾਂ ਬਾਗਰੂ ਦੇ ਹੱਥ ਆ। ਸਾਰਾ ਕੁਝ ਬੰਦੇ ਦੀ ਇੱਛਾ ਅਨੁਸਾਰ ਨਹੀਂ ਹੁੰਦਾ। ਜੋ ਹੋਣਾ ਹੁੰਦਾ, ਹੋ ਕੇ ਹੀ ਰਹਿੰਦਾ... । ਇੰਨੀ ਕੁ ਗੱਲ ਪਿੱਛੇ ਤੂੰ ਜ਼ਿੰਦਗੀ ਦੇ ਵੀਹ ਵਰ੍ਹੇ ਮੇਰੇ ਤੋਂ ਦੂਰ ਰਿਹਾ। ਆਉਂਦਾ, ਬੈਠਦਾ। ਕੁਝ ਕਹਿੰਦਾ, ਸੁਣਦਾ... ਜ਼ਿੰਦਗੀ ਕੋਈ ਵਾਰ ਵਾਰ ਮਿਲਦੀ ਐ ਕਮਲਿਆ... ਕਦੀ ਫਿਰ ਇਉਂ ਨਾ ਕਰੀਂ।'' ਚਾਚੇ ਦਾ ਹੱਥ ਮੇਰੇ ਮੋਢਿਆਂ 'ਤੇ ਸੀ। ਜਿਵੇਂ ਮਣਾਂ-ਮੂੰਹੀਂ ਬੋਝ ਮੇਰੇ ਸਿਰ ਤੋਂ ਉੱਤਰ ਗਿਆ ਹੋਵੇ।

ਜ਼ਿੰਦਗੀ ਦੇ ਘਾਟੇ ਵਾਧੇ ਕਈ ਅਹਿਮ ਤਜਰਬੇ ਦੇ ਜਾਂਦੇ ਹਨ।

ਬੂਹੇ ਤਕ ਚਾਚਾ ਮੈਨੂੰ ਛੱਡਣ ਆਇਆ। ਉਹੀ ਸੁਭਾਅ, ਉਹੀ ਲਾਡ, ਉਹੀ ਹਾਸੇ। ਹੁਣ ਵਾਲੇ ਚਾਚੇ ਵਿੱਚ ਵੀਹ ਵਰ੍ਹੇ ਪਹਿਲੋਂ ਵਾਲਾ ਚਾਚਾ ਉਸੇ ਤਰ੍ਹਾਂ ਬੈਠਾ ਸੀ। ਪਰਤਦੇ ਸਮੇਂ ਮੈਂ ਇਹੋ ਸੋਚਦਾ ਰਿਹਾ ਕਿ ਆਪਣੀਆਂ ਸੋਚਾਂ 'ਚ ਅਸੀਂ ਫਜ਼ੂਲ ਜਿਹੀਆਂ ਮਨਘੜਤ ਗੱਲਾਂ ਭਰ ਲੈਂਦੇ ਹਾਂ ਜੋ ਜ਼ਿੰਦਗੀ ਨੂੰ ਅਸਹਿਜ ਕਰ ਦਿੰਦੀਆਂ। ਮਨਾਂ ਅੰਦਰ ਗੰਢ ਪੈਣ ਅਤੇ ਖੁੱਲ੍ਹਣ ਦੇ ਵਕਫ਼ੇ 'ਚ ਜ਼ਿੰਦਗੀ ਦੇ ਕਈ ਰੰਗ ਬਰੰਗੇ ਸਵੇਰੇ ਗੁਆਚ ਚੁੱਕੇ ਹੁੰਦੇ ਹਨ ਜੋ ਖ਼ੁਸ਼ੀ ਖ਼ੁਸ਼ੀ ਮਾਣੇ ਜਾ ਸਕਦੇ ਹਨ।

# ਕਰਾਮਾਤਾਂ ਦੇ ਬਾਜ਼ਾਰ ਵਿੱਚ ਲੁੱਟ ਹੁੰਦੇ ਲੋਕ

ਲਿਖਤ : ਗੁਰਚਰਨ ਸਿੰਘ ਨੂਰਪੁਰ
ਮੋਬਾਈਲ : 98550-51099



ਇਕ ਸਮਾਗਮ ਵਿਚ ਇਕ ਗਾਉਣ ਵਾਲਾ ਸਦੀਆਂ ਪਹਿਲਾਂ ਹੋਏ ਆਪਣੇ ਧਾਰਮਿਕ ਰਹਿਬਰ ਨੂੰ ਵਾਜਾਂ ਮਾਰ ਰਿਹਾ ਸੀ ਕਿ 'ਆ ਕੇ ਵੇਖ ਦੁਨੀਆ ਦਾ ਕੀ ਹਾਲ ਹੋ ਗਿਆ ਹੈ, ਮਾੜਾ ਤਗੜੇ ਨੂੰ ਲੁੱਟ ਕੇ ਖਾ ਰਿਹਾ ਹੈ। ਨਿਆਂ ਇਨਸਾਫ਼ ਦੂਰ ਦੀ ਕੌਡੀ ਹੋ ਗਏ ਹਨ, ਇਥੇ ਮਾਰ ਧਾੜ ਹੈ, ਲੁੱਟ ਖਸੁੱਟ ਏ, ਤੂੰ ਦੁਬਾਰਾ ਆ, ਤੇ ਆ ਕੇ ਇਸ ਦੁਨੀਆਂ ਨੂੰ ਦਰੁਸਤ ਕਰ।'

ਇਸ ਰਚਨਾ ਮਗਰੋਂ ਇਕ ਸਿਆਣਾ ਬੁਲਾਰਾ ਬੋਲਿਆ ਤੇ ਉਸ ਨੇ ਆਖਿਆ, 'ਸਾਡੇ ਰਹਿਬਰ ਜੋ ਸਦੀਆਂ ਪਹਿਲਾਂ ਹੋ ਗਏ ਹਨ, ਉਨ੍ਹਾਂ ਨੇ ਹੁਣ ਨਹੀਂ ਆਉਣਾ। ਉਨ੍ਹਾਂ ਨੇ ਇਸ ਦੁਨੀਆਂ ਨੂੰ ਚੰਗਾ ਬਣਾਉਣ ਲਈ ਜੋ ਯੋਗਦਾਨ ਦਿੱਤਾ ਉਹ ਬਹੁਤ ਮਹਾਨ ਸੀ। ਉਹਨੂੰ ਵਿਸਾਰਿਆ ਨਹੀਂ ਜਾ ਸਕਦਾ। ਉਹ ਸਾਡੇ ਰਾਹ ਦਸੇਰੇ ਸਨ। ਉਨ੍ਹਾਂ ਦੇ ਸ਼ਬਦ ਅੱਜ ਵੀ ਸਾਡਾ ਮਾਰਗ ਦਰਸ਼ਨ ਕਰਦੇ ਹਨ ਪਰ ਸੱਚ ਇਹ ਆ ਕਿ ਉਨ੍ਹਾਂ ਨੇ ਹੁਣ ਨਹੀਂ ਆਉਣਾ। ਉਨ੍ਹਾਂ ਦੇ ਦੱਸੇ ਰਾਹ ਤੇ ਚੱਲ ਕੇ ਆਪ ਇਸ ਦੁਨੀਆਂ ਨੂੰ ਚੰਗਾ ਬਣਾਉਣ ਦਾ ਯਤਨ ਕਰੋ ਜਿਹਾ ਕਿ ਉਨ੍ਹਾਂ ਕਿਹਾ ਸੀ।' ਜ਼ਮਾਨੇ ਦੇ ਹਰ ਦੌਰ ਵਿਚ ਸਮਾਜ ਦੀ ਬਹੁਗਿਣਤੀ ਨੂੰ ਕਿਸੇ ਨਾ ਕਿਸੇ ਕਰਾਮਾਤ ਦੀ ਉਡੀਕ ਹੁੰਦੀ ਹੈ। ਧਰਮ ਅਸਥਾਨਾਂ 'ਤੇ ਹਰ ਰੋਜ਼ ਪ੍ਰਾਰਥਨਾਵਾਂ, ਬੇਨਤੀਆਂ, ਅਰਜੋਈਆਂ, ਜੋਦੜੀਆਂ, ਅਰਦਾਸਾਂ ਹੁੰਦੀਆਂ ਹਨ। ਕੁਝ ਭੋਲੇ-ਭਾਲੇ ਲੋਕਾਂ ਨੂੰ ਕੁਝ ਚਲਾਕ ਲੋਕ ਆਪਣੇ ਧਰਮ ਨੂੰ ਦੂਜਿਆਂ ਦੇ ਮੁਕਾਬਲੇ ਵੱਧ ਕਰਾਮਾਤੀ ਦੱਸ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਵੀ ਕਰਵਾਉਂਦੇ ਹਨ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਵਿਰੋਧ ਵੀ ਹੁੰਦਾ ਹੈ ਪਰ ਸਮਾਜ ਵਿਚ ਅਜਿਹੇ ਵਰਤਾਰੇ ਚਲਦੇ ਰਹਿੰਦੇ ਹਨ। ਹਰ ਧਰਮ ਵਿਚ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਧਰਮ ਵਿਚ ਵਿਸ਼ਵਾਸ ਬਹੁਤ ਜ਼ਰੂਰੀ ਹੈ। ਵਿਸ਼ਵਾਸ ਕਰਨ ਲਈ ਲੋਕ ਕਰਾਮਾਤ ਦੀ ਆਸ ਕਰਦੇ ਹਨ। ਬੇਸ਼ੱਕ ਕਿੰਨੇ ਵੀ ਵਿਗਿਆਨਕ ਢੰਗ ਨਾਲ ਸੋਚਣ ਵਾਲੇ ਧਾਰਮਿਕ ਲੋਕ ਹੋਣ ਉਨ੍ਹਾਂ 'ਚੋਂ ਬਹੁਗਿਣਤੀ ਦਾ ਕਰਾਮਾਤਾਂ ਵਿਚ ਪੱਕਾ ਵਿਸ਼ਵਾਸ ਹੁੰਦਾ ਹੈ।


ਇਸ ਸਮੇਂ ਕਰਾਮਾਤਾਂ ਦਾ ਬਾਜ਼ਾਰ ਇਕ ਵੱਡਾ ਕਾਰੋਬਾਰ ਬਣ ਗਿਆ ਹੈ। ਬਹੁਤ ਸਾਰੇ ਅਖੌਤੀ ਜੋਤਿਸ਼ੀ, ਸਾਧ ਸੰਤ ਅਤੇ ਆਪਣੇ-ਆਪ ਨੂੰ ਧਰਮ ਦੇ ਆਗੂ ਅਖਵਾਉਣ ਵਾਲੇ ਕਰਾਮਾਤਾਂ ਦੇ ਨਾਂਅ 'ਤੇ ਲੋਕਾਂ ਨੂੰ ਵਰਗਲਾਉਂਦੇ ਹਨ। ਕਿਸੇ ਨਾ ਕਿਸੇ ਢੰਗ ਨਾਲ ਆਪਣੇ ਡੇਰਿਆਂ 'ਤੇ ਭੀੜਾਂ ਇਕੱਠੀਆਂ ਕਰਦੇ ਹਨ। ਇਨ੍ਹਾਂ ਇਕੱਠੀਆਂ ਹੋਈਆਂ ਭੀੜਾਂ ਤੋਂ ਮੋਟਾ ਪੈਸਾ ਵਸੂਲਿਆ ਜਾਂਦਾ ਹੈ ਜਿਸ ਨਾਲ ਇਨ੍ਹਾਂ ਦੀਆਂ ਜਾਇਦਾਦਾਂ ਦਿਨਾਂ ਵਿਚ ਅੰਬਰਵੇਲ ਵਾਂਗ ਵਧਦੀਆਂ ਹਨ। ਸਾਡੇ ਭਾਰਤੀ ਲੋਕਾਂ ਦੀ ਬਹੁਗਿਣਤੀ ਕਈ ਤਰ੍ਹਾਂ ਦੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਦੀ ਸ਼ਿਕਾਰ ਹੈ। ਘਰਾਂ ਵਿਚ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਪ੍ਰੇਸ਼ਾਨੀਆਂ ਹਨ। ਪਰਿਵਾਰਕ ਰਿਸ਼ਤਿਆਂ ਵਿਚ ਉਹ ਨਿੱਘ ਨਹੀਂ ਜੋ ਹੋਇਆ ਕਰਦਾ ਸੀ ਜਾਂ ਹੋਣਾ ਚਾਹੀਦਾ ਹੈ। ਬਾਜ਼ਾਰ ਨੇ ਸਾਨੂੰ ਸਿਖਾਇਆ ਹੈ ਕਿ ਸਬਰ ਸੰਤੋਖ ਵਾਲਾ ਜੀਵਨ ਕੋਈ ਜੀਵਨ ਨਹੀਂ ਹੁੰਦਾ। ਅਸੀਂ ਸਟੇਟਸ ਲਈ ਜਿਉਣ ਲੱਗ ਪਏ ਹਾਂ। ਟੀ. ਵੀ. ਅਤੇ ਇੰਟਰਨੈੱਟ ਦੀ ਦੁਨੀਆ ਨੇ ਸਾਡੇ ਤੋਂ ਸੁਖ ਚੈਨ, ਸ਼ਾਂਤੀ, ਸਹਿਜ ਤੇ ਸਬਰ ਖੋਹ ਲਿਆ ਹੈ ਸਮਾਜ ਦੀ ਬਹੁਗਿਣਤੀ ਲਾਲਸਾਵਾਂ, ਖ਼ਾਹਿਸ਼ਾਂ ਦੇ ਵਿਸ਼ਾਲ ਮਾਰੂਥਲ ਵਿਚ ਜਿਵੇਂ ਭਟਕ ਰਹੀ ਹੈ। ਸਾਡੇ ਸਮਾਜ ਦੀ ਵੱਡੀ ਗਿਣਤੀ ਕਈ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਦੀ ਸ਼ਿਕਾਰ ਹੈ। ਉਦਾਸੀ, ਪ੍ਰੇਸ਼ਾਨੀ, ਕੁਝ ਚੰਗਾ ਨਾ ਲੱਗਣਾ, ਜੀਵਨ ਵਿਚੋਂ ਦਿਲਚਸਪੀ ਮੁੱਕ ਜਾਣਾ, ਮਨ ਕਾਹਲਾ ਪੈਣਾ, ਗੱਲ ਗੱਲ 'ਤੇ ਗੁੱਸਾ ਆਉਣਾ, ਜਾਂ ਰੋਣ ਆਉਣਾ, ਆਤਮ ਹੱਤਿਆ ਕਰਨ ਦੇ ਵਿਚਾਰ ਆਉਣੇ, ਖ਼ੁਸ਼ੀ ਨਾ ਆਉਣੀ, ਮਨ ਦਾ ਉਤਸ਼ਾਹ ਮੱਠਾ ਪੈ ਜਾਣਾ, ਮਨ ਨੂੰ ਚੈਨ ਟਿਕਾਅ ਨਾ ਆਉਣਾ ਆਦਿ ਕਈ ਮਾਨਸਿਕ ਵਿਕਾਰ ਹਨ ਇਨ੍ਹਾਂ ਤੋਂ ਸਮਾਜ ਦੀ ਵੱਡੀ ਗਿਣਤੀ ਪੀੜਤ ਹੈ। ਹਿਸਟੇਰੀਆ, ਡਿਮੈਨਸ਼ੀਆ, ਸਕੀਜ਼ੋਫ਼ਰੇਨੀਆ, ਮਾਸ ਹਿਸਟੇਰੀਆ ਅਤੇ ਹੋਰ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਲੋਕ ਧਰਮਾਂ ਦੇ ਅਖੌਤੀ ਰੱਬ ਨੂੰ ਮਿਲੇ ਹੋਏ ਸਿਆਣਿਆਂ, ਸਾਧਾਂ ਅੱਗੇ ਡਿੱਗਦੇ ਡੰਡੌਤਾਂ ਕਰਦੇ ਚੀਕਾਂ ਕੂਕਾਂ ਮਾਰਦੇ ਭੂਤਾਂ ਪ੍ਰੇਤਾਂ ਦਾ ਦੇ ਮਕੜਜਾਲ ਵਿਚੋਂ ਨਿਕਲਣ ਲਈ ਵਾਲ ਖਿਲਾਰ ਕੇ ਖੇਡਦੇ ਹਨ। ਇਨ੍ਹਾਂ ਵਿਚ 90 ਫ਼ੀਸਦੀ ਔਰਤਾਂ ਹੁੰਦੀਆਂ ਹਨ ਤਾਂ ਆਮ ਸਮਝ ਰੱਖਣ ਨੂੰ ਵਾਲੇ ਇਹ ਜ਼ਰੂਰ ਲਗਦਾ ਹੈ ਕਿ ਇਹ ਕਿਸੇ ਕਰਾਮਾਤੀ ਢੰਗ ਨਾਲ ਹੋ ਵਾਪਰ ਰਿਹਾ ਹੈ। ਜ਼ਰੂਰ ਹੀ ਇੱਥੇ ਕਿਸੇ ਸ਼ੈਤਾਨ ਦੀ ਆਤਮਾ ਨੇ ਆ ਕੇ ਇਨ੍ਹਾਂ ਮਾਨਸਿਕ ਰੋਗੀਆਂ ਦੇ ਵਿਹਾਰ ਨੂੰ ਬਦਲ ਦਿੱਤਾ ਹੈ ਤੇ ਕਿਸੇ ਪੈਗ਼ੰਬਰ ਦੀ ਪ੍ਰਾਰਥਨਾ ਕਰਨ ਵਾਲਾ ਉਹ ਸਾਰਾ ਪ੍ਰਪੰਚ ਰਚ ਰਿਹਾ ਅਖੌਤੀ ਸਿਆਣਾ ਹੁਣ ਕਰਾਮਾਤੀ ਢੰਗ ਨਾਲ ਇਨ੍ਹਾਂ ਨੂੰ ਠੀਕ ਕਰ ਦੇਵੇਗਾ। ਪਰ ਅਜਿਹਾ ਕੁਝ ਨਹੀਂ ਹੁੰਦਾ, ਹਕੀਕਤ ਇਹ ਹੈ ਕਿ ਇਹ ਲੋਕ ਘਰਾਂ ਦੀਆਂ ਵੱਖ ਵੱਖ ਮੁਸ਼ਕਲਾਂ ਸਮੱਸਿਆਵਾਂ ਤੋਂ ਪੀੜਤ ਹੋਏ ਮਾਨਸਿਕ ਰੋਗੀ ਬਣ ਜਾਂਦੇ ਹਨ। ਕੁਝ ਲੋਕਾਂ ਵਿਚ ਜੈਨੇਟਕਲੀ ਮਾਨਸਿਕ ਵਿਕਾਰ ਹੁੰਦੇ ਹਨ। ਅਜਿਹੀਆਂ ਥਾਵਾਂ ਜਿੱਥੇ ਭੂਤਾਂ ਕੱਢਣ ਦਾ ਪ੍ਰਪੰਚ ਰਚਿਆ ਗਿਆ ਹੁੰਦਾ ਹੈ ਉੱਥੇ ਆ ਕੇ ਇਹ ਲੋਕ ਇਕ ਤਰ੍ਹਾਂ ਨਾਲ ਮਾਸ ਹਿਸਟੀਰੀਆ ਦੇ ਪ੍ਰਭਾਵ ਹੇਠ ਚਲੇ ਜਾਂਦੇ ਹਨ ਅਤੇ ਖੇਡਣ ਲੱਗ ਪੈਂਦੇ ਹਨ। ਖੇਡ ਆਉਣ ਨਾਲ ਮਨ ਹਲਕਾ ਹੁੰਦਾ ਹੈ ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸੇ ਨੂੰ ਬਹੁਤ ਵੱਡਾ ਦੁੱਖ ਹੋਵੇ ਤੇ ਉਹ ਰੋ-ਰੋ ਕੇ ਆਪਣਾ ਮਨ ਹਲਕਾ ਕਰ ਲਵੇ। ਇਸ ਤਰ੍ਹਾਂ ਵੱਡੀਆਂ ਭੀੜਾਂ ਵਿਚ ਜਦੋਂ ਕੁਝ ਲੋਕ ਵਾਲ ਖਿਲਾਰ ਕੇ ਖੇਡਦੇ ਹਨ ਤਾਂ ਇਕੱਠੀ ਹੋਈ ਭੀੜ ਹੋਰ ਸ਼ਰਧਾਵਾਨ ਹੋ ਜਾਂਦੀ ਹੈ। ਇਹ ਸਭ ਕੁਝ ਜਿਸ ਗ਼ੈਬੀ ਸ਼ਕਤੀਆਂ ਦਾ ਦਾਹਵਾ ਕਰਨ ਵਾਲੇ ਵਿਅਕਤੀ ਦੀ ਦੇਖਰੇਖ ਹੋ ਰਿਹਾ ਹੁੰਦਾ ਹੈ, ਉਹ ਲੋਕਾਂ ਵਿਚ ਆਪਣੇ ਆਪ ਨੂੰ ਵੱਡੇ ਜੇਤੂ ਅੰਦਾਜ਼ ਵਿਚ ਪੇਸ਼ ਕਰਦਾ ਹੈ ਜਿਵੇਂ ਭੂਤਾਂ ਪ੍ਰੇਤਾਂ ਕਾਲੀਆਂ ਤਾਕਤਾਂ ਉਸ ਦੀ ਮੁੱਠ ਵਿਚ ਹੋਣ ਤੇ ਕਿਸੇ ਰੱਬੀ ਸ਼ਕਤੀ ਨਾਲ ਉਹ ਪੀੜਤ ਲੋਕਾਂ ਦਾ ਕਰਾਮਾਤੀ ਢੰਗ ਨਾਲ ਭਲਾ ਕਰ ਰਿਹਾ ਹੋਵੇ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਮਝਦਿਆਂ ਇਸ ਵਿਚ ਕੁਝ ਵੀ ਕਰਾਮਾਤੀ ਨਹੀਂ ਹੁੰਦਾ ਨਾ ਹੀ ਇਹ ਕੋਈ ਭੂਤਾਂ, ਬੁਰੀਆਂ ਆਤਮਾਵਾਂ ਜਾਂ ਕਿਸੇ ਸ਼ੈਤਾਨੀ ਤਾਕਤ ਕਰਕੇ ਰਿਹਾ ਹੁੰਦਾ ਹੈ। ਇੱਥੇ ਵਿਚਾਰਨਯੋਗ ਗੱਲ ਇਹ ਹੈ ਕਿ ਜੇਕਰ ਕਿਸੇ ਥਾਂ ਪਰਮਾਤਮਾ ਦੀ ਪ੍ਰਾਰਥਨਾ ਹੋ ਰਹੀ ਹੈ ਤਾਂ ਉੱਥੇ ਸ਼ੈਤਾਨ ਦੀ ਆਮਦ ਕਿਵੇਂ ਹੋ ਸਕਦੀ ਹੈ। ਫਿਰ ਅਸੀਂ ਕਹਾਂਗੇ ਕਿ ਪ੍ਰਮਾਤਮਾ ਦੀ ਹਸਤੀ ਤੋਂ ਸ਼ੈਤਾਨ ਦੀ ਹਸਤੀ ਤਾਕਤਵਰ ਹੋ ਗਈ ਜੋ ਪ੍ਰਮਾਤਮਾ ਲਈ ਕੀਤੇ ਜਾ ਰਹੇ ਸਮਾਗਮ ਵਿਚ ਆ ਕੇ ਵਿਘਨ ਪਾ ਰਹੀ ਹੈ। ਕੁਝ ਸ਼ਾਤਰ ਲੋਕ ਯੋਜਨਾਬੱਧ ਢੰਗ ਨਾਲ ਅਜਿਹੇ ਪ੍ਰੋਗਰਾਮ ਬਣਾ ਕੇ ਪੇਸ਼ ਕਰਦੇ ਹਨ ਕਿ ਲੋਕਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਅਕਸਰ ਕੁਝ ਸਾਧ ਬਾਬੇ ਕੁਝ ਸੈਲੇਬਿਰਟੀ ਹਸਤੀਆਂ ਨੂੰ ਆਪਣੇ ਪ੍ਰੋਗਰਾਮਾਂ ਵਿਚ ਬੁਲਾ ਕੇ ਆਪਣੇ ਵੱਡੇ ਧਰਮਾਤਮਾ ਹੋਣ ਦਾ ਪ੍ਰਚਾਰ ਕਰਨ ਦਾ ਪ੍ਰਪੰਚ ਰਚਦੇ ਹਨ। ਇਹ ਸਭ ਕੁਝ ਆਮ ਲੋਕਾਂ ਨੂੰ ਮੂਰਖ ਬਣਾ ਕੇ ਵੱਧ ਤੋਂ ਵੱਧ ਲੋਕਾਂ ਦੀ ਲੁੱਟ ਕਰਨ ਲਈ ਕੀਤਾ ਜਾਂਦਾ ਹੈ।

ਜਿਹੜੇ ਸਮਾਜਾਂ ਵਿਚ ਦੁੱਖਾਂ, ਮੁਸੀਬਤਾਂ, ਘਰੇਲੂ ਮਸਲਿਆਂ, ਕਲੇਸ਼ਾਂ ਅਤੇ ਬੇਕਾਰੀਮੁਸੀਬਤਾਂ, ਘਰੇਲੂ ਮਸਲਿਆਂ, ਕਲੇਸ਼ਾਂ ਅਤੇ ਬੇਕਾਰੀ ਦੀ ਭਰਮਾਰ ਹੋਵੇਗੀ ਉਸ ਸਮਾਜ ਵਿਚ ਉਪਰੋਕਤ ਕਿਸਮ ਦੇ ਵਿਕਾਰ ਜ਼ਿਆਦਾ ਹੋਣਗੇ। ਇਸ ਤਰ੍ਹਾਂ ਇਨ੍ਹਾਂ ਖਿੱਤਿਆਂ ਵਿਚ ਧਰਮ ਦੇ ਨਾਮ ਤੇ ਪਾਖੰਡ ਵੀ ਜ਼ਿਆਦਾ ਹੋਵੇਗਾ ਅਤੇ ਪਾਖੰਡ ਕਰਨ ਵਾਲੇ ਵੀ ਦੁੱਖਾਂ ਮੁਸੀਬਤਾਂ ਤੇ ਝੰਬੇ ਲੋਕਾਂ ਤੋਂ ਕਮਾਈਆਂ ਕਰ ਕੇ ਆਪਣੇ ਘਰ ਭਰਦੇ ਰਹਿਣਗੇ। ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਕਰਾਮਾਤਾਂ ਦੇ ਨਾਮ 'ਤੇ ਭੂਤਾਂ, ਪ੍ਰੇਤਾਂ ਨੂੰ ਕੱਢਣ ਦਾ ਢਕਵੰਜ ਕਰਨ ਵਾਲੇ ਮੁਸੀਬਤਾਂ ਭੋਗ ਰਹੇ ਲੋਕਾਂ ਤੋਂ ਕਮਾਈਆਂ ਕਰਦੇ ਹਨ। ਇਹ ਪਰਮਾਰਥ ਵਾਲਾ ਕੰਮ ਨਹੀਂ ਇਹ ਨਿਹਾਇਤ ਘਟੀਆ ਪੱਧਰ ਦਾ ਕਾਰੋਬਾਰ ਹੈ ਜਿਸ ਵਿਚ ਸੰਤਾਪ ਭੋਗ ਰਹੇ ਲੋਕਾਂ ਦਾ ਆਰਥਕ ਸ਼ੋਸ਼ਣ ਕੀਤਾ ਜਾਂਦਾ ਹੈ।

ਸਾਨੂੰ ਸਮਝਣ ਦੀ ਇਹ ਲੋੜ ਹੈ ਕਿ ਹਰ ਤਰ੍ਹਾਂ ਦੇ ਵਰਤਾਰਿਆਂ ਦੇ ਵਾਪਰਨ ਪਿੱਛੇ ਬਾਰੀਕ ਕਾਰਨ ਹੁੰਦੇ ਹਨ ਜੋ ਸਾਨੂੰ ਸੌਖਿਆਂ ਕਈ ਵਾਰ ਸਮਝ ਨਹੀਂ ਆਉਂਦੇ। ਦੂਜਾ ਸਾਡੇ ਅੰਦਰ ਸਦੀਆਂ ਤੋਂ ਬਣੀਆਂ ਅੰਧਵਿਸ਼ਵਾਸੀ ਧਾਰਨਾਵਾਂ ਵੀ ਇਕ ਵੱਡਾ ਕਾਰਨ ਹੁੰਦੀਆਂ ਹਨ। ਸਾਨੂੰ ਆਪਣੇ ਦੁੱਖਾਂ ਮੁਸੀਬਤਾਂ ਦੇ ਕਾਰਨਾਂ ਨੂੰ ਸਮਝ ਕੇ ਇਨ੍ਹਾਂ ਨੂੰ ਦੂਰ ਕਰਕੇ ਜ਼ਿੰਦਗੀ ਵਿਚ ਅੱਗੇ ਵਧਣ ਦੀ ਜੁਗਤ ਸਿੱਖਣੀ ਚਾਹੀਦੀ ਹੈ। ਉਹ ਲੋਕ ਜੋ ਮਨੁੱਖ ਦੀਆਂ ਮੁਸੀਬਤਾਂ ਨੂੰ ਕਿਸੇ ਸ਼ੈਤਾਨੀ ਸ਼ਕਤੀ ਨਾਲ ਜੋੜਦੇ ਹਨ ਤਾਂ ਕਰਾਮਾਤੀ ਢੰਗ ਨਾਲ ਦੁੱਖਾਂ ਦਾ ਨਿਵਾਰਨ ਕਰਾਉਣ ਦੀ ਬਜਾਏ ਸਾਨੂੰ ਆਪਣੀਆਂ ਮੁਸ਼ਕਲਾਂ ਦੇ ਮਨੋਵਿਗਿਆਨਕ ਕਾਰਨ ਖੋਜਣੇ ਚਾਹੀਦੇ ਹਨ। ਧਰਤੀ 'ਤੇ ਲੱਖਾਂ ਲੋਕ ਹਨ ਜੋ ਅੰਧਵਿਸ਼ਵਾਸ਼ਾਂ, ਕਰਾਮਾਤਾਂ, ਭੂਤਾਂ ਪ੍ਰੇਤਾਂ, ਬੁਰੀਆਂ ਆਤਮਾਵਾਂ, ਕਿਸਮਤ ਵਿਚ ਵਿਸ਼ਵਾਸ ਨਹੀਂ ਰੱਖਦੇ ਤੇ ਸਾਡੇ ਨਾਲੋਂ ਕਿਤੇ ਬਿਹਤਰ ਜ਼ਿੰਦਗੀ ਜਿਉਂਦੇ ਹਨ। ਲੱਖਾਂ ਲੋਕ ਹਨ ਜੋ ਅਖੌਤੀ ਸਾਧਾਂ ਸੰਤਾਂ, ਸੁਆਮੀਆਂ, ਜੋਤਸ਼ੀਆਂ, ਪੁਜਾਰੀਆਂ ਅੱਗੇ ਮੱਥੇ ਨਹੀਂ ਰਗੜਦੇ ਸਗੋਂ ਆਪਣੇ ਵਿਵੇਕ ਨਾਲ ਹਰ ਮੁਸ਼ਕਲ ਦਾ ਸਾਹਮਣਾ ਕਰਨ ਦੀ ਹਿੰਮਤ ਰੱਖਦੇ ਹਨ। ਇੱਧਰ ਅਸੀਂ ਹਾਂ ਕਿ ਅਸੀਂ ਜੇਕਰ ਉਨ੍ਹਾਂ ਮੁਲਕਾਂ ਵਿਚ ਜਾਣਾ ਵੀ ਹੈ ਤਾਂ ਵੀ ਅੰਧਵਿਸ਼ਵਾਸ ਦਾ ਆਸਰਾ ਲੈਂਦੇ ਹਾਂ। ਧਾਰਮਿਕ ਥਾਵਾਂ 'ਤੇ ਮੱਥੇ ਰਗੜ ਕੇ ਅਸੀਂ ਕਿਸੇ ਬਾਹਰਲੇ ਮੁਲਕ ਜਾਣ ਦਾ ਅਸ਼ੀਰਵਾਦ ਲੈਂਦੇ ਹਾਂ। ਅਸੀਂ ਕਦੇ ਇਹ ਅਰਦਾਸ ਬੇਨਤੀ ਨਹੀਂ ਕੀਤੀ ਕਿ ਹੇ ਰੱਬਾ ਇਸ ਮੁਲਕ ਵਿਚ ਵੀ ਵਿਕਸਤ ਮੁਲਕਾਂ ਜਿਹੇ ਚੰਗੇ ਹਾਲਾਤ ਪੈਦਾ ਕਰ ਦੇ ਤਾਂ ਕਿ ਸਾਨੂੰ ਬਾਹਰ ਹੋਰ ਮੁਲਕਾਂ ਦੀ ਖਾਕ ਨਾ ਛਾਨਣੀ ਪਵੇ। ਕੀ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਆਪਣੇ ਧੁਰ ਅੰਦਰੋਂ ਕਿਤੇ ਨਾ ਕਿਤੇ ਅਸੀਂ ਇਹ ਸਮਝ ਰਹੇ ਹੁੰਦੇ ਹਾਂ ਕਿ ਅਰਦਾਸ ਕਰਿਆਂ ਇਹ ਨਹੀਂ ਹੋ ਸਕਦਾ? ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਸਦੀਆਂ ਪਹਿਲਾਂ ਹੋਏ ਸਾਡੇ ਰਹਿਨੁਮਾਵਾਂ ਨੇ ਹੁਣ ਮੁੜ ਕੇ ਕਦੇ ਨਹੀਂ ਆਉਣਾ। ਸਾਨੂੰ ਇਸ ਜੀਵਨ ਨੂੰ ਚੰਗਾ ਬਣਾਉਣ ਲਈ ਆਪ ਯਤਨ ਕਰਨੇ ਪੈਣੇ ਹਨ। ਇਕ ਵਿਅਕਤੀ ਜਾਂ ਪੂਰਾ ਸਮਾਜ ਜਦੋਂ ਜਦੋਂ ਵੀ ਆਪਣੀਆਂ ਸਮੱਸਿਆਵਾਂ ਨੂੰ ਕਿਸੇ ਕਰਾਮਾਤੀ ਵਰਤਾਰੇ ਨਾਲ ਜੋੜ ਦੇਵੇਗਾ ਓਦੋਂ ਉਹ ਸਮੱਸਿਆਵਾਂ ਦੇ ਹੱਲ ਲੱਭਣ ਤੋਂ ਭਟਕ ਜਾਵੇਗਾ ਅਤੇ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿਚ ਘਿਰ ਜਾਵੇਗਾ। ਧਰਤੀ ਦੇ ਜਿਸ ਖਿੱਤੇ ਵਿਚ ਅੰਧਵਿਸ਼ਵਾਸ, ਪਖੰਡ ਅਤੇ ਡੇਰਾਵਾਰ ਜਕੜ ਵਧੇਰੇ ਹੋਵੇਗੀ ਉਸ ਖਿੱਤੇ ਵਿਚ ਲੋਕਾਂ ਦੀਆਂ ਸਮੱਸਿਆਵਾਂ ਦੂਰ ਹੋਣ ਦੀ ਬਜਾਏ ਅੰਬਰਵੇਲ ਵਾਂਗ ਵਧਦੀਆਂ ਜਾਣਗੀਆਂ। ਅਸੀਂ ਇਸ ਸਮੇਂ ਉਸ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਿੱਥੇ ਮਜ਼੍ਹਬ ਦੇ ਨਾਮ 'ਤੇ ਪਖੰਡ ਕਰਨ ਵਾਲੇ ਅਤੇ ਰਾਜਨੀਤਕ ਲੋਕ ਇਨ੍ਹਾਂ ਦੋਹਾਂ ਤਰ੍ਹਾਂ ਦੇ ਮੰਚਾਂ ਤੋਂ ਮਨੁੱਖਤਾ ਦੇ ਦੁੱਖਾਂ ਨੂੰ ਵਕਤੀ ਤੌਰ 'ਤੇ ਦੂਰ ਕਰਨ ਦੀ ਨਿਰੰਤਰ ਡੁਗਡੁਗੀ ਵਜਾਈ ਜਾ ਰਹੀ ਹੈ। ਇਸ ਵਰਤਾਰੇ ਨੂੰ ਸਾਨੂੰ ਸਮਝਣ ਦੀ ਲੋੜ ਹੈ।

ਸਮਾਜ ਨੂੰ ਉਨ੍ਹਾਂ ਲੋਕਾਂ ਤੋਂ ਸੁਚੇਤ ਹੋਣ ਦੀ ਲੋੜ ਹੈ ਜੋ ਕਰਾਮਾਤੀ ਸ਼ਕਤੀਆਂ ਦਾ ਪ੍ਰਪੰਚ ਰਚ ਕੇ ਲੋਕਾਈ ਨੂੰ ਅੰਧਵਿਸ਼ਵਾਸਾਂ ਦੀ ਦਲਦਲ ਵਿਚ ਧੱਕ ਰਹੇ ਹਨ। ਅਜਿਹਾ ਕਰਕੇ ਇਕ ਤਰ੍ਹਾਂ ਨਾਲ ਸਾਨੂੰ ਦੱਸਿਆ ਜਾ ਰਿਹਾ ਹੈ ਕਿ ਸਾਡੀਆਂ ਮੁਸ਼ਕਲਾਂ ਸਮੱਸਿਆਵਾਂ ਕਿਸੇ ਗੰਦੇ ਅਤਿ ਮਾੜੇ ਨਿਜ਼ਾਮ ਦੀ ਦੇਣ ਨਹੀਂ ਬਲਕਿ ਇਹ ਸਾਡੀ ਮਾੜੀ ਕਿਸਮਤ ਕਰਕੇ ਹਨ। ਅਜਿਹੀ ਮਨੋਬਿਰਤੀ ਸਮਾਜ ਨੂੰ ਰੂੜੀਵਾਦੀ ਧਾਰਨਾਵਾਂ ਦੇ ਰਾਹ ਤੋਰਦੀ ਹੈ। ਸਾਡੇ ਸਮਾਜ ਨੂੰ ਵਿਵੇਕਸ਼ੀਲ ਬਣਨ ਦੀ ਲੋੜ ਹੈ ਅਸੀਂ ਵਿਗਿਆਨਕ ਸੋਚ ਦੇ ਧਾਰਨੀ ਬਣ ਕੇ ਆਪਣੀਆਂ ਸਮੱਸਿਆਵਾਂ ਤੋ ਨਿਜਾਤ ਪਾ ਸਕਦੇ ਹਾਂ।

# ਬੇਰਾਂ ਦੀ ਖ਼ੁਸ਼ਬੋਈ



ਲੇਖਕ
ਗੁਰਮਾਨ ਸੈਣੀ
ਸੰਪਰਕ :
9256346906



ਪਰਾਣੇ ਜ਼ਮਾਨਿਆਂ ਕੀ ਬਾਤ ਆ। ਇੱਕ ਬਾਰ ਮੈਂ ਹਰ ਬਾਪੂ ਮਣਸ਼ਾ ਦੇਵੀ ਕੇ ਮੇਲੇ ਮਾ ਗਏ। ਜਦ ਮੇਲੇ ਮਾ ਰਾਤ ਨੂੰ ਜਾਣ ਕਾ ਰਵਾਜ ਤਾ।ਰਾਤ ਨੂੰ ਮੇਲੇ ਮਾ ਗਾਣ ਵਾਲਿਆਂ ਕੇ ਖਾੜੇ ਲਗੇ ਕਰਾਂ ਤੇ। ਅੱਧੀ ਅੱਧੀ ਰਾਤ ਤੱਕ ਤੋ ਮੇਲੇ ਮਾ ਹੀ ਘੁੰਮੀ ਜਹਾਂ ਤੇ ਹਰ ਫੇਰ ਥੋੜਾ ਬਹੁਤ ਸਸਤਾ ਕਾ ਮੱਥਾ ਟੇਕਣ ਕੀ ਲੈਨ ਮਾ ਲਗ ਜਾਂ ਤੇ।ਆਲੂ ਕੀ ਸੁੱਕੀ ਸਬਜ਼ੀ, ਪੂਰੀਆਂ ਹਰ ਪ੍ਰਸ਼ਾਦ ਕਾ ਚੜਾਵਾ ਚੜਾ ਤਾ। ਵਾਹੀ ਖਾ ਲੇ ਕਰਾਂ ਤੇ।

ਮੈਂ ਹਰ ਬਾਪੂ ਮੇਲੇ ਮਾ ਬਹੁਤ ਘੁੰਮੇ। ਜਦ ਮੇਲੇ ਰੂਹ ਰਜ਼ਾ ਦੇਵਾਂ ਤੇ।ਇਬ ਤੋ ਸਭ ਕੁਛ ਟੀਵੀ ਹਰ ਇੰਟਰਨੈੱਟ ਨੇ ਖਾ ਲਿਆ।ਵਾਪਸੀ ਮਾ ਬਾਪੂ ਨੇ ਘਰ ਆਲਿਆਂ ਵਾਸਤਾ ਦੋ ਕਿਲੋ ਬੇਰ ਲੇ ਲਿਏ। ਦਾਖੀ - ਦਾਖੀ, ਪੀਲੇ ਪੀਲੇ , ਗੋਬਲੇ ਸੇ ਨਿਆਣੇ ਬਰਗੇ, ਮੋਟੇ ਮੋਟੇ , ਬਹੁਤ ਵਧੀਆ ਬੇਰ।ਹਰ ਐਸੀ ਵਾਸਨਾ ਕਿ ਕਿਆ ਕਹਿਣੇ। ਉਸੀ ਝੋਲੇ ਮਾ ਪਾ ਲੀਏ ਜਿਸਮਾ ਤੇ ਨਿਕ ਸੁਕ ਖਤਮ ਹੋਇਆ ਤਾਂ ।

ਜਦ ਮਣਸ਼ਾ ਦੇਵੀ ਜਾਣ ਵਾਲੇ ਚੰਡੀਮੰਦਰ ਕੰਨਟੋਨਮੈਂਟ ਏਰੀਏ ਮਾ ਨੂੰ ਹੋ ਕਾ ਜਾਏ ਕਰਾਂ ਤੇ ਜਹਾਂ ਨੂੰ ਇਬ ਖੜ੍ਹਗਾ ਸਿਨਮਾ ਹਾਲ ਬਣਿਆ ਵਾ।

ਵਾਪਸੀ ਮਾਂ ...। ਪੈਦਲ ਕਾ ਰਸਤਾ । ਬਾਪੂ ਅੱਗਾ ਅੱਗਾ ਹਰ ਮੈਂ ਪਿੱਛਾ ਪਿੱਛਾ। ਕੁਛ ਦੂਰ ਤੋਂ ਮੈਂ ਹੌਲੀ ਹੌਲੀ ਚਲਿਆ ਆਇਆ । ਪਰ ਫੇਰ ਸਾਲੀ ਬੇਰਾਂ ਕੀ ਖੁਸ਼ਬੂ ਮੇਰੇ ਦਮਾਗ ਨੂੰ ਚੜ੍ਹਗੀ। ਮੈਂ ਸੋਚਿਆ ਕਿ ਬਾਪੂ ਤੋਂ ਅੱਗਾ ਚਲ ਰਿਹਾ, ਦੋ ਚਾਰ ਬੇਰ ਖਾ ਲਿਊਂ , ਇਤਨਿਆਂ ਮਾਂ ਤੇ ਕਿਆ ਪਤਾ ਲਗਾ।ਫੇਰ ਕਿਆ ਤਾਂ ਮਨ ਪਰ ਮੁਸ਼ਕ ਭਾਰੂ ਹੋਗੀ। ਬਸ ਫੇਰ ਹੌਲੀ ਹੌਲੀ ਰਸਤਾ ਬੀ ਘਟਦਾ ਰਿਹਾ ਹਰ ਬੇਰ ਬੀ। ਭਲਾਂ ਪੈਦਲ ਚੱਲਣ ਮਾ ਖਾਵਾਂ ਬਾਦ ਮਾ ਹਾਜਮ ਪਹਿਲਾਂ ਹੋਜਾਂ।ਘਰ ਪਹੁੰਚ ਕਾ ਜਦ ਬਾਪੂ ਨੇ ਬੇਰਾਂ ਕੇ ਬਾਰੇ ਮਾ ਪੁਛਿਆ ਤੋ ਮੈਂ ਬੋਲਿਆ

" ਇਬ ਬੇਰ ਕਹਾਂ ਇਬ ਤੋ ਬਸ ਖਾਲੀ ਝੋਲਾ ਹੀ ਰੈ ਗਯਾ। "

ਬਸ ਫੇਰ ਕਿਆ ਤਾ...

# ਆਦਿ-ਮਾਨਵ ਤੋਂ ਆਧੁਨਿਕ ਮਾਨਵ ਤੱਕ ਮਨੁੱਖ ਦਾ ਵਿਕਾਸ

**ਲਿਖਤ : ਡਾ. ਵਿਦਵਾਨ ਸਿੰਘ ਸੋਨੀ**
**ਸੰਪਰਕ: 98143-48697**

ਮਨੁੱਖ ਦੇ ਵਿਕਾਸ ਸਬੰਧੀ ਖੋਜ ਦਾ ਆਰੰਭ ਇੱਕ ਡੱਚ ਸਰੀਰ-ਵਿਗਿਆਨੀ ਯੂਜੀਨ ਡੂਬਵਾ ਦੇ ਇਸ ਦ੍ਰਿੜ੍ਹ ਵਿਸ਼ਵਾਸ ਤੋਂ ਹੋਇਆ ਕਿ ਡਾਰਵਿਨ ਦਾ ਸਿਧਾਂਤ ਮਨੁੱਖੀ ਵਿਕਾਸ 'ਤੇ ਲਾਗੂ ਹੋ ਸਕਦਾ ਹੈ। ਉਸ ਨੇ ਜੀਓਲੋਜੀ ਦਾ ਅਧਿਐਨ ਵੀ ਕੀਤਾ। ਉਹ ਸਦਾ ਇਸ ਮੌਕੇ ਦੀ ਭਾਲ 'ਚ ਰਹਿੰਦਾ ਕਿ ਕਿਸੇ ਅਜਿਹੇ ਇਲਾਕੇ ਵਿੱਚ ਜਾਇਆ ਜਾਵੇ ਜਿੱਥੋਂ ਆਦਿ-ਮਾਨਵ ਦੇ ਪਥਰਾਟ ਮਿਲ ਸਕਣ। ਉਸ ਨੂੰ ਇਹ ਵੀ ਯਕੀਨ ਸੀ ਕਿ ਤਪਤ-ਖੰਡੀ ਇਲਾਕੇ ਵਿੱਚ ਮਨੁੱਖੀ ਵਿਕਾਸ ਦੇ ਸਬੂਤ ਮਿਲ ਸਕਦੇ ਹਨ। ਸੰਨ 1889 ਵਿੱਚ ਉਸ ਨੂੰ ਡੱਚ ਫ਼ੌਜ ਵਿੱਚ ਨੌਕਰੀ ਮਿਲ ਗਈ। ਉਹ ਪ੍ਰੋਫੈਸਰੀ ਛੱਡ ਕੇ ਮਿਲਟਰੀ ਸਰਜਨ ਬਣ ਗਿਆ ਤੇ ਡੱਚ ਈਸਟ ਇੰਡੀਜ਼ (ਅਜੋਕਾ ਇੰਡੋਨੇਸ਼ੀਆ) ਵਿੱਚ ਆਪਣੀ ਪਤਨੀ ਤੇ ਛੋਟੀ ਬੱਚੀ ਸਮੇਤ ਨੌਕਰੀ 'ਤੇ ਚਲਾ ਗਿਆ। ਉੱਥੇ ਉਹ ਆਪਣੀਆਂ ਛੁੱਟੀਆਂ ਫੌਸਿਲ ਲੱਭਣ ਵਿੱਚ ਹੀ ਬਿਤਾਉਂਦਾ। ਆਖਰ ਉਸ ਨੇ ਸੰਨ 1891 ਵਿੱਚ ਟ੍ਰਿਨਿਲ ਸਥਾਨ 'ਚੋਂ ਜਾਵਾ ਦੇ ਪੂਰਬੀ ਪਾਸੇ ਸੋਲੋ ਦਰਿਆ ਕੰਢਿਓਂ ਇੱਕ ਆਦਿ-ਮਾਨਵ ਦਾ ਪਥਰਾਟ ਲੱਭ ਲਿਆ, ਜਿਸ ਨੂੰ ਜਾਵਾ ਮੈਨ ਦੇ ਨਾਂ ਨਾਲ ਜਾਣਿਆ ਜਾਂਦਾ ਰਿਹਾ ਹੈ (ਤੇ ਹੁਣ ਇਸਨੂੰ ਹੋਮੋ-ਇਰੈਕਟਸ ਕਹਿੰਦੇ ਹਨ)। ਇਹ ਮਨੁੱਖ ਦੇ ਪਿੱਤਰ 'ਹੋਮੋ-ਇਰੈਕਟਸ' ਬਾਰੇ ਪਹਿਲੀ ਖੋਜ ਸੀ।

ਉਸ ਉਪਰੰਤ ਆਦਿ-ਮਾਨਵ ਦੀ ਖੋਜ ਅਫਰੀਕਾ ਵੱਲ ਤਬਦੀਲ ਹੋ ਗਈ ਕਿਉਂਕਿ ਉੱਥੋਂ ਹੋਮੋ-ਇਰੈਕਟਸ ਦੇ ਪੂਰਵਜਾਂ ਦੇ ਪਥਰਾਟ ਵੀ ਮਿਲਣ ਲੱਗੇ ਸਨ। ਲੜੀਵਾਰ ਦੇਖੀਏ ਤਾਂ ਅਜੇ ਤੱਕ ਸਭ ਤੋਂ ਪੁਰਾਣਾ ਆਦਿ-ਮਾਨਵ ਦਾ ਪਥਰਾਟ ਸੰਨ 2001-02 ਦੌਰਾਨ ਕੇਂਦਰੀ ਅਫਰੀਕਾ ਦੇ ਚਾਡ ਇਲਾਕੇ 'ਚੋਂ ਵਿਗਿਆਨੀਆਂ ਨੂੰ ਮਿਲਿਆ ਹੈ। ਇਸ ਨੂੰ ਸਹੇਲਾਂਥਰੋਪਸ ਚੈਡਿਨਸਿਜ਼ ਦਾ ਨਾਮ ਦਿੱਤਾ ਗਿਆ। ਤਕਰੀਬਨ ਸੱਠ-ਸੱਤਰ ਲੱਖ ਸਾਲ ਪੁਰਾਣਾ ਇਹ ਪਥਰਾਟ ਇੱਕ ਫਰਾਂਸੀਸੀ ਵਿਗਿਆਨੀ ਐਲਨ ਬਿਊਵਿਲੇਨ ਦੀ ਟੀਮ ਨੇ ਖੋਜਿਆ ਸੀ। ਉਸ ਪਥਰਾਟ ਨੂੰ ਤਾਉਮਾਏ ਵੀ ਕਿਹਾ ਗਿਆ, ਜਿਸ ਦਾ ਅਰਥ ਹੁੰਦਾ ਹੈ ਆਸ, ਕਿਉਂਕਿ ਇਸ ਤੋਂ ਮਾਨਵ ਜਾਤੀ ਵੱਲ ਅਗਲੇਰੀ ਵਿਕਾਸ ਲੜੀ ਦੇ ਬਣਾਉਣ ਦੀ ਆਸ ਬੱਝੀ ਸੀ। ਇਸ ਦੀ ਖੋਪੜੀ ਦਾ ਘਣਫਲ ਕਰੀਬ 350 ਮਿਲੀਲਿਟਰ ਬਣਿਆ। ਅਜੋਕੇ ਮਨੁੱਖ ਦੀ ਖੋਪੜੀ ਦਾ ਆਕਾਰ ਔਸਤਨ 1350 ਮਿਲੀਲਿਟਰ ਹੁੰਦਾ ਹੈ। ਇਸ ਦੇ ਸੂਆ ਦੰਦਾਂ ਦਾ ਅਕਾਰ ਚਿੰਪੈਂਜ਼ੀ ਦੇ ਦੰਦਾਂ ਨਾਲੋਂ ਛੋਟਾ ਹੋ ਗਿਆ ਸੀ ਤੇ ਸ਼ਾਇਦ ਇਹ ਦੋ ਲੱਤਾਂ 'ਤੇ ਹੀ ਟੁਰਦਾ ਸੀ। ਇਹ ਜਾਤੀ ਆਦਿ-ਮਾਨਵ ਅਤੇ ਚਿੰਪੈਂਜ਼ੀਆਂ ਦੇ ਸਾਂਝੇ ਪਿੱਤਰ 'ਚੋਂ ਆਈ ਸੀ। ਇਸ ਆਰੰਭਿਕ ਆਦਿ-ਮਾਨਵ ਤੋਂ ਬਾਅਦ ਅਜੋਕਾ ਮਨੁੱਖ 2,30,000 ਪੀੜ੍ਹੀਆਂ ਤੋਂ ਬਾਅਦ ਉਪਜਿਆ। ਜਿੱਥੋਂ ਇਹ ਪਥਰਾਟ ਮਿਲਿਆ ਸੀ, ਉੱਥੋਂ ਵੱਡੇ ਵੱਡੇ ਹਾਥੀਆਂ, ਸ਼ੇਰਾਂ ਚੀਤਿਆਂ ਆਦਿ ਦੇ ਪਥਰਾਟ ਵੀ ਮਿਲੇ। ਇਉਂ ਇਹ ਜੀਵ ਵੱਡੇ ਖ਼ਤਰਿਆਂ ਵਿੱਚ ਡਰ ਡਰ ਕੇ ਜਿਉਂਦਾ ਰਿਹਾ। ਉਸ ਵੇਲੇ ਦੇ ਅਜਿਹੇ ਹੀ ਕਿਸੇ ਜੀਵ ਵਿੱਚੋਂ ਇੱਕ ਸ਼ਾਖਾ ਅਸਟਰਾਲੋਪਿਥੀਕਸ ਵੱਲ ਟੁਰ ਪਈ ਸੀ, ਜੋ ਕਿ ਅਫਰੀਕਾ ਵਿੱਚ ਹੋਇਆ ਮਨੁੱਖ ਦਾ ਮਹਾਂ ਪਿੱਤਰ ਸੀ।

ਮਾਨਵੀ ਵਿਕਾਸ ਦੀ ਲੜੀ ਵਿੱਚ ਅਗਲਾ ਅਹਿਮ ਸਥਾਨ ਆਰਡੀਪਿਥੀਕਸ ਰਾਮੀਦਸ ਦਾ ਹੈ। ਸਾਲ 1994 'ਚ ਇਸ ਦਾ ਪਥਰਾਟ ਇਥੋਪੀਆ 'ਚੋਂ ਅਮਰੀਕੀ ਵਿਗਿਆਨੀ ਟਿਮ ਵ੍ਹਾਇਟ ਨੇ ਲੱਭਿਆ। ਇਹ ਜੀਵ ਕੋਈ 44 ਲੱਖ ਸਾਲ ਪਹਿਲਾਂ ਹੋਣ ਦਾ ਅੰਦਾਜ਼ਾ ਲਗਾਇਆ ਗਿਆ। ਇਸ ਦਾ ਕੱਦ ਮਸਾਂ 4 ਫੁੱਟ ਦੇ ਕਰੀਬ ਸੀ। ਇਹ ਧਰਤੀ ਉੱਪਰ ਦੋ ਪੈਰਾਂ 'ਤੇ ਤੁਰਦਾ ਸੀ, ਪਰ ਅਸਟਰਾਲੋਪਿਥੀਕਸ ਵਾਂਗ ਪੂਰੀ ਤਰ੍ਹਾਂ ਨਹੀਂ (ਜੋ ਇਸ ਜੀਵ ਤੋਂ ਪਿੱਛੋਂ ਹੋਂਦ ਵਿੱਚ ਆਇਆ ਸੀ)।

ਇਹ ਉਨ੍ਹਾਂ ਸਮਿਆਂ ਦੀ ਗੱਲ ਹੈ ਜਦੋਂ ਸਾਡੇ ਭਾਰਤ ਦੇ ਉੱਤਰ-ਪੱਛਮੀ ਇਲਾਕੇ ਵਿੱਚ ਹਿਮਾਲਿਆ ਪਰਬਤ ਅਜੇ ਨੀਵਾਂ ਹੀ ਸੀ ਤੇ ਸ਼ਿਵਾਲਿਕ ਪਹਾੜੀਆਂ ਦੇ ਅਖੀਰਲੇ ਪੂਰ ਨੇ ਅਜੇ ਧਰਤੀ 'ਚੋਂ ਉੱਪਰ ਉੱਠਣਾ ਸੀ। ਇੱਥੇ ਤਾਂ ਸਭ ਪਾਸੇ ਸੰਘਣੇ ਜੰਗਲ ਜਾਂ ਘਾਹ ਦੇ ਵਿਸ਼ਾਲ ਮੈਦਾਨ ਸਨ, ਜਿਨ੍ਹਾਂ ਵਿੱਚ ਵੱਡੇ ਵੱਡੇ ਸਟੀਗਡਾਨ ਹਾਥੀਆਂ ਦੇ ਅਨੇਕਾਂ ਝੁੰਡ ਫਿਰਦੇ ਸਨ, ਛੋਟੀ ਗਰਦਨ ਵਾਲੇ ਸਿਵਾਥਿਰੀਅਮ ਨਾਮੀ ਜਿਰਾਫ਼, ਵੱਡ-ਆਕਾਰੀ ਸੂਰ ਅਤੇ ਅਗਿਆਤ ਦਰਿਆਵਾਂ ਕਿਨਾਰੇ ਫਿਰਦੇ ਦਰਿਆਈ ਘੋੜੇ ਆਦਿ ਵੱਡੀ ਗਿਣਤੀ ਵਿੱਚ ਮੌਜੂਦ ਸਨ। ਮਨੁੱਖ ਦਾ ਪਿੱਤਰ ਤਾਂ ਅਜੇ ਅਫਰੀਕਾ ਵਿੱਚ ਉਪਜ ਕੇ ਅੱਗੋਂ ਵਿਗਸ ਰਿਹਾ ਸੀ।

ਹੋਮੀਨਿਡ (ਮਾਨਵ ਰੂਪੀ) ਵਿਕਾਸ ਲੜੀ ਵਿੱਚ ਫਿਰ ਅਸਟਰਾਲੋਪਿਥੀਕਸ ਐਨਾਮੈਂਸਿਜ਼ ਦਾ ਨਾਮ ਆਉਂਦਾ ਹੈ ਜਿਸ ਦੇ ਸਾਲ 1988 ਤੋਂ 1994 ਤੱਕ ਅਨੇਕਾਂ ਪਥਰਾਟ ਪ੍ਰਸਿੱਧ ਖੋਜੀ ਐੱਲ.ਐੱਸ.ਬੀ. ਲੀਕੀ ਨੇ ਅਫਰੀਕੀ ਮੁਲਕ ਕੀਨੀਆ ਵਿੱਚੋਂ ਲੱਭੇ। ਇਹ ਜੀਵ ਜਾਤੀ ਤਕਰੀਬਨ 42 ਲੱਖ ਤੋਂ 39 ਲੱਖ ਸਾਲ ਪਹਿਲਾਂ ਹੋ ਗੁਜ਼ਰੀ ਹੈ। ਇਹ ਜੀਵ ਵੀ ਦੋ ਪੈਰਾਂ 'ਤੇ ਤੁਰਦਾ ਸੀ। ਇਸ ਦਾ ਪੱਕਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਪਥਰਾਟਾਂ ਤੋਂ ਮਿਲੀ ਇਸ ਦੀ ਡੌਲਾ ਹੱਡੀ ਬਿਲਕੁਲ ਮਨੁੱਖ ਨਾਲ ਮਿਲਦੀ ਹੈ, ਪਰ ਇਸ ਦੇ ਦੰਦ ਤੇ ਜਬਾੜੇ ਪਹਿਲਾਂ ਹੋ ਚੁੱਕੇ ਏਪਸ ਨਾਲ ਹੀ ਮਿਲਦੇ ਸਨ। ਉਂਜ, ਇਸ ਦੀ ਸਰੀਰਕ ਬਣਤਰ ਵਿੱਚ ਅਗਲੇਰੀਆਂ ਕਿਸਮਾਂ ਦੀਆਂ ਨਿਸ਼ਾਨੀਆਂ ਪ੍ਰਗਟ ਹੋ ਗਈਆਂ ਸਨ।

ਕੋਈ 39 ਲੱਖ ਸਾਲ ਤੋਂ 30 ਲੱਖ ਸਾਲ ਪਹਿਲਾਂ ਏਪਨੁਮਾ ਅਸਟਰਾਲੋਪਿਥੀਕਸ ਐਫਾਰੈਂਸਿਸ ਹੋ ਗੁਜ਼ਰਿਆ ਹੈ ਜਿਸ ਦਾ ਮੱਥਾ ਨੀਵਾਂ ਸੀ ਤੇ ਅੱਖਾਂ ਤੇ ਉਭਾਰ ਸਮੇਤ ਉਸ ਦਾ ਨੱਕ ਬਹੁਤ ਫੀਨਾ ਸੀ। ਉਸ ਦੀ ਖੋਪੜੀ ਚਿੰਪੈਂਜ਼ੀ ਵਰਗੀ ਅਤੇ ਦੰਦ ਅਜੋਕੇ ਮਨੁੱਖ ਵਰਗੇ ਸਨ। ਪਥਰਾਟਾਂ ਤੋਂ ਪ੍ਰਾਪਤ ਉਸ ਦੇ ਦਿਮਾਗ਼ ਦਾ ਆਕਾਰ 375 ਤੋਂ 550 ਮਿਲੀਲਿਟਰ ਤੱਕ ਮਿਣਿਆ ਗਿਆ ਹੈ। ਉਸ ਦਾ ਕੱਦ ਸਾਢੇ ਤਿੰਨ ਤੋਂ ਪੰਜ ਫੁੱਟ ਤੱਕ ਹੋਣ ਦਾ ਅੰਦਾਜ਼ਾ ਹੈ। ਇਸ ਦੇ ਪਥਰਾਟ ਪੂਰਬੀ ਅਫਰੀਕਾ ਤੋਂ ਇਲਾਵਾ ਜਰਮਨੀ ਵਿੱਚੋਂ ਵੀ ਮਿਲੇ ਹਨ। ਇਸੇ ਜਾਤੀ ਦੀ ਇੱਕ ਮਾਦਾ ਦਾ ਇੱਕ ਬਹੁਤ ਮਹੱਤਵਪੂਰਨ ਪਿੰਜਰ ਪਥਰਾਟ ਡੋਨਲਡ ਜੌਹਨਸਨ ਦੀ ਟੀਮ ਨੂੰ ਇਥੋਪੀਆ ਦੇ ਅਫਾਰ ਖੇਤਰ 'ਚੋਂ ਮਿਲਿਆ, ਜੋ ਲੂਸੀ ਦੇ ਨਾਂ ਨਾਲ ਪ੍ਰਸਿੱਧ ਹੋਇਆ।ਸਹੇਲਾਂਥਰੋਪਸ ਮਿਲਣ ਤੋਂ ਪਹਿਲਾਂ ਇਸੇ ਜਾਤੀ ਨੂੰ ਮੁੱਢਲਾ ਆਦਿ-ਮਾਨਵ ਮੰਨਿਆ ਜਾਂਦਾ ਸੀ। ਸੋ ਅਜੇ ਤੱਕ ਸਹੇਲਾਂਥਰੋਪਸ ਚੈਡਿਨਸਿਜ਼ ਤੋਂ ਹੀ ਹੋਮੀਨਿਡਾਂ ਦਾ ਆਗਾਜ਼ ਹੋਇਆ ਸਮਝਿਆ ਜਾਂਦਾ ਹੈ।

ਅਸਟਰਾਲੋਪਿਥੀਕਸ ਅਫਰੀਕਨਸ 20 ਤੋਂ 30 ਲੱਖ ਸਾਲ ਪਹਿਲਾਂ ਦੱਖਣੀ ਅਫਰੀਕਾ ਵਿੱਚ ਵਿਚਰਦਾ ਰਿਹਾ। ਪਹਿਲਾਂ ਸਾਲ 1925 ਵਿੱਚ ਜੋਹਾਨਸਬਰਗ ਦੀ ਯੂਨੀਵਰਸਿਟੀ ਵਿੱਚ ਕੰਮ ਕਰਦੇ ਆਸਟਰੇਲੀਆਈ ਮੂਲ ਦੇ ਪ੍ਰੋ. ਰੇਮੰਡ ਡਾਰਟ ਨੇ ਤਾਉਂਗ ਨੇੜਿਉਂ ਇਸ ਦੀ ਬੱਚਾ ਖੋਪੜੀ ਦਾ ਪਥਰਾਟ ਲੱਭਿਆ। ਇਸ ਨੂੰ ਤਾਉਂਗ ਬੱਚਾ ਵੀ ਕਿਹਾ ਜਾਂਦਾ ਹੈ। ਇਸ ਜਾਤੀ ਦਾ ਨਾਮ ਡਾਰਟ ਨੇ ਅਸਟਰਾਲੋਪਿਥੀਕਸ ਅਫਰੀਕਨਸ ਰੱਖਿਆ। ਇਸ ਤੋਂ ਭਾਵ ਹੈ ਅਫਰੀਕਾ ਦਾ ਦੱਖਣੀ ਏਪ। ਇਸ ਦੇ ਪ੍ਰੋੜ੍ਹ ਰੂਪ ਦੇ ਪਥਰਾਟ ਸਾਲ 1947 ਵਿੱਚ ਜੀ ਡਬਲਯੂ ਬੈਰਲੋ ਤੇ ਜੌਹਨ ਰੌਬਿਨਸਨ ਨੂੰ ਲੱਭੇ। ਇਹ ਵੀ ਦੋ ਪੈਰਾਂ ਨਾਲ ਚੱਲਣ ਵਾਲਾ ਆਦਿ-ਮਾਨਵ ਸੀ। ਇਸ ਦਾ ਦਿਮਾਗ਼ੀ ਆਕਾਰ 420 ਤੋਂ 500 ਮਿਲੀਲਿਟਰ ਦੇ ਵਿੱਚ ਵਿਚਾਲੇ ਸੀ, ਪਰ ਬੋਲ ਸਕਣ ਦੇ ਸਮਰੱਥ ਦਿਮਾਗ਼ੀ ਆਕਾਰ ਨਾਲੋਂ ਛੋਟਾ ਸੀ। ਇਸ ਦੇ ਸੂਆ ਦੰਦ ਐਫਾਰੈਂਸਿਸ ਦੇ ਸੂਆ ਦੰਦਾਂ ਨਾਲੋਂ ਛੋਟੇ ਹੋ ਗਏ ਸਨ। ਇਸ ਦੇ ਦੰਦ ਤੇ ਜਬਾੜੇ ਅਜੋਕੇ ਮਨੁੱਖ ਨਾਲ ਮਿਲਦੇ ਸਨ, ਪਰ ਕਾਫ਼ੀ ਵੱਡੇ ਸਨ।

ਅੱਜ ਤੋਂ 25 ਕੁ ਲੱਖ ਸਾਲ ਪਹਿਲਾਂ ਹੋਏ ਅਸਟਰਾਲੋਪਿਥੀਕਸ ਗਾਰੀ ਦੇ ਪਥਰਾਟ 1996 ਵਿੱਚ ਇਥੋਪੀਆ ਵਿੱਚੋਂ ਮਿਲੇ। ਗਾਰੀ ਸ਼ਬਦ ਦਾ ਅਰਥ ਹੈ ਹੈਰਾਨ ਕਰਨ ਵਾਲਾ ਕਿਉਂਕਿ ਉਦੋਂ ਇਸ ਖੋਜ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਇਸ ਦੇ ਦੰਦਾਂ ਦਾ ਆਕਾਰ ਬਹੁਤ ਵੱਡਾ ਸੀ।

ਅਸਟਰਾਲੋਪਿਥੀਕਸ ਸੈਦੀਬਾ ਨਾਮਕ ਆਦਿ-ਮਾਨਵ ਦਾ ਪਥਰਾਟ 2008 'ਚ ਦੱਖਣੀ ਅਫਰੀਕਾ ਦੇ ਮਲਾਪਾ ਸਥਾਨ ਤੋਂ ਮਿਲਿਆ। ਇਹ 18 ਤੋਂ 20 ਲੱਖ ਸਾਲ ਪਹਿਲਾਂ ਹੋਈ ਮਾਦਾ ਦਾ ਪਥਰਾਟ ਸੀ। ਇਸ ਦੇ ਨਾਲ ਇੱਕ ਮੁੰਡੇ ਦੀ ਖੋਪੜੀ ਮਿਲੀ ਜਿਸ ਦਾ ਦਿਮਾਗ਼ੀ ਆਕਾਰ 430 ਮਿਲੀਲਿਟਰ ਤੇ ਕੱਦ ਲਗਭਗ 4 ਫੁੱਟ 3 ਇੰਚ ਸੀ। ਇਹ ਜੀਵ ਅਸਟਰਾਲੋਪਿਥੀਸੀਨ ਤੇ ਹੋਮੋ (ਮਾਨਵੀ) ਵਿਚਾਲੇ ਇੱਕ ਕੜੀ ਵਜੋਂ ਜਾਪਦਾ ਸੀ ਤੇ ਹੋਮੋ ਦੇ ਵਧੇਰੇ ਨੇੜੇ ਹੋਣ ਕਰਕੇ ਹੋਮੋ-ਇਰੈਕਟਸ ਦਾ ਕੋਈ ਵਡੇਰਾ ਹੋ ਸਕਦਾ ਸੀ।

ਅਸਟਰਾਲੋਪਿਥੀਕਸ ਰੋਬਸਟਸ ਨਾਮਕ ਵੱਡੇ ਜਬਾੜੇ ਵਾਲਾ ਆਦਿ-ਮਾਨਵ 12 ਤੋਂ 20 ਲੱਖ ਸਾਲ ਪਹਿਲਾਂ ਦੱਖਣੀ ਅਫਰੀਕਾ 'ਚ ਵਿਚਰਦਾ ਰਿਹਾ ਹੈ।ਪਹਿਲਾਂ 1938 ਵਿੱਚ ਇਸ ਦੇ ਪਥਰਾਟ ਮਿਲੇ ਅਤੇ ਫਿਰ ਹੋਰ ਪਥਰਾਟ ਦੱਖਣੀ ਅਫਰੀਕਾ 'ਚ ਕਈ ਥਾਵਾਂ ਤੋਂ ਮਿਲਦੇ ਰਹੇ। ਸਵਾਰਟਕਰੈਨਜ਼ ਦੀ ਇੱਕ ਗੁਫ਼ਾ 'ਚੋਂ ਕੋਈ 130 ਪਥਰਾਟ ਅੰਸ਼ ਮਿਲੇ। ਐਂਥਰੋਪੋਲੋਜਿਸਟ ਰੌਬਰਟ ਬਰੂਮ ਨੇ ਇਸ ਸਪੀਸ਼ੀ ਦਾ ਨਾਮ ਪੈਰੈਂਥਰੋਪਸ ਰੋਬਸਟਸ ਰੱਖਿਆ। ਇਉਂ ਇਹ ਕਿਸਮ ਦੋਵੇਂ ਨਾਵਾਂ ਨਾਲ ਜਾਣੀ ਜਾਂਦੀ ਹੈ। ਇਸ ਦਾ ਦਿਮਾਗ਼ੀ ਆਕਾਰ ਤਕਰੀਬਨ 540 ਮਿਲੀਲਿਟਰ ਸੀ। ਭਾਰੀ ਭਰਕਮ ਜਬਾੜੇ ਤੇ ਵੱਡੇ ਦੰਦਾਂ ਕਾਰਨ ਇਸ ਨੂੰ ਰੋਬਸਟਸ ਕਿਹਾ ਗਿਆ। ਉਦੋਂ ਹੀ ਜਿੰਜਾਂਥਰੋਪਸ ਬੋਇਸੀ ਵੀ ਹੋਇਆ ਜਿਸਦਾ ਰੂਪ ਰੋਬਸਟਸ ਵਰਗਾ, ਪਰ ਸਰੀਰ ਉਸ ਤੋਂ ਕੁਝ ਭਾਰਾ ਸੀ। ਫਿਰ ਪੱਥਰ ਦੇ ਸੰਦ ਵਰਤਣ ਵਾਲਾ ਆਦਿ-ਮਾਨਵ ਹੋਮੋ ਹੈਬਿਲਿਸ ਹੋਇਆ। ਇਹ 24 ਤੋਂ 15 ਲੱਖ ਵਰ੍ਹੇ ਪਹਿਲਾਂ ਤੱਕ ਅਫਰੀਕਾ ਦੇ ਜੰਗਲਾਂ ਵਿੱਚ ਰਹਿੰਦਾ ਸੀ। ਇਸ ਦਾ ਖ਼ਾਸ ਪਥਰਾਟ 1960 ਵਿੱਚ ਤਨਜ਼ਾਨੀਆ ਦੀ ਓਲਡ-ਵਾਏ ਜੌਰਜ 'ਚੋਂ ਮਿਲਿਆ। ਇਸ ਦੇ ਦਿਮਾਗ਼ ਦਾ ਆਕਾਰ 550 ਤੋਂ 800 ਮਿਲੀਲਿਟਰ ਤੱਕ ਤੇ ਕੱਦ ਲਗਭਗ 5 ਫੁੱਟ ਸੀ ਅਤੇ ਦਿਮਾਗ਼ ਦੀ ਬਣਾਵਟ ਮਨੁੱਖੀ ਦਿਮਾਗ਼ ਵਰਗੀ ਸੀ।

ਅਫਰੀਕਾ ਤੋਂ ਬਾਹਰ ਨਿਕਲ ਕੇ ਪੂਰਬੀ ਯੂਰਪ ਵਿੱਚ ਜਾਰਜੀਆ ਦੇ ਦਮਾਨਿਸੀ ਕੋਲੋਂ ਸਾਲ 2002 ਵਿੱਚ 18 ਲੱਖ ਸਾਲ ਪੁਰਾਣੀਆਂ ਤਿੰਨ ਖੋਪੜੀਆਂ ਤੇ ਏਨੇ ਹੀ ਹੇਠਲੇ ਜਬਾੜਿਆਂ ਦੇ ਅੰਸ਼ ਮਿਲੇ। ਇਨ੍ਹਾਂ ਦੇ ਦਿਮਾਗ਼ ਦਾ ਆਕਾਰ ਦਾ ਅੰਦਾਜ਼ਨ 600 ਤੋਂ 780 ਮਿਲੀਲਿਟਰ ਤੱਕ ਬਣਦਾ ਸੀ। ਪੈਰ ਦੀ ਹੱਡੀ ਤੋਂ ਅਨੁਮਾਨਿਤ ਇਸ ਹੋਮੋ ਦਾ ਕੱਦ 4 ਫੁੱਟ 11 ਇੰਚ ਤੱਕ ਦੇ ਲਗਭਗ ਬਣਦਾ ਸੀ ਤੇ ਹੋਮੋ-ਜਾਰਜੀਕਸ ਨਾਮਕ ਇਹ ਸਪੀਸ਼ੀ ਹੋਮੋ ਹੈਬਿਲਿਸ ਤੇ ਹੋਮੋ ਇਰੈਕਟਸ ਦੇ ਵਿਚਲਾ ਪੜਾਅ ਸੀ।

ਅਠਾਰਾਂ ਲੱਖ ਸਾਲ ਤੋਂ ਲੈ ਕੇ ਤਕਰੀਬਨ ਤੀਹ ਹਜ਼ਾਰ ਸਾਲ ਪਹਿਲਾਂ ਤੱਕ ਇਸ ਧਰਤੀ 'ਤੇ ਹੋਮੋ-ਇਰੈਕਟਸ ਵਿਚਰਦਾ ਰਿਹਾ ਹੈ। ਹੋਮੋ-ਇਰੈਕਟਸ ਦਾ ਅਰਥ ਹੈ ਸਿੱਧਾ ਖੜੋ ਸਕਣ ਵਾਲਾ ਮਾਨਵ। ਹੋਮੋ-ਹੈਬਿਲਿਸ ਵਾਂਗ ਇਸ ਦੇ ਜਬਾੜੇ ਵੀ ਉੱਭਰੇ ਹੁੰਦੇ ਸਨ ਤੇ ਇਸ ਦੇ ਭਰਵੱਟੇ ਵੀ ਰਿੱਜ ਜਾਂ ਵੱਟ ਵਾਂਗ ਉਤਾਂਹ ਉੱਠੇ ਹੋਏ ਸਨ, ਪਰ ਇਸ ਦੀ ਠੋਡੀ ਗਾਇਬ ਸੀ। ਸਮੇਂ ਨਾਲ ਇਸ ਦੇ ਦਿਮਾਗ਼ ਦਾ ਆਕਾਰ 750 ਤੋਂ 1225 ਮਿਲੀਲਿਟਰ ਤੱਕ ਪੁੱਜ ਗਿਆ।ਇਸ ਦਾ ਪਿੰਜਰ ਅਜੋਕੇ ਮਨੁੱਖ ਨਾਲੋਂ ਵਧੇਰੇ ਮਜ਼ਬੂਤ ਸੀ। ਸਾਰੇ ਅਸਟਰਾਲੋਪਿਥੀਕਸ ਤੇ ਹੋਮੋ ਹੈਬਿਲਿਸ ਦੇ ਪਥਰਾਟ ਸਿਰਫ਼ ਅਫਰੀਕਾ ਵਿੱਚੋਂ ਮਿਲੇ ਹਨ, ਪਰ ਹੋਮੋ-ਇਰੈਕਟਸ ਦੇ ਅਵਸ਼ੇਸ਼ ਅਫਰੀਕਾ ਤੋਂ ਇਲਾਵਾ ਏਸ਼ੀਆ ਤੇ ਯੂਰਪ ਦੇ ਕਈ ਹੋਰ ਸਥਾਨਾਂ ਤੋਂ ਵੀ ਮਿਲੇ ਹਨ, ਭਾਵ ਕਿ ਇਹ ਤੁਰਨ ਭੱਜਣ ਕਰਕੇ ਦੂਰ ਦੁਰਾਡੇ ਤੱਕ ਚਲਾ ਗਿਆ, ਜਿਵੇਂ ਡਾ. ਡੂਬਵਾ ਨੂੰ ਜਾਵਾ ਤੋਂ ਹੋਮੋ-ਇਰੈਕਟਸ ਦਾ ਪਥਰਾਟ ਮਿਲਿਆ ਸੀ। ਪੀਕਿੰਗ ਮੈਨ (ਹੋਮੋ-ਇਰੈਕਟਸ ਪੀਕਿਨੈਂਸਿਜ਼) ਦਾ ਪਥਰਾਟ ਪੀਕਿੰਗ ਕੋਲ 1923-27 ਦੀ ਖ਼ੁਦਾਈ ਸਮੇਂ ਮਿਲਿਆ। ਇਹ ਤਕਰੀਬਨ 7-8 ਲੱਖ ਸਾਲ ਪੁਰਾਣਾ ਸੀ। ਫਿਰ ਸਾਲ 1927 ਤੋਂ 1937 ਤੱਕ ਚੀਨ ਵਿੱਚ ਇਸ ਦੇ ਕੋਈ 26 ਪਥਰਾਟ ਨਮੂਨੇ ਮਿਲੇ ਸਨ ਜੋ 3 ਤੋਂ 5 ਲੱਖ ਸਾਲ ਤੱਕ ਪੁਰਾਣੇ ਮਾਪੇ ਗਏ। ਕੀਨੀਆ ਦੀ ਝੀਲ ਟਰਕਾਨਾ ਕੋਲੋਂ ਰਿਚਰਡ ਲੀਕੀ ਨੇ 1984 ਵਿੱਚ 11-12 ਸਾਲ ਉਮਰ ਵਾਲੇ ਹੋਮੋ-ਇਰੈਕਟਸ ਮੁੰਡੇ ਦਾ ਪਥਰਾਟ ਪਿੰਜਰ ਲੱਭਿਆ ਜਿਸ ਨੂੰ ਟਰਕਾਨਾ ਬੋਇ ਦਾ ਨਾਮ ਦਿੱਤਾ ਗਿਆ। ਇਸ ਨੂੰ ਕਈ ਵਿਗਿਆਨੀ ਹੋਮੋ-ਐਰਗੇਸਟਰ ਵੀ ਕਹਿੰਦੇ ਹਨ। ਇਸ ਦਾ ਕੱਦ ਸਵਾ ਤੋਂ ਸਾਢੇ ਪੰਜ ਫੁੱਟ ਦੇ ਵਿੱਚ ਸੀ। ਇਸ ਗੱਲ ਦੇ ਸਬੂਤ ਵੀ ਮਿਲੇ ਹਨ ਕਿ ਇਹ ਜੀਵ ਅੱਗ ਦੀ ਵਰਤੋਂ ਕਰਦਾ ਸੀ।ਇਸ ਜੀਵ ਦੁਆਰਾ ਬਣਾਏ ਗਏ ਪੱਥਰ ਦੇ ਸੰਦ ਵੀ ਹੋਮੋ-ਹੇਬਿਲਿਸ ਦੇ ਸੰਦਾਂ ਨਾਲੋਂ ਵਧੇਰੇ ਵਿਕਸਿਤ ਸਨ।

ਸਾਲ 1997 ਵਿੱਚ ਵਿਗਿਆਨੀਆਂ ਨੂੰ ਸਪੇਨ ਦੀ ਇੱਕ ਗੁਫ਼ਾ 'ਚੋਂ ਮਿਲਿਆ 7,80,000 ਸਾਲ ਪੁਰਾਣਾ ਹੋਮੋ-ਐਂਟੇਸੈਸਰ ਦਾ ਪਥਰਾਟ ਯੂਰਪ 'ਚ ਮਿਲੇ ਸਭ ਤੋਂ ਪੁਰਾਣੇ ਆਦਿ-ਮਾਨਵ ਦਾ ਪਥਰਾਟ ਸੀ। ਇਸ ਦੇ ਦੰਦ ਵਧੇਰੇ ਆਧੁਨਿਕ ਜਾਪਦੇ ਸਨ, ਪਰ ਮੱਥਾ ਅਤੇ ਭਰਵੱਟਿਆਂ ਦੀਆਂ ਵੱਟਾਂ ਪੁਰਾਣੀ ਕਿਸਮ ਦੀਆਂ ਹੀ ਸਨ।

ਜਰਮਨੀ ਦੇ ਹਾਈਡਲਬਰਗ ਨੇੜਿਓਂ 1907 'ਚ ਮਨੁੱਖ ਵਰਗਾ ਇੱਕ ਜਬਾੜਾ ਮਿਲਿਆ। ਉਸ ਦੇ ਦੰਦ ਤਾਂ ਮਨੁੱਖ ਵਰਗੇ ਸਨ, ਪਰ ਜਬਾੜਾ ਬਹੁਤ ਭਾਰਾ ਤੇ ਵੱਡਾ ਸੀ। ਇਸ ਦਾ ਨਾਮ ਹੋਮੋ-ਹਾਈਡਲਬਰਗੈਂਸਿਜ਼ ਰੱਖਿਆ ਗਿਆ। ਇਹ 3 ਤੋਂ 6 ਲੱਖ ਸਾਲ ਪਹਿਲਾਂ ਤੱਕ ਕਾਇਮ ਰਹੀ। ਇਸ ਦੇ ਕਈ ਪਥਰਾਟ ਹੋਰਨਾਂ ਥਾਵਾਂ ਤੋਂ ਵੀ ਮਿਲੇ। ਫਰਾਂਸ ਦੀਆਂ ਅਰਾਗੋ ਗੁਫ਼ਾਵਾਂ 'ਚੋਂ ਸਾਲ 1964 ਤੋਂ ਕਈ ਖੋਪੜੀਆਂ ਤੇ ਜਬਾੜਿਆਂ ਦੇ ਟੁਕੜੇ ਮਿਲ ਚੁੱਕੇ ਹਨ ਜਿਨ੍ਹਾਂ ਦੀ ਉਮਰ ਢਾਈ ਤੋਂ ਚਾਰ ਲੱਖ ਸਾਲ ਤੱਕ ਨਿਰਧਾਰਿਤ ਕੀਤੀ ਗਈ ਹੈ। ਇਸ ਦੇ ਸਭ ਤੋਂ ਪੁਰਾਣੇ ਛੇ ਜਣਿਆਂ ਦੇ ਪਥਰਾਟ ਸਪੇਨ ਵਿੱਚੋਂ ਮਿਲੇ ਜੋ 8 ਤੋਂ 10 ਲੱਖ ਸਾਲ ਤੱਕ ਪੁਰਾਣੇ ਹਨ। ਇੰਗਲੈਂਡ ਦੇ ਸਵੈਨਸਕੋਂਬ ਤੇ ਜਰਮਨੀ ਦੇ ਸਟੀਨਹੀਮ ਤੋਂ ਇਲਾਵਾ ਭਾਰਤ ਦੀ ਨਰਮਦਾ ਘਾਟੀ 'ਚੋਂ ਵੀ ਇਸ ਦੀ ਸਕੱਲ ਕੈਪ ਮਿਲੀ ਹੈ। ਇਸੇ ਜਾਤੀ ਤੋਂ ਅਫਰੀਕਾ ਵਿੱਚ ਆਰਕਾਇਕ ਹੋਮੋ-ਸੇਪੀਅਨਜ਼ (ਜਾਂ ਪੁਰਾਤਨ ਸਿਆਣਾ ਮਨੁੱਖ) ਵਿਕਸਿਤ ਹੋਇਆ ਸੀ ਜਾਂ ਇਹ ਵੀ ਸ਼ਾਇਦ ਉਹੋ ਰੂਪ ਸੀ।

ਹੋਮੋਸੇਪੀਅਨਜ਼ ਨਿਐਂਡਰਥਲੈਂਸਿਸ' ਜਾਂ ਨਿਐਂਡਰਥਲ ਮਾਨਵ 2,3000 ਸਾਲ ਤੋਂ ਲੈ ਕੇ ਕੋਈ 30,000 ਸਾਲ ਤੱਕ ਰਿਹਾ। ਇਸ ਦੇ ਦਿਮਾਗ਼ ਦਾ ਆਕਾਰ 1450 ਮਿਲੀਲਿਟਰ ਸੀ, ਆਧੁਨਿਕ ਮਨੁੱਖ ਨਾਲੋਂ ਕੁਝ ਵੱਡਾ ਸੀ (ਸ਼ਾਇਦ ਸਰੀਰ ਭਾਰਾ ਹੋਣ ਕਰਕੇ)। ਉਸ ਦਾ ਸਿਰ ਲੰਬਾਤਮਕ ਤੇ ਪਿੱਛੇ ਵੱਲ ਵਧਿਆ ਹੋਇਆ ਸੀ। ਭਰਵੱਟੇ ਉੱਭਰੇ ਹੋਏ ਸਨ ਤੇ ਕੱਦ ਔਸਤਨ 5 ਫੁੱਟ 6 ਇੰਚ ਸੀ। ਹੱਡੀਆਂ ਭਾਰੀਆਂ ਤੇ ਮਾਸਪੇਸ਼ੀਆਂ ਮਜ਼ਬੂਤ ਸਨ। ਪਹਿਲਾਂ ਇਸ ਦੀ ਇੱਕ ਖੋਪੜੀ ਸੰਨ 1848 ਵਿੱਚ ਸਪੇਨ ਤੋਂ ਮਿਲੀ ਸੀ। ਫਿਰ 1856 ਵਿੱਚ ਜਰਮਨੀ ਦੀ ਨਿਐਂਡਰ ਘਾਟੀ ਵਿੱਚੋਂ ਇਸ ਦੇ ਪਿੰਜਰ ਤੇ ਖੋਪੜੀ ਦੇ ਟੁਕੜੇ ਮਿਲੇ। ਇਸ ਪਰਜਾਤੀ ਦੇ ਕਈ ਪਥਰਾਟ ਬਾਅਦ ਵਿੱਚ ਹੋਰਨਾਂ ਥਾਵਾਂ ਤੋਂ ਵੀ ਮਿਲਦੇ ਰਹੇ। ਇਸ ਦਾ ਨਾਮ ਨਿਐਂਡਰਥਲ ਨਾਲ ਹੀ ਚੱਲਦਾ ਰਿਹਾ।ਨਿਐਂਡਰਥਲ ਮਾਨਵ ਸਰਦ ਮੌਸਮਾਂ ਦੌਰਾਨ ਵਿਚਰਿਆ ਤੇ ਠੰਢ ਨੂੰ ਸਹਿੰਦਾ ਰਿਹਾ ਹੈ। ਇਸ ਦੇ ਪਥਰਾਟ ਸਾਰੇ ਯੂਰਪ ਤੇ ਮੱਧ ਪੂਰਬੀ ਦੇਸ਼ਾਂ 'ਚੋਂ ਮਿਲਦੇ ਰਹੇ ਹਨ। ਇਹ ਜੀਵ ਵੀ ਪੱਥਰ ਦੇ ਸੰਦ ਘੜਦਾ ਤੇ ਵਰਤਦਾ ਸੀ।

ਸਾਲ 2003 ਵਿੱਚ ਇੰਡੋਨੇਸ਼ੀਆ ਤੋਂ ਮਨੁੱਖ ਦੀ ਇੱਕ ਨਵੀਂ ਪ੍ਰਜਾਤੀ ਦੀ ਖੋਜ ਹੋਈ। ਲਗਭਗ 3 ਫੁੱਟ 7 ਇੰਚ ਕੱਦ ਵਾਲੀ ਔਰਤ ਦਾ ਅੰਸ਼ਕ ਪਿੰਜਰ ਮਿਲਿਆ ਜਿਸ ਦੇ ਛੋਟੇ ਜਹੇ ਸਿਰ ਵਿੱਚ 416 ਮਿਲੀਲਿਟਰ ਦਾ ਦਿਮਾਗ਼ ਆਕਾਰ ਸੀ। ਬਾਅਦ ਵਿੱਚ ਕਈ ਅਜਿਹੇ ਪਥਰਾਟ ਮਿਲੇ ਤੇ ਇਸ ਪ੍ਰਜਾਤੀ ਨੂੰ 'ਹੋਮੋ-ਫਲੋਰਿਸੈਂਸਿਜ਼' ਦਾ ਨਾਮ ਦਿੱਤਾ ਗਿਆ ਹੈ। ਉਨ੍ਹਾਂ ਕੋਲੋਂ ਛੋਟੇ ਆਕਾਰ ਦੇ 'ਪੱਥਰ ਸੰਦ' ਵੀ ਮਿਲੇ ਤੇ ਇਸ ਪ੍ਰਜਾਤੀ ਦੀ ਉਮਰ 60,000 ਸਾਲ ਤੋਂ ਇੱਕ ਲੱਖ ਸਾਲ ਤੱਕ ਪੁਰਾਣੀ ਜਾਂਚੀ ਗਈ ਹੈ। ਉੱਥੋਂ ਛੋਟੇ ਆਕਾਰ ਦੇ ਹਾਥੀਆਂ ਦੇ ਪਥਰਾਟ ਵੀ ਮਿਲੇ ਹਨ। ਇਸ ਤੋਂ ਇਹ ਜਾਪਦਾ ਹੈ ਕਿ ਉਦੋਂ ਉਨ੍ਹਾਂ ਟਾਪੂਆਂ 'ਤੇ ਸਾਰੇ ਥਣਧਾਰੀ ਛੋਟੇ ਆਕਾਰ ਦੇ ਹੋ ਗਏ ਸਨ। ਇਹ ਪ੍ਰਜਾਤੀ ਹੋਮੋ-ਇਰੈਕਟਸ ਦਾ ਹੀ ਸੁਧਰਿਆ ਰੂਪ ਸੀ। ਸ਼ਾਇਦ ਛੋਟੇ ਟਾਪੂਆਂ 'ਤੇ ਅੱਗੋਂ ਵਿਕਸਿਤ ਹੋਣ ਕਰਕੇ ਥਣਧਾਰੀਆਂ ਦੇ ਆਕਾਰ ਵੀ ਨਹੀਂ ਵਧੇ।

ਸੰਨ 1997 ਵਿੱਚ ਇਥੋਪੀਆ 'ਚੋਂ ਟਿਮ ਵ੍ਹਾਇਟ ਨੂੰ ਕੁਝ ਮਨੁੱਖੀ ਪਥਰਾਟ ਮਿਲੇ ਜਿਨ੍ਹਾਂ ਦੀ ਉਮਰ ਤਕਰੀਬਨ 1,60,000 ਸਾਲ ਮਾਪੀ ਗਈ ਹੈ। ਇਸ ਨੂੰ ਹਰਟੋ ਮੈਨ ਜਾਂ ਹੋਮੋ-ਸੇਪੀਅਨਜ਼ ਇਡਾਲਟੂ ਕਿਹਾ ਗਿਆ। ਅਫਾਰ ਭਾਸ਼ਾ ਦੇ ਸ਼ਬਦ ਇਡਾਲਟੂ ਦਾ ਅਰਥ ਹੈ ਵਡੇਰਾ, ਕਿਉਂਕਿ ਇਹ ਆਧੁਨਿਕ ਮਨੁੱਖ ਦਾ ਵਡੇਰਾ ਸੀ। ਇਹ 'ਹੋਮੋ-ਸੇਪੀਅਨਜ਼' ਦੀ ਇੱਕ ਲੁਪਤ ਹੋ ਚੁੱਕੀ ਉਪ-ਪ੍ਰਜਾਤੀ ਹੈ ਜਿਸ 'ਚੋਂ ਅੱਗੋਂ ਅਜੋਕਾ ਮਨੁੱਖ ਨਿਕਲਿਆ ਜਾਪਦਾ ਹੈ। ਮਿਲੇ ਪਥਰਾਟਾਂ ਵਿੱਚ ਇੱਕ ਪ੍ਰੋੜ੍ਹ ਵਿਅਕਤੀ ਦੀ ਸਾਲਮ ਖੋਪੜੀ ਦਾ ਦਿਮਾਗ਼ੀ ਆਕਾਰ 1450 ਮਿਲੀਲਿਟਰ ਸੀ, ਜੋ ਹਰਟੋ ਬਾਊਰੀ ਦੀ ਜਵਾਲਾਮੁਖੀ ਰਾਖ ਹੇਠੋਂ ਮਿਲਿਆ ਸੀ।

ਹੋਮੋ-ਸੇਪੀਅਨਜ਼ ਸੇਪੀਅਨਜ਼ ਜਾਂ ਸਿਆਣਾ ਸਿਆਣਾ ਮਨੁੱਖ (ਆਧੁਨਿਕ ਮਾਨਵ) ਕਰੀਬ ੧ ਲੱਖ 95 ਹਜ਼ਾਰ ਸਾਲ ਪਹਿਲਾਂ ਅਫ਼ਰੀਕਾ ਵਿੱਚ ਹੀ ਹੋਂਦ ਵਿੱਚ ਆਇਆ। ਦਿਮਾਗ਼ ਦਾ ਆਕਾਰ ਲਗਭਗ 1350 ਮਿਲੀਲਿਟਰ, ਮੱਥਾ ਸਿੱਧਾ ਤੇ ਇਸ ਦੇ ਭਰਵੱਟੇ ਵੀ ਉੱਭਰੇ ਹੋਏ ਨਹੀਂ ਸਨ। ਪਹਿਲਾਂ ਪਹਿਲ ਇਹ ਸਾਦੇ ਘੜੇ ਪੱਥਰ ਦੇ ਸੰਦ ਵਰਤਦਾ ਰਿਹਾਤੇ ਫਿਰ ਹੌਲੀ ਹੌਲੀ ਸੰਦ ਬਿਹਤਰ ਹੋ ਗਏ। ਕੋਈ 40,000 ਸਾਲ ਪਹਿਲਾਂ ਕਰੋਮੈਗਨੋਨ ਵਿਗਸਿਆ ਜੋ ਪੱਥਰ ਦੇ ਬਿਹਤਰ ਸੰਦ ਘੜਨ ਲੱਗਿਆ ਸੀ। ਅਗਲੇ ਵੀਹ ਕੁ ਹਜ਼ਾਰ ਸਾਲ ਮਨੁੱਖ ਨੇ ਹੋਰ ਉੱਨਤੀ ਕੀਤੀ, ਕਲਾਕ੍ਰਿਤਾਂ ਬਣਾਉਣ ਲੱਗਾ ਤੇ ਹਾਥੀ ਦੰਦਾਂ 'ਤੇ ਉਕਰਾਈ ਤੇ ਮਿੱਟੀ ਦੀਆਂ ਮੂਰਤੀਆਂ ਵੀ ਘੜਨ ਲੱਗਿਆ।ਗੁਫ਼ਾਵਾਂ ਵਿੱਚ ਤੀਹ ਤੋਂ ਚਾਲੀ ਹਜ਼ਾਰ ਸਾਲ ਪੁਰਾਣੀਆਂ ਤਸਵੀਰਾਂ ਦੇ ਸਬੂਤ ਕਈ ਥਾਈਂ ਮਿਲੇ ਹਨ।

ਦਰਅਸਲ, ਅਫਰੀਕਾ ਹੀ ਮਨੁੱਖ ਦੇ ਮਹਾਂ ਪਿੱਤਰਾਂ ਦੀ ਜਨਮ ਭੋਇੰ ਹੈ।ਚਿੰਪੈਂਜ਼ੀ ਤੇ ਅਸਟਰਾਲੋਪਿਥੀਕਸ ਦੇ ਸਾਂਝੇ ਪਿੱਤਰ ਤੋਂ ਆਰੰਭ ਕਰ ਕੇ ਹੋਮੋ-ਇਰੈਕਟਸ ਦੀਆਂ ਲਗਭਗ ਸਾਰੀਆਂ ਕਿਸਮਾਂ ਅਫਰੀਕਾ ਵਿੱਚ ਹੀ ਵਿਗਸੀਆਂ। ਕੋਈ 20 ਲੱਖ ਸਾਲ ਪਹਿਲਾਂ ਹੋਮੋ-ਇਰੈਕਟਸ ਅਫਰੀਕਾ ਵਿੱਚੋਂ ਬਾਹਰ ਨਿਕਲਿਆ ਤੇ ਦੁਨੀਆ ਦੇ ਕਈ ਮਹਾਂਦੀਪਾਂ ਵਿੱਚ ਫੈਲ ਗਿਆ।ਫਿਰ ਇਸ ਦੀ ਕਿਸੇ ਹਰਟੋ ਮੈਨ ਵਰਗੀ ਕਿਸੇ ਉਪ-ਪ੍ਰਜਾਤੀ 'ਚੋਂ ਦੋ ਲੱਖ ਸਾਲ ਤੋਂ ਸੱਠ ਹਜ਼ਾਰ ਸਾਲ ਪੂਰਵ ਤੱਕ ਆਧੁਨਿਕ ਮਾਨਵ ਉਪਜਿਆ। ਨਿਐਂਡਰਥਲ ਮਾਨਵ ਵੀ ਹੋਮੋ-ਇਰੈਕਟਸ 'ਚੋਂ ਹੀ ਨਿਕਲਿਆ ਸੀ, ਜੋ ਸਾਰੇ ਯੂਰਪ ਵਿੱਚ ਫੈਲ ਗਿਆ। ਉਹ ਪ੍ਰਜਾਤੀਆਂ ਫਿਰ ਵੀ ਤੀਹ-ਚਾਲੀ ਹਜ਼ਾਰ ਸਾਲ ਪਹਿਲਾਂ ਤੱਕ ਧਰਤੀ 'ਤੇ ਜਿਉਂਦੀਆਂ ਰਹੀਆਂ। ਹੋਮੋ-ਸੇਪੀਅਨਜ਼ ਸੇਪੀਅਨਜ਼ ਦੀ ਇੱਕ ਸ਼ਾਖ ਸਵਾ ਲੱਖ ਤੋਂ 60,000 ਸਾਲ ਵਿਚਾਲੇ ਅਫ੍ਰੀਕਾ 'ਚੋਂ ਵਾਰ ਵਾਰ ਬਾਹਰ ਨਿਕਲਦੀ ਰਹੀ ਤੇ ਇਨ੍ਹਾਂ ਲੋਕਾਂ ਨੇ ਜਗ੍ਹਾ ਜਗ੍ਹਾ ਬਚੇ ਹੋਏ ਹੋਮੋ-ਇਰੈਕਟਸ ਤੇ ਨਿਐਂਡਰਥਲਾਂ ਦੀ ਥਾਂ ਲੈ ਲਈ; ਜਾਂ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ, ਤੇ ਜਾਂ ਉਹ ਕਿਸੇ ਕਾਰਨ ਧਰਤੀ ਤੋਂ ਲੋਪ ਹੋ ਗਏ। ਭਾਰਤ ਵਿੱਚ ਆਧੁਨਿਕ ਮਾਨਵ ਅਫਰੀਕਾ 'ਚੋਂ ਹੀ 50-60 ਹਜ਼ਾਰ ਸਾਲ ਪਹਿਲਾਂ ਨਿਕਲ ਕੇ ਆਇਆ ਸੀ, ਜਿਸਦੇ ਸਬੂਤ ਲੜੀਆਂ ਜੋੜ ਕੇ ਜੈਨੇਟਿਕ ਅਧਿਐਨ ਤੋਂ ਮਿਲੇ ਹਨ। ਹੁਣ ਸਭ ਪਾਸੇ ਆਧੁਨਿਕ ਮਨੁੱਖ ਦਾ ਰਾਜ ਹੈ।



# ਸਿਹਤ ਸੰਸਾਰ

## ਪਿੱਠ ਦਰਦ
### ਜਦੋਂ ਬਿਸਤਰੇ ਤੋਂ ਉੱਠਣ ਨਾ ਦੇਵੇ



ਇਨ੍ਹਾਂ ਦਿਨਾਂ ਵਿਚ ਪਿੱਠ ਦਰਦ ਦੀ ਸ਼ਿਕਾਇਤ ਬੱਚਿਆਂ ਅਤੇ ਵੱਡਿਆਂ ਵਿਚ ਕਾਫੀ ਵਧਦੀ ਜਾ ਰਹੀ ਹੈ। ਪਹਿਲਾਂ ਇਹ ਆਮ ਕਰਕੇ ਵੱਡੀ ਉਮਰ ਦੇ ਲੋਕਾਂ ਵਿਚ ਜ਼ਿਆਦਾ ਦੇਖੀ ਜਾਂਦੀ ਸੀ। ਇਕ ਰਿਪੋਰਟ ਅਨੁਸਾਰ ਹੁਣ ਇਸ ਦੀ ਪ੍ਰੇਸ਼ਾਨੀ ਬੱਚਿਆਂ ਅਤੇ ਨੌਜਵਾਨਾਂ ਵਿਚ ਵੀ ਦੇਖੀ ਜਾ ਰਹੀ ਹੈ, ਜੋ ਇਕ ਬਹੁਤ ਹੀ ਗੰਭੀਰ ਸਮੱਸਿਆ ਬਣ ਕੇ ਉੱਭਰ ਰਹੀ ਹੈ। ਲੰਮੇ ਸਮੇਂ ਤੱਕ ਟੀ. ਵੀ. ਦੇਖਣਾ, ਖੇਡਾਂ ਵਿਚ ਹਿੱਸਾ ਲੈਣਾ, ਮੋਟਾਪਾ, ਪਰਿਵਾਰਕ ਇਤਿਹਾਸ ਅਤੇ ਗਤੀਹੀਣ ਜੀਵਨ, ਲੰਬਾ ਸਮਾਂ ਟ੍ਰੈਫਿਕ ਵਿਚ ਬਿਤਾਉਣਾ, ਭੱਜ-ਦੌੜ ਵਾਲੀ ਜੀਵਨ-ਸ਼ੈਲੀ, ਕਸਰਤ ਦੀ ਕਮੀ, ਅਜਿਹੀ ਹਾਲਤ ਵਿਚ ਪਿੱਠ ਦਰਦ ਵਰਗੀਆਂ ਬਿਮਾਰੀਆਂ ਆਮ ਹੁੰਦੀਆਂ ਹਨ। ਨਵੀਂ ਦਿੱਲੀ ਸਥਿਤ ਸਰ ਗੰਗਾ ਰਾਮ ਹਸਪਤਾਲ ਦੇ ਇਕ ਸੀਨੀਅਰ ਡਾਕਟਰ ਸਤਨਾਮ ਸਿੰਘ ਛਾਬੜਾ ਅਨੁਸਾਰ ਜੇਕਰ ਤੁਸੀਂ ਘੰਟਿਆਂਬੱਧੀ ਕੰਪਿਊਟਰ ਅੱਗੇ ਬੈਠਦੇ ਹੋ ਜਾਂ ਲੰਬੇ ਸਮੇਂ ਤੱਕ ਡਰਾਈਵਿੰਗ ਕਰਦੇ ਹੋ ਤਾਂ ਤੁਹਾਨੂੰ ਵੀ ਪਹਿਲਾਂ ਤੋਂ ਸੁਚੇਤ ਹੋ ਜਾਣਾ ਚਾਹੀਦਾ ਹੈ, ਕਿਉਂਕਿ ਪਿੱਠ ਦਰਦ ਵਰਗੀ ਸਮੱਸਿਆ ਤੁਹਾਡੇ ਜੀਵਨ ਵਿਚ ਵੀ ਆ ਸਕਦੀ ਹੈ। ਜੀਵਨ ਵਿਚ ਅੱਜ ਨਹੀਂ ਤਾਂ ਕੱਲ੍ਹ ਆ ਸਕਦੀ ਹੈ। ਇਥੋਂ ਤੱਕ ਕਿ ਸਹੀ ਸਮੇਂ 'ਤੇ ਇਲਾਜ ਨਾ ਹੋਣ ਕਰਕੇ ਸਰੀਰਕ ਵਿਗਾੜ, ਅੰਗ ਦੇ ਮਾਰੇ ਜਾਣ ਦੀ ਹਾਲਤ ਪੈਦਾ ਹੋ ਸਕਦੀ ਹੈ। ਰੀੜ੍ਹ ਦੀ ਹੱਡੀ ਦੇ ਨਾਲ ਵੀ ਕੁਝ ਅਜਿਹਾ ਹੀ ਹੁੰਦਾ ਹੈ, ਜਿਸ ਨਾਲ ਕਮਰ ਦਰਦ ਹੋ ਜਾਂਦੀ ਹੈ। ਬਹੁਤਾ ਕਰਕੇ ਇਹ ਪ੍ਰੇਸ਼ਾਨੀ ਉਨ੍ਹਾਂ ਨੌਜਵਾਨਾਂ ਵਿਚ ਹੋ ਰਹੀ ਹੈ, ਜਿਨ੍ਹਾਂ ਦੇ ਪਰਿਵਾਰਾਂ ਵਿਚ ਪਹਿਲਾਂ ਤੋਂ ਹੀ ਕਿਸੇ ਨੂੰ ਇਹ ਦਰਦ ਹੋਵੇ। ਸਭ ਤੋਂ ਵਧੇਰੇ ਮਹੱਤਵਪੂਰਨ ਗੱਲ ਇਹ ਹੈ ਕਿ ਨੌਜਵਾਨਾਂ ਦੇ ਮੁਕਾਬਲੇ ਬਾਲ ਅਵਸਥਾ ਵਿਚ ਦਰਦ ਹੋਣਾ ਜ਼ਿਆਦਾ ਖਤਰਨਾਕ ਹੋ ਸਕਦਾ ਹੈ।

ਪਿੱਠ ਦਰਦ ਦੇ ਕਈ ਕਾਰਨ ਅਤੇ ਕਿਸਮਾਂ ਹੁੰਦੀਆਂ ਹਨ। ਕਈ ਵਾਰ ਭਾਰ ਚੁੱਕਣ ਜਾਂ ਸਰੀਰ ਨੂੰ ਬਹੁਤ ਜ਼ਿਆਦਾ ਮੋੜ ਦੇਣ ਨਾਲ ਵੀ ਡਿਸਕ ਸਲਿਪ ਹੋ ਸਕਦੀ ਹੈ। 30 ਤੋਂ ਵਧੇਰੇ ਉਮਰ ਹੋ ਜਾਣ 'ਤੇ ਡਿਸਕ ਵਿਚ ਪਾਣੀ ਦੀ ਮਾਤਰਾ ਘਟ ਹੋ ਜਾਣੀ ਸ਼ੁਰੂ ਹੁੰਦੀ ਹੈ, ਜਿਸ ਦੇ ਕਾਰਨ ਉਸ ਵਿਚ ਲਚਕੀਲਾਪਣ ਘੱਟ ਹੋ ਜਾਂਦਾ ਹੈ। 40 ਸਾਲ ਦੀ ਉਮਰ ਦੇ ਬਾਅਦ ਡਿਸਕ ਦੇ ਆਸ-ਪਾਸ ਜ਼ਿਆਦਾ ਰੇਸ਼ੇ ਵਾਲੇ ਤੰਤੂ ਬਣਨ ਲਗਦੇ ਹਨ, ਜਿਸ ਕਾਰਨ ਉਥੇ ਕਠੋਰਤਾ ਹੋ ਜਾਂਦੀ ਹੈ ਅਤੇ ਲਚਕੀਲਾਪਣ ਘੱਟ ਹੋ ਜਾਂਦਾ ਹੈ। ਦਰਅਸਲ ਰੀੜ੍ਹ ਦੀ ਹੱਡੀ 33 ਹੱਡੀਆਂ ਨੂੰ ਮਿਲਾ ਕੇ ਬਣੀ ਹੁੰਦੀ ਹੈ। ਸ਼ੁਰੂ ਦੀਆਂ 7 ਹੱਡੀਆਂ ਸਰਵਾਈਕਲ ਸਪਾਈਨ ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਹਨ ਅਤੇ ਇਸ ਦੇ ਬਾਅਦ ਦੀਆਂ 12 ਹੱਡੀਆਂ ਬਾਕੀ ਸੇਕਮ ਅਤੇ ਕੋਕਿਸ ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਹਨ।

ਪਿੱਠ ਦਰਦ ਦੇ ਕਾਰਨ : ਪਿੱਠ ਦਾ ਦਰਦ ਬਹੁਤ ਸਾਰੇ ਕਾਰਨਾਂ ਕਰਕੇ ਹੁੰਦਾ ਹੈ, ਜਿਵੇਂ ਗ਼ਲਤ ਮੁਦਰਾ ਵਿਚ ਬੈਠਣਾ, ਵਧੇਰੇ ਸਮੇਂ ਤੱਕ ਇਕ ਹੀ ਮੁਦਰਾ ਵਿਚ ਬੈਠਣਾ, ਕਿਸੇ ਤਰ੍ਹਾਂ ਦੀ ਸੱਟ-ਫੇਟ ਲੱਗਣਾ, ਸਿਗਰਟਨੋਸ਼ੀ ਅਤੇ ਸ਼ਰਾਬ ਦੇ ਸੇਵਨ ਨਾਲ ਹੱਡੀਆਂ ਕਮਜ਼ੋਰ ਹੋ ਸਕਦੀਆਂ ਹਨ। ਉਮਰ ਦੇ ਨਾਲ ਵਧਦੀਆਂ ਬਿਮਾਰੀਆਂ ਦੇ ਕਾਰਨ ਵੀ ਪਿੱਠ ਦਰਦ ਹੋ ਸਕਦਾ ਹੈ। ਬੇਹੱਦ ਤਣਾਅ, ਚਿੰਤਾ ਅਤੇ ਥਕਾਨ, ਸੰਤੁਲਿਤ ਭੋਜਨ ਦੀ ਕਮੀ ਆਦਿ। ਡਾਕਟਰਾਂ ਦਾ ਮੰਨਣਾ ਹੈ ਕਿ ਸਰੀਰਕ ਕਸਰਤ, ਸੰਤੁਲਿਤ ਭੋਜਨ ਦਾ ਸੇਵਨ ਅਤੇ ਸਹੀ ਮੁਦਰਾ ਦਾ ਧਿਆਨ ਰੱਖ ਕੇ ਇਸ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ।

ਧਿਆਨ ਰੱਖੋ ਕਿ ਡਾਕਟਰ ਦੀ ਸਲਾਹ ਤੋਂ ਬਾਅਦ ਹੀ ਇਹ ਯਕੀਨੀ ਬਣਾਓ ਕਿ ਤੁਹਾਨੂੰ ਕਿਸ ਤਰ੍ਹਾਂ ਦਾ ਪਿੱਠ ਦਰਦ ਹੈ ਅਤੇ ਉਸ ਲਈ ਤੁਸੀਂ ਕਿਹੜੇ ਤਰੀਕੇ ਅਪਣਾਉਣੇ ਹਨ। ਆਧੁਨਿਕ ਜੀਵਨ ਤਰਜ਼ ਦੇ ਕਾਰਨ ਲੋਕਾਂ ਦੇ ਹੱਥਾਂ-ਪੈਰਾਂ ਵਿਚ ਦਰਦ ਦੀ ਸਮੱਸਿਆ ਰਹਿਣ ਲੱਗੀ ਹੈ। ਕਈ ਵਾਰ ਦਰਦ ਵਧ ਕੇ ਗੰਭੀਰ ਵੀ ਹੋ ਜਾਂਦੀ ਹੈ। ਪਿੱਠ ਦਰਦ ਕਈ ਵਾਰ ਏਨੀ ਵਧ ਜਾਂਦੀ ਹੈ ਕਿ ਸਰਵਾਈਕਲ ਹੋਣ ਦਾ ਖਤਰਾ ਵੀ ਹੋ ਜਾਂਦਾ ਹੈ। ਦਰਅਸਲ ਲੰਮੇ ਸਮੇਂ ਤੱਕ ਕੁਰਸੀ 'ਤੇ ਬੈਠਣ ਜਾਂ ਦੋਪਹੀਆ ਵਾਹਨ ਚਲਾਉਣ ਵਾਲੇ ਲੋਕ ਹਮੇਸ਼ਾ ਪਿੱਠਦਰਦ ਦੀ ਸਮੱਸਿਆ ਨਾਲ ਪੀੜਤ ਦਿਖਾਈ ਦਿੰਦੇ ਹਨ। ਅਜਿਹੀ ਹਾਲਤ ਵਿਚ ਉਨ੍ਹਾਂ ਨੂੰ ਚਾਹੀਦਾ ਹੈ ਕਿ ਪਿੱਠ ਦਰਦ ਲਈ ਤੁਰੰਤ ਡਾਕਟਰ ਨਾਲ ਸੰਪਰਕ ਕਰਨ।

## ਮੋਟਾਪਾ ਵੱਧਾ ਰਿਹਾ ਹੈ ਬਿਮਾਰੀਆਂ



ਮੋਟਾਪਾ ਯਾਨਿ ਓਵਰਵੇਟ ਦੀ ਵੱਧ ਰਹੀ ਸਮੱਸਿਆ ਖਤਰਨਾਕ ਬਿਮਾਰੀਆਂ ਦੇ ਨਾਲ ਮੌਤ ਦਾ ਦਰਬਾਜਾ ਵੀ ਓਪਨ ਕਰ ਰਹੀ ਹੈ। ਤੰਦਰੁਸਤੀ ਦੇ ਲੈਵਲ ਤੋਂ ਵੱਧ ਵਜ਼ਨ ਨੂੰ ਓਵਰਵੇਟ ਜਾਂ ਮੋਟਾਪਾ ਕਹਿ ਦਿੱਤਾ ਜਾਂਦਾ ਹੈ। ਸਰੀਰ ਦਾ ਵੱਧ ਰਿਹਾ ਵਜ਼ਨ ਸਮੱਸਿਆ ਦਾ ਰੂਪ ਲੈ ਰਿਹਾ ਹੈ। ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਯਾਨਿ ਹਰ ਉਮਰ ਦਾ ਵਿਅਕਤੀ ਵੱਧ ਵਜ਼ਨ ਦਾ ਸ਼ਿਕਾਰ ਹੋ ਰਿਹਾ ਹੈ। ਬਾਡੀ ਮਾਸ ਇੰਡੈਕਸ, ਜਾਂ ਬੀਐਮਆਈ ਨੂੰ ਓਵਰਵੇਟ ਜਾਂ ਮੋਟਾਪੇ ਲਈ ਸਕ੍ਰੀਨਿੰਗ ਟੂਲ ਦੇ ਤੌਰ ਤੇ ਵਰਤਿਆ ਜਾਂਦਾ ਹੈ। ਹਾਈਟ 5 ਫੀਟ 9 ਇੰਚ :

| ਵਜ਼ਨ ਰੇਂਜ਼ | ਬੀਐਮਆਈ | ਮੰਨਿਆ ਜਾਂਦਾ ਹੈ |
|---|---|---|
| 124 ਪੌਂਡ ਜਾਂ ਘੱਟ | 18.5 ਤੋਂ ਘੱਟ | ਅੰਡਰਵੇਟ |
| 125 ਤੋਂ 168 ਪੌਂਡ | 18.5 - 24.9 | ਹੈਲਦੀ ਵਜ਼ਨ |
| 169 ਤੋਂ 202 ਪੌਂਡ | 25.0 - 29.9 | ਓਵਰਵੇਟ |
| 203 ਤੋਂ ਜ਼ਿਆਦਾ ਪੌਂਡ | 30 ਜਾਂ ਵੱਧ | ਮੋਟਾਪਾ |
| 271 ਪੌਂਡ ਤੋਂ ਵੱਧ | 40 ਜਾਂ ਜ਼ਿਆਦਾ | ਕਲਾਸ -3 ਮੋਟਾਪਾ |

ਵਿਸ਼ਵ ਸਿਹਤ ਸੰਸਥਾ ਦੇ ਮੁਤਾਬਿਕ ਦੁਨਿਆ ਭਰ ਵਿਚ 1975 ਤੋਂ ਮੋਟਾਪੇ ਦੀ ਸਮੱਸਿਆ ਤਿੰਨ ਗੁਣਾਂ ਵੱਧ ਗਈ ਹੈ। ਸਾਲ 2016 ਵਿਚ 5 ਤੋਂ 19 ਸਾਲ ਦੇ 340 ਮਿਲੀਅਨ ਤੋਂ ਵੱਧ ਬੱਚੇ ਜਿਆਦਾ ਭਾਰ ਦੇ ਸ਼ਿਕਾਰ ਸਨ। 18 ਸਾਲ ਅਤੇ ਵੱਧ ਉਮਰ ਦੇ 1.9 ਬਿਲੀਅਨ ਜ਼ਿਆਦਾ ਭਾਰ 'ਤੇ 650 ਮਿਲੀਅਨ ਮੋਟਾਪੇ ਦੇ ਸ਼ਿਕਾਰ ਸਨ। ਸਾਲ 2019 ਵਿਚ 5 ਸਾਲ ਤੋਂ ਘੱਟ ਉਮਰ ਦੇ 38 ਮਿਲੀਅਨ ਬੱਚਿਆਂ ਵਿਚ ਜ਼ਿਆਦਾ ਭਾਰ ਦੇਖਿਆ ਗਿਆ।


ਕਦੇ-ਕਦੇ ਵੱਧ ਵਜ਼ਨ ਵਾਲਿਆ ਅੰਦਰ ਕੋਵਿਡ-19 ਵਾਇਰਸ ਦੇ ਲੱਛਣ ਮਿਲ ਸਕਦੇ ਹਨ। ਮੋਟਾਪਾ ਅਤੇ ਜ਼ਿਆਦਾ ਭਾਰ ਦਾ ਮੂਲ ਕਾਰਨ ਸਰੀਰ ਅੰਦਰ ਖਪਤ ਹੋਈ ਕੈਲੋਰੀ ਅਤੇ ਖਰਚੀ ਜਾਣ ਵਾਲੀ ਕੈਲੋਰੀ ਦਰਮਿਆਨ ਐਨਰਜ਼ੀ ਦਾ ਸੰਤੁਲਨ ਬਿਗੜ ਜਾਂਦਾ ਹੈ। ਮਾਡਰਨ ਲਾਈਫ ਸਟਾਇਲ ਨੇ ਇਨਸਾਨ ਦੇ ਖਾਣ-ਪੀਣ, ਅਤੇ ਰਹਿਣ-ਸਹਿਣ ਦੇ ਤੌਰ ਤਰੀਕੇ ਬਦਲ ਕੇ ਰੇਸ ਵੱਧਾ ਦਿੱਤੀ ਹੈ ਮਾਈਕਰੋਬਾਇਓਮ ਅੰਤੜੀਆਂ ਦੇ ਬੈਕਟਰੀਆ ਖਾਣ ਤੋਂ ਪ੍ਰਭਾਵਤ ਹੋ ਕੇ ਸਰੀਰ ਦਾ ਭਾਰ ਘਟਾਉਣ ਜਾਂ ਵਧਾਉਣ ਵਿਚ ਮੁਸ਼ਕਲ ਦਾ ਕਾਰਨ ਬਣ ਸਕਦੇ ਹਨ। ਸਰੀਰਕ ਐਕਟੀਵਿਟੀ ਘੱਟ ਜਾਣ ਨਾਲ ਵਿਅਕਤੀ ਸਰੀਰਕ 'ਤੇ ਮਾਨਸਿਕ ਤੌਰ ਤੇ ਬਦਲਦਾ ਜਾ ਰਿਹਾ ਹੈ। ਫੂਡ ਪ੍ਰਾਸੈਸਿੰਗ ਵਿਚ ਨੇਚੁਰਲ ਘੱਟ ਅਤੇ ਕੈਮੀਕਲ ਤੱਤ ਜਿਆਦਾ ਇਸਤੇਮਾਲ ਹੋ ਰਹੇ ਹਨ। ਪ੍ਰਾਡਕਟਸ ਵਿਚ ਸੋਡੀਅਮ ਸ਼ੂਗਰ, ਅਤੇ ਆਇਲ ਜ਼ਿਆਦਾ ਹੋਣ ਕਰਕੇ ਵੀ ਮੋਟਾਪਾ ਵੱਧ ਰਿਹਾ ਹੈ। ਸਰੀਰ ਦੇ ਓਵਰਵੇਟ ਕਾਰਨ ਦਿਲ, ਸਟ੍ਰੋਕ, ਸ਼ੂਗਰ, ਕੈਂਸਰ ਅਤੇ ਜੋੜਾਂ ਦਾ ਰੋਗ ਮਸਕੂਲੋਸਕੇਲਟਲ ਆਸਾਨੀ ਨਾਲ ਘੇਰੇ ਵਿਚ ਲੈ ਲੈਂਦਾ ਹੈ। ਬਚਪਨ ਦਾ ਮੋਟਾਪਾ ਭਵਿੱਖ ਵਿਚ ਸਾਹ ਲੈਣ ਵਿਚ ਮੁਸ਼ਕਲ, ਹੱਡੀਆਂ ਦਾ ਫ੍ਰੈਕਚਰ, ਹਾਈਪਰਟੈਨਸ਼ਨ, ਕੈਂਸਰ, ਦਿਲ ਅਤੇ ਦਿਮਾਗ ਦੇ ਰੋਗ ਪੈਦਾ ਕਰ ਸਕਦਾ ਹੈ।

ਆਪਣਾ ਖਿਆਲ ਰੱਖੋ :

ਆਪਣੀ ਖੁਰਾਕ ਵਿਚ ਚਰਬੀ, ਸ਼ਕਰ ਦੀ ਮਾਤਰਾ ਨੂੰ ਸੀਮਿਤ ਕਰੋ। ਘੱਟ ਕੈਲੋਰੀ ਵਾਲਾ ਫੂਡ ਲਵੋ। ਪ੍ਰਾਡਕਟ ਇਸਤੇਮਾਲ ਕਰਨ ਤੋਂ ਪਹਿਲਾਂ ਲੇਬਲ 'ਤੇ ਸ਼ੂਗਰ, ਆਇਲ ਅਤੇ ਸੋਡੀਅਮ ਦੀ ਮਾਤਰਾ ਜਰੂਰ ਚੈਕ ਕਰੋ।

ਖੁਰਾਕ ਵਿਚ ਹੋਲ-ਵੀਟ ਤਾਜ਼ੇ ਫੱਲ, ਜੂਸ, ਹਰੀ ਸਬਜ਼ੀਆਂ, ਸਲਾਦ ਅਤੇ ਮਿਕਸ ਵੇਜ਼ੀਟੇਬਲ ਸੂਪ ਨੂੰ ਸ਼ਾਮਿਲ ਕਰੋ। ਡਾਈਟ ਨੂੰ ਪਲਾਨ ਕਰੋ। ਹੈਲਦੀ ਸਨੈਕਸ ਖਾਓ।

ਸਰੀਰਕ ਗਤੀਵਿਧੀਆਂ ਯੋਗਾ, ਤੇਜ਼ ਸੈਰ ( ਅੱਧਾ ਘੰਟਾ), ਅਤੇ ਵਰਕ ਆਉਟ ਨੂੰ ਲਾਈਫ ਦਾ ਹਿੱਸਾ ਬਣਾ ਲਵੋ। ਵੱਧ ਰਹੇ ਵਜ਼ਨ ਨੂੰ ਕੰਟ੍ਰੋਲ ਕਰਨ ਲਈ ਹਫਤੇ ਵਿਚ ਘੱਟੋ-ਘੱਟ 5 ਘੰਟੇ ਤੇਜ਼ ਸਰੀਰਕ ਐਕਟੀਵਿਟੀ ਕਰੋ।



ਅਨਿਲ ਧੀਰ
**Columnist**

ਤੰਦਰੁਸਤ ਦੁਨੀਆ ਲਈ ਵਿਸ਼ਵ ਸਿਹਤ ਸੰਸਥਾ ਨੇ ਗਲੋਬਲ ਐਕਸ਼ਨ ਪਲਾਨ ਵਿਚ ਸਰੀਰਕ ਗਤੀਵਿਧੀ ਨੂੰ ਅੱਗੇ ਰੱਖਿਆ ਹੈ। ਮਾਂ-ਬਾਪ ਬਚਪਨ ਵਿਚ ਯਾਨਿ 5 ਸਾਲ ਦੀ ਉਮਰ ਵਿਚ ਤੋਂ ਬੱਚਿਆਂ ਨੂੰ ਖੇਡਾਂ ਦੇ ਨਾਲ ਸਰੀਰਕ ਐਕਟੀਵਿਟੀ ਦੀ ਆਦਤ ਪਾ ਦੇਣ।

ਪ੍ਰੈਗਨੈਂਸੀ ਦੌਰਾਣ ਭਾਰ ਵੱਧ ਜਾਂਦਾ ਹੈ, ਬੱਚੇ ਦੇ ਜਨਮ ਤੋਂ ਬਾਅਦ ਮਾਂ ਬ੍ਰੈਸਟ-ਫੀਡ ਯਾਨਿ ਆਪਣੀ ਛਾਤੀ ਦਾ ਦੁੱਧ ਚੁੰਘਾਉਣ ਨਾਲ ਭਾਰ ਘਟਾ ਸਕਦੀ ਹੈ।

ਨੀਂਦ ਘੱਟ ਜਾਂ ਜ਼ਿਆਦਾ ਲੈਣ ਨਾਲ ਹਾਰਮੋਨਜ਼ ਵਿਚ ਤਬਦੀਲੀ ਆਉਣ ਕਰਕੇ ਭੁੱਖ ਵੱਧ ਸਕਦੀ ਹੈ। ਜਿਆਦਾ ਕੈਲੋਰੀ ਵਾਲੇ ਭੋਜਨ ਦੀ ਇੱਛਾ ਬਣੀ ਰਹਿੰਦੀ ਹੈ। ਪੂਰੀ 8 ਘੰਟੇ ਦੀ ਨੀਂਦ ਲਵੋ।

ਸਟ੍ਰੈਸ ਵਜ਼ਨ ਵੱਧਾ ਸਕਦਾ ਹੈ, ਰੀਲੈਕਸ ਰਹਿਣ ਦਾ ਯਤਨ ਕਰੋ।

ਸਮੇਂ-ਸਮੇਂ 'ਤੇ ਆਪਣੇ ਵਜ਼ਨ ਤੇ ਨਜ਼ਰ ਵੀ ਰੱਖੋ। ਡੇਲੀ 8-10 ਗਲਾਸ ਪਾਣੀ ਪੀਓ।

ਜੰਕ-ਫੂਡ ਪਿੱਜ਼ਾ, ਬਰਗਰ, ਫਰਾਈਜ਼, ਪਾਸਤਾ, ਮੀਟ, ਪੋਪਸ, ਅਲਕੋਹਲ ਅਤੇ ਤੇਜ਼ ਮਿਰਚ-ਮਸਾਲੇ ਵਾਲੀ ਖੁਰਾਕ ਸੀਮਤ ਕਰੋ।

ਨੋਟ: ਖਤਰਨਾਕ ਰੋਗਾਂ ਤੋਂ ਬਚਣ ਅਤੇ ਵਜ਼ਨ ਨੂੰ ਕੰਟ੍ਰੋਲ ਜਾਂ ਘੱਟਾਉਣ ਲਈ ਡਾਈਟੀਸ਼ੀਅਨ ਦੀ ਸਲਾਹ ਨਾਲ ਆਪਣੀ ਖੁਰਾਕ ਦੀ ਰਣਨੀਤੀ ਤਿਆਰ ਕਰੋ। ਸਰੀਰਕ 'ਤੇ ਮਾਨਸਿਕ ਬਿਮਾਰੀਆਂ ਦੇ ਚਲਦੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।

# ਪੱਕਾ ਘਰ ਟੋਲੀਂ ਬਾਬਲਾ


ਪੰਜਾਬੀ ਲੋਕ ਸਾਹਿਤ ਵਿਚ ਵੱਖ-ਵੱਖ ਰਿਸ਼ਤਿਆਂ ਦੇ ਖੱਟੇ-ਮਿੱਠੇ ਤਜਰਬਿਆਂ ਨੂੰ ਬਿਆਨ ਕਰਦੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਗੀਤ ਮਿਲਦੇ ਹਨ। ਇਨ੍ਹਾਂ ਲੋਕ ਗੀਤਾਂ ਵਿਚ ਸਭ ਤੋਂ ਵੱਧ ਭਾਵੁਕ ਤੇ ਜਜ਼ਬਾਤੀ ਸੰਵਾਦ ਪਿਓ ਤੇ ਧੀ ਵਿਚਕਾਰ ਹੋਇਆ ਮਿਲਦਾ ਹੈ। ਬੇਸ਼ੱਕ ਸਾਡਾ ਸਮਾਜ ਧੀਆਂ ਨੂੰ ਪਰਾਇਆ ਧਨ ਸਮਝਦਾ ਰਿਹਾ ਹੈ, ਪਰ ਪਿਓ ਲਈ ਧੀਆਂ ਕਿਸੇ ਅਣਮੁੱਲੇ ਸਰਮਾਏ ਤੋਂ ਘੱਟ ਨਹੀਂ ਹੁੰਦੀਆਂ। ਲਾਡਾਂ ਨਾਲ ਪਾਲੀ ਧੀ ਨੂੰ ਆਪਣੇ ਹੱਥੀਂ ਤੋਰਨ ਦੀ ਅਸਹਿ ਪੀੜ ਸਹਿਣ ਵਾਲੇ ਪਿਓ ਨੂੰ ਲੋਕ ਗੀਤਾਂ ਵਿਚ ਧਰਮੀ ਬਾਬਲ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਜਿਉਂ ਜਿਉਂ ਧੀ ਜਵਾਨ ਹੁੰਦੀ ਹੈ ਤਿਉਂ ਤਿਉਂ ਪਿਓ ਨੂੰ ਧੀ ਵਿਹਾਉਣ ਦਾ ਫ਼ਿਕਰ ਸਤਾਉਣ ਲੱਗਦਾ ਹੈ। ਪਿਓ ਸਾਰੀ ਉਮਰ ਧੀ ਦਾ ਦਾਜ ਇਕੱਠਾ ਕਰਦਾ ਡਰ-ਡਰ ਕੇ ਜ਼ਿੰਦਗੀ ਜਿਉਂਦਾ ਹੈ ਕਿ ਕਿਤੇ ਉਸਦੀ ਪਿਆਰੀ ਧੀ ਦੇ ਕਾਜ ਰਚਾਉਣ ਵਿਚ ਕੋਈ ਕਮੀ ਨਾ ਰਹਿ ਜਾਵੇ। ਇਸ ਵਰਤਾਰੇ ਨੂੰ ਲੋਕ ਗੀਤਾਂ ਵਿਚ ਇੰਜ ਪੇਸ਼ ਕੀਤਾ ਗਿਆ ਹੈ:

**ਬਾਬਲ ਕਿਉਂ ਡਰਿਆ,**
**ਬਾਬਲ ਕਿਉਂ ਡਰਿਆ**
**ਬਾਬਲ ਦੀ ਧੀ ਕੁਆਰੀ,**
**ਬਾਬਲ ਧਰਮੀ ਤਾਂ ਡਰਿਆ**

ਪੁਰਾਤਨ ਸਮਿਆਂ ਵਿਚ ਬਹੁਤੇ ਘਰ ਕੱਚੇ ਹੋਣ ਕਾਰਨ ਪੱਕੇ ਘਰ ਨੂੰ ਅਮੀਰੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਅਜਿਹੇ ਵਿਚ ਧੀ ਆਪਣੇ ਪਿਓ ਨੂੰ ਇਹੀ ਅਰਜੋਈ ਕਰਦੀ ਹੈ ਕਿ ਉਸਦਾ ਵਿਆਹ ਕਿਸੇ ਪੱਕੇ ਘਰ ਵਿਚ ਹੀ ਕੀਤਾ ਜਾਵੇ। ਹਰ ਪਿਓ ਦੀ ਵੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਧੀ ਲਈ ਦੁਨੀਆਂ ਦਾ ਸਭ ਤੋਂ ਯੋਗ ਵਰ ਲੱਭੇ, ਜੋ ਉਸ ਦੀ ਧੀ ਦੀਆਂ ਸਭ ਰੀਝਾਂ ਪੂਰੀਆਂ ਕਰੇ। ਪਿਓ ਤੇ ਧੀ ਦੀ ਇਸ ਵਾਰਤਾਲਾਪ ਨੂੰ ਇੰਜ ਪੇਸ਼ ਕੀਤਾ ਗਿਆ ਹੈ:

**ਪੱਕਾ ਘਰ ਟੋਲੀਂ ਬਾਬਲਾ,**
**ਕਿਤੇ ਲਿੱਪਣੇ ਨਾ ਪੈਣ ਬਨੇਰੇ**
**ਲੰਮੀ ਵੀਹੀ ਤੇ ਪੱਕਾ ਘਰ ਤੇਰਾ,**
**ਤੂੰ ਹੁਕਮ ਚਲਾਈਂ ਬੱਚੀਏ**

ਜਦੋਂ ਪਿਓ ਆਪਣੀ ਲਾਡਲੀ ਧੀ ਦਾ ਸਾਕ ਪੱਕਾ ਕਰਦਾ ਹੈ ਤਾਂ ਧੀ ਇਕ ਚੰਗੇ ਵਰ ਦੇ ਸੁਪਨੇ ਸਿਰਜਦੀ



ਹੋਈ ਖ਼ੁਸ਼ੀ ਵਿਚ ਖੀਵੀ ਹੁੰਦੀ ਜਾਂਦੀ ਹੈ, ਪਰ ਜਦੋਂ ਵਿਆਹ ਦਾ ਸਾਹਾ ਕੱਢਾ ਲਿਆ ਜਾਂਦਾ ਹੈ ਤਾਂ ਬਾਬਲ ਦਾ ਘਰ ਛੁੱਟ ਜਾਣ ਦਾ ਫ਼ਿਕਰ ਉਸਨੂੰ ਮਾਯੂਸ ਕਰ ਦਿੰਦਾ ਹੈ। ਇਹ ਮਾਯੂਸੀ ਬਾਬਲ ਪ੍ਰਤੀ ਉਸਦੇ ਨਿੱਘੇ ਪਿਆਰ ਦਾ ਹੀ ਬਿੰਬ ਹੁੰਦੀ ਹੈ:

**ਨਿੱਕੀ ਨਿੱਕੀ ਸੂਈ ਵੱਟਵਾਂ ਧਾਗਾ,**
**ਬੈਠ ਕਸੀਦਾ ਕੱਢ ਰਹੀ ਆਂ**
**ਆਉਂਦੇ ਜਾਂਦੇ ਰਾਹੀ ਪੁੱਛਦੇ,**
**ਤੂੰ ਕਿਉਂ ਬੀਬਾ ਰੋ ਰਹੀ ਆਂ**
**ਬਾਬਲ ਮੇਰਾ ਸਾਹਾ ਸਦਾਇਆ,**
**ਮੈਂ ਪਰਦੇਸਣ ਹੋ ਰਹੀ ਆਂ**

ਸਾਰੀ ਉਮਰ ਹਿੱਕ ਤਾਣ ਕੇ ਤੁਰਨ ਵਾਲੇ ਬਾਬਲ ਨੂੰ ਧੀ ਦੇ ਵਿਆਹ ਮੌਕੇ ਨਿਵਣਾ ਵੀ ਪੈਂਦਾ ਹੈ। ਡੋਲੀ ਵਿਦਾ ਹੋਣ ਲੱਗਿਆਂ ਜਿੱਥੇ ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ, ਅਜਿਹੇ ਵਿਚ ਇਕ ਪਿਓ ਦੇ ਮਨ ਦੇ ਹਾਲਾਤ ਨੂੰ ਬਾਖ਼ੂਬੀ ਸਮਝਿਆ ਜਾ ਸਕਦਾ ਹੈ। ਜਿਗਰ ਦੇ ਟੁਕੜੇ ਨੂੰ ਕਿਸੇ ਬੇਗਾਨੇ ਦੇ ਹੱਥ ਸੌਂਪਣ ਲਈ ਪਹਾੜ ਜਿੱਡਾ ਦਿਲ ਚਾਹੀਦਾ ਹੈ। ਵਿਆਹ ਮੌਕੇ ਧੀ ਦੇ ਮਾਪਿਆਂ ਤੋਂ ਵਿਛੜਨ ਦਾ ਸਮਾਂ ਬਹੁਤ ਪੀੜਦਾਇਕ ਤੇ ਭਾਵੁਕ ਹੁੰਦਾ ਹੈ। ਇਸ ਅਹਿਸਾਸ ਨੂੰ ਲੋਕ ਗੀਤਾਂ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

**ਨਿਵੇਂ ਪਹਾੜਾਂ ਦੇ ਪਰਬਤ,**
**ਹੋਰ ਨਿਵਿਆਂ ਨਾ ਕੋਈ**
**ਨਿਵਿਆਂ ਲਾਡੋ ਦਾ ਬਾਬਲ,**
**ਜਿਹਨੇ ਧੀ ਵਿਆਹੀ**
**ਤੂੰ ਕਿਉਂ ਰੋਇਆ ਬਾਬਲ ਜੀ,**
**ਜੱਗ ਹੁੰਦੜੀ ਆਈ**

ਡੋਲੀ ਦੀ ਵਿਦਾਈ ਮੌਕੇ ਧੀ ਦਾ ਦਿਲ ਵੀ ਬਾਬਲ ਦਾ ਘਰ ਛੱਡ ਕੇ ਜਾਣ ਨੂੰ ਬਿਲਕੁਲ ਨਹੀਂ ਕਰਦਾ। ਉਹ ਅੱਜ ਦੀ ਰਾਤ ਰੱਖਣ ਲਈ ਵਾਰ-ਵਾਰ ਪਿਓ ਦੇ ਤਰਲੇ ਕੱਢਦੀ ਹੈ ਤੇ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਯਾਦ ਕਰਵਾਉਂਦੀ ਹੈ, ਪਰ ਬਾਬਲ ਆਪਣੇ ਦਿਲ 'ਤੇ ਪੱਥਰ ਰੱਖ ਕੇ ਧੀ ਨੂੰ ਖ਼ੁਸ਼ੀ ਖ਼ੁਸ਼ੀ ਸਹੁਰੇ ਘਰ ਜਾਣ ਲਈ ਪ੍ਰੇਰਦਾ ਹੈ:

**ਤੇਰੇ ਬਾਗਾਂ ਦੇ ਵਿਚ ਵਿਚ ਵੇ,**
**ਬਾਬਲ ਡੋਲਾ ਨਹੀਂ ਲੰਘਦਾ**
**ਇਕ ਟਾਹਲੀ ਪੁਟਾ ਦੇਵਾਂ,**
**ਧੀਏ ਘਰ ਜਾ ਆਪਣੇ**
**ਤੇਰੇ ਮਹਿਲਾਂ ਦੇ ਵਿਚ ਵਿਚ ਵੇ,**
**ਬਾਬਲ ਗੁੱਡੀਆਂ ਕੌਣ ਖੇਡੇ**
**ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ**

ਧੀਆਂ ਨੂੰ ਵਿਆਹ ਤੋਂ ਬਾਅਦ ਪੇਕੇ ਜਾਣ ਦਾ ਬਹੁਤ ਚਾਅ ਹੁੰਦਾ ਹੈ। ਇਸ ਅਹਿਸਾਸ ਨੂੰ ਲੋਕ ਗੀਤ ਰਾਹੀਂ ਇੰਜ ਬਿਆਨਿਆ ਗਿਆ ਹੈ:

**ਹਰੀਏ ਹਰੀਏ ਡੇਕੇ ਨੀਂ ਫੁੱਲ ਦੇ ਦੇ**
**ਅੱਜ ਮੈਂ ਜਾਣਾ ਪੇਕੇ ਨੀਂ, ਫੁੱਲ ਦੇ ਦੇ**

ਧੀਆਂ ਘਰ ਦੀਆਂ ਰਾਣੀਆਂ ਹੁੰਦੀਆਂ ਹਨ ਤੇ ਇਨ੍ਹਾਂ ਰਾਣੀਆਂ ਨਾਲ ਹੀ ਘਰ ਵਿਚ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਧੀਆਂ ਨੂੰ ਪਿਓ ਦੀ ਪੱਗ ਕਿਹਾ ਜਾਂਦਾ ਹੈ, ਇਹ ਰੁਤਬਾ ਪੁੱਤਰਾਂ ਨੂੰ ਨਹੀਂ ਮਿਲਿਆ, ਸਗੋਂ ਧੀਆਂ ਨੂੰ ਮਿਲਿਆ ਹੈ ਕਿਉਂਕਿ ਧੀ ਹੀ ਬਾਬਲ ਦੇ ਦੁੱਖ ਸੁੱਖ ਦੀ ਅਸਲ ਭਾਗੀਦਾਰ ਬਣਦੀ ਹੈ। ਪੁੱਤਰ ਤਾਂ ਵਿਆਹ ਤੋਂ ਬਾਅਦ ਆਪਣੇ ਪਰਿਵਾਰ ਵਿਚ ਮਸਤ ਹੋ ਜਾਂਦੇ ਹਨ, ਪਰ ਧੀਆਂ ਮਰਦੇ ਦਮ ਤਕ ਆਪਣੇ ਬਾਬਲ ਦੀ ਸੁੱਖ ਲੋੜਦੀਆਂ ਰਹਿੰਦੀਆਂ ਹਨ। ਪਤਾ ਨਹੀਂ ਸਾਡਾ ਸਮਾਜ ਧੀਆਂ ਜੰਮਣ ਤੋਂ ਕਿਉਂ ਡਰਦਾ ਹੈ ਜਦੋਂ ਕਿ ਅਸਲੀਅਤ ਇਹ ਹੈ ਕਿ ਧੀਆਂ ਦੀ ਦਾਤ ਤਾਂ ਕਰਮਾਂ ਵਾਲਿਆਂ ਨੂੰ ਨਸੀਬ ਹੁੰਦੀ ਹੈ।

**ਹਰਪ੍ਰੀਤ ਸਿੰਘ ਸਵੈਚ**
**ਸੰਪਰਕ** : 98782-24000

# ਰਾਹ ਦਸੇਰੀਆਂ ਲੋਕ ਸਿਆਣਪਾਂ

**ਸੁਖਦੇਵ ਮਾਦਪੁਰੀ**

ਲੋਕ ਸਿਆਣਪਾਂ, ਅਖਾਣ, ਅਖੌਤਾਂ, ਕਹਾਵਤਾਂ ਮਿੱਥ ਕੇ ਨਹੀਂ ਸਿਰਜੀਆਂ ਜਾਂਦੀਆਂ, ਬਲਕਿ ਇਹ ਜੀਵਨ ਵਿਹਾਰ ਵਿਚੋਂ ਸੁਭਾਇਕ ਹੀ ਜਨਮ ਲੈ ਕੇ ਜੀਵਨ ਧਾਰਾ ਵਿਚ ਸਮੋ ਜਾਂਦੀਆਂ ਹਨ। ਇਨ੍ਹਾਂ ਦੀ ਸਿਰਜਣਾ ਪਿੱਛੇ ਕੋਈ ਨਾ ਕੋਈ ਘਟਨਾ ਜਾਂ ਜੀਵਨ ਬਿਰਤਾਂਤ ਲੁਪਤ ਹੁੰਦਾ ਹੈ। ਪੁਰਾਣੇ ਜ਼ਮਾਨੇ ਵਿਚ ਰਿਸ਼ੀ ਮੁਨੀ ਆਬਾਦੀ ਤੋਂ ਦੂਰ ਜੰਗਲਾਂ ਵਿਚ ਕੁਟੀਆ ਅਥਵਾ ਆਸ਼ਰਮ ਬਣਾ ਕੇ ਰਹਿੰਦੇ ਸਨ। ਜਿੱਥੇ ਉਹ ਆਪ ਅਧਿਐਨ ਕਰਦੇ ਸਨ ਤੇ ਆਪਣੇ ਚੇਲਿਆਂ ਨੂੰ ਸਿੱਖਿਅਤ ਕਰਦੇ ਸਨ। ਉਦੋਂ ਨਲਕੇ ਅਤੇ ਟਿਊਬਵੈੱਲ ਨਹੀਂ ਸਨ। ਪਾਣੀ ਖੂਹਾਂ ਤੋਂ ਹੀ ਭਰਿਆ ਜਾਂਦਾ ਸੀ। ਆਸ਼ਰਮ ਵਿਚ ਰਹਿੰਦੇ ਰਿਸ਼ੀ ਨੇ ਇਕ ਦਿਨ ਆਪਣੇ ਚੇਲੇ ਨੂੰ ਪਾਣੀ ਲਿਆਉਣ ਲਈ ਕਿਹਾ। ਚੇਲਾ ਲੱਜ ਡੋਲ ਲੈ ਕੇ ਖੂਹ 'ਤੇ ਗਿਆ ਤੇ ਖੂਹ ਦੀ ਮੌਣ 'ਤੇ ਗੱਡੀ ਭੌਣੀ ਰਾਹੀਂ ਡੋਲ ਖੂਹ ਵਿਚ ਫਰਾਹ ਦਿੱਤਾ। ਲੱਜ ਛੋਟੀ ਹੋਣ ਕਰਕੇ ਡੋਲ ਖੂਹ ਦੇ ਪਾਣੀ ਤਕ ਨਾ ਪੁੱਜਾ। ਉਸਨੇ ਖਾਲੀ ਡੋਲ ਬਾਹਰ ਕੱਢ ਲਿਆ ਤੇ ਰਿਸ਼ੀ ਨੂੰ ਆ ਕੇ ਆਖਿਆ, 'ਰਿਸ਼ੀ ਜੀ ਖੂਹ ਤਾਂ ਖਾਲੀ ਹੈ।' ਰਿਸ਼ੀ ਨੇ ਦੂਜੇ ਚੇਲੇ ਨੂੰ ਪਾਣੀ ਲਿਆਉਣ ਲਈ ਭੇਜ ਦਿੱਤਾ। ਉਸਨੇ ਖੂਹ 'ਤੇ ਜਾ ਕੇ ਡੋਲ ਫਰਾਹਿਆ, ਪਰ ਡੋਲ ਪਾਣੀ ਤਕ ਨਾ ਪੁੱਜਾ। ਉਹ ਸਮਝ ਗਿਆ ਕਿ ਲੱਜ ਦੀ ਲੰਬਾਈ ਛੋਟੀ ਹੋਣ ਕਰਕੇ ਡੋਲ ਪਾਣੀ ਤਕ ਨਹੀਂ ਪੁੱਜਾ। ਉਸਨੇ ਆਪਣੀ ਅਕਲ ਤੋਂ ਕੰਮ ਲਿਆ ਤੇ ਲੱਜ ਨਾਲ ਆਪਣੀ ਪੱਗ ਬੰਨ੍ਹ ਕੇ ਡੋਲ ਦੁਬਾਰਾ ਖੂਹ 'ਚ ਲਮਕਾ ਦਿੱਤਾ ਤੇ ਪਾਣੀ ਨਾਲ ਭਰਿਆ ਡੋਲ ਬਾਹਰ ਕੱਢ ਲਿਆ ਤੇ ਪਾਣੀ ਰਿਸ਼ੀ ਅੱਗੇ ਲਿਆ ਧਰਿਆ। ਪਾਣੀ ਵੇਖ ਰਿਸ਼ੀ ਮੁਸਕਰਾਏ ਤੇ ਪਹਿਲੇ ਚੇਲੇ ਨੂੰ ਕਿਹਾ, 'ਭਗਤਾ ਇਸਨੂੰ ਕਹਿੰਦੇ ਨੇ ਅਕਲਾਂ ਬਾਝੋਂ ਖੂਹ ਖਾਲੀ। ਤੁਸੀਂ ਅਕਲ ਨਹੀਂ ਵਰਤੀ ਖੂਹ ਖਾਲੀ ਹੋ ਗਿਆ। ਇਸਨੇ ਅਕਲ ਤੋਂ ਕੰਮ ਲੈ ਕੇ ਪਾਣੀ ਭਰ ਲਿਆਂਦਾ।' ਇਸੇ ਜ਼ਮਾਨੇ ਦੀ 'ਮਨ ਜੀਤੇ ਜਗੁ ਜੀਤ' ਅਖਾਣ ਨਾਲ ਇਕ ਘਟਨਾ ਜੁੜੀ ਹੋਈ ਹੈ। ਵਣ ਵਿਚ ਰਹਿੰਦੇ ਇਕ ਰਿਸ਼ੀ ਨੇ ਆਪਣੇ ਚੇਲੇ ਨੂੰ ਇਕ ਟਰੰਕ ਦੇ ਕੇ ਕਿਹਾ, 'ਜਾਹ ਭਗਤਾ ਇਹ ਟਰੰਕ ਔਗੜ ਨਾਥ ਜੀ ਨੂੰ ਫੜਾ ਆ। ਉਨ੍ਹਾਂ ਦੀ ਕੁਟੀਆ ਦਾ ਤਾਂ ਤੈਨੂੰ ਪਤਾ ਹੀ ਹੈ। ਟਰੰਕ ਦੇ ਕੁੰਡੇ ਨੂੰ ਜਿੰਦਾ ਨਹੀਂ ਸੀ, ਜਿੰਦੇ ਦੀ ਥਾਂ ਮੋਟਾ ਧਾਗਾ ਬੰਨ੍ਹਿਆ ਹੋਇਆ ਸੀ। ਚੇਲਾ ਟਰੰਕ ਲੈ ਕੇ ਟੁਰ ਪਿਆ। ਰਾਹ ਵਿਚ ਉਸਦੇ ਮਨ ਵਿਚ ਆਇਆ ਕਿਉਂ ਨਾ ਉਹ ਟਰੰਕ ਖੋਲ੍ਹ ਕੇ ਵੇਖ ਲਵੇ ਕਿ ਇਸ ਵਿਚ ਰਿਸ਼ੀ ਨੇ ਕੀ ਭੇਜਿਆ ਹੈ। ਉਸਨੇ ਜੱਕੋ ਤੱਕੀ ਵਿਚ ਟਰੰਕ ਖੋਲ੍ਹ ਲਿਆ। ਟਰੰਕ ਦੇ ਖੁੱਲ੍ਹਣ ਸਾਰ ਹੀ ਟਰੰਕ ਵਿਚੋਂ ਇਕ ਚੂਹਾ ਟਪੂਸੀ ਮਾਰਕੇ ਝਾੜੀਆਂ ਵਿਚ ਜਾ ਲੁਕਿਆ। ਚੇਲੇ ਨੇ ਚੂਹਾ ਲੱਭਣ ਦੀ ਬਥੇਰੀ ਕੋਸ਼ਿਸ਼ ਕੀਤੀ, ਆਖਿਰ ਟਰੰਕ ਦੇ ਕੁੰਡੇ ਨੂੰ ਦੁਬਾਰਾ ਓਹੀ ਰੱਸੀ ਬੰਨ੍ਹ ਕੇ ਉਹ ਤੁਰ ਪਿਆ ਤੇ ਦੂਜੇ ਰਿਸ਼ੀ ਨੂੰ ਟਰੰਕ ਜਾ ਫੜਾਇਆ। ਰਿਸ਼ੀ ਨੇ ਟਰੰਕ ਖੋਲ੍ਹ ਕੇ ਦੇਖਿਆ ਉਹ ਖਾਲੀ ਸੀ। ਉਸਨੇ ਚੇਲੇ ਨੂੰ ਕਿਹਾ 'ਕਾਕਾ ਤੇਰੇ ਰਿਸ਼ੀ ਨੇ ਤਾਂ ਮੇਰੇ ਲਈ ਚੂਹਾ ਭੇਜਿਆ ਸੀ, ਉਹ ਕਿੱਥੇ ਹੈ?' 'ਮਹਾਰਾਜ ਮੈਂ ਟਰੰਕ ਖੋਲ੍ਹ ਲਿਆ ਸੀ। ਚੂਹਾ ਵਿਚੋਂ ਦੌੜ ਗਿਆ। ਸ਼ਰਮਸ਼ਾਰ ਚੇਲੇ ਨੇ ਉੱਤਰ ਦਿੱਤਾ। 'ਪੁੱਤਰਾ ਤੂੰ ਇਹ ਚੰਗਾ ਨਹੀਂ ਕੀਤਾ। ਤੇਰੇ ਗੁਰੂ ਜੀ ਤੇਰਾ ਇਮਤਿਹਾਨ ਲੈ ਰਹੇ ਸਨ। ਤੂੰ ਆਪਣੇ ਚੰਚਲ ਮਨ ਨੂੰ ਕਾਬੂ ਨਹੀਂ ਕਰ ਸਕਿਆ। ਆਪਣਾ ਮਨ ਜਿੱਤ ਕੇ ਹੀ ਜੱਗ ਜਿੱਤਿਆ ਜਾ ਸਕਦਾ ਹੈ। ਜਾਹ ਜਾ ਕੇ ਉਨ੍ਹਾਂ ਪਾਸੋਂ ਆਪਣੀ ਭੁੱਲ ਦੀ ਖਿਮਾ ਮੰਗ।' ਰਿਸ਼ੀ ਨੇ ਚੇਲੇ ਨੂੰ ਸਮਝਾਇਆ। ਮਾਤ ਭਾਸ਼ਾ ਦੇ ਮਹੱਤਵ ਨੂੰ ਉਘਾੜਦੀ ਇਕ ਕਹਾਵਤ ਹੈ:

ਆਬ ਆਬ ਕਰ ਮੋਇਓਂ ਬੱਚਾ
ਫ਼ਾਰਸੀਆਂ ਘਰ ਗਾਲੇ
ਪਤਾ ਹੁੰਦਾ ਜੇ ਪਾਣੀ ਮੰਗਦਾ
ਦੇਂਦੀ ਭਰ ਭਰ ਪਿਆਲੇ

ਆਬ ਫ਼ਾਰਸੀ ਦਾ ਸ਼ਬਦ ਹੈ। ਫ਼ਾਰਸੀ ਵਿਚ ਪਾਣੀ ਨੂੰ ਆਬ ਆਖਦੇ ਹਨ। ਫ਼ਾਰਸੀ ਇਰਾਨ ਦੀ ਭਾਸ਼ਾ ਹੈ। ਜਦੋਂ ਭਾਰਤ ਵਿਚ ਮੁਸਲਮਾਨਾਂ ਨੇ ਰਾਜ ਕਰਨਾ ਸ਼ੁਰੂ ਕੀਤਾ ਤਾਂ ਇਹ ਭਾਰਤ ਵਿਚ ਪ੍ਰਵੇਸ਼ ਕਰ ਗਈ। ਸਰਕਾਰੀ ਕੰਮ ਕਾਜ ਫ਼ਾਰਸੀ ਵਿਚ ਹੋਣ ਕਰਕੇ ਆਮ ਲੋਕਾਂ ਨੇ ਉੱਚ ਅਹੁਦੇ ਪ੍ਰਾਪਤ ਕਰਨ ਲਈ ਫ਼ਾਰਸੀ ਪੜ੍ਹਨੀ ਲਿਖਣੀ ਸ਼ੁਰੂ ਕਰ ਦਿੱਤੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਇਹ ਪੰਜਾਬ ਦੀ ਰਾਜ ਭਾਸ਼ਾ ਸੀ। ਲੋਕ ਫ਼ਾਰਸੀ ਲਿਖਣ, ਪੜ੍ਹਨ ਅਤੇ ਬੋਲਣ ਵਿਚ ਫਖ਼ਰ ਸਮਝਦੇ ਸਨ। ਕਿਸੇ ਨੇ ਆਪਣੇ ਬੱਚੇ ਨੂੰ ਮਸੀਤ ਵਿਚ ਕਾਜੀ ਕੋਲੋਂ ਫ਼ਾਰਸੀ ਪੜ੍ਹਨ ਭੇਜ ਦਿੱਤਾ ਜਿੱਥੇ ਉਹ ਦੂਜੇ ਮੁੰਡਿਆਂ ਨਾਲ ਪਾਣੀ ਨੂੰ ਆਬ ਆਖਣ ਲੱਗਾ। ਇਕ ਦਿਨ ਉਹ ਬਿਮਾਰ ਹੋ ਗਿਆ ਤੇ ਆਬ ਆਬ ਆਖ ਕੇ ਆਪਣੀ ਮਾਂ ਕੋਲੋਂ ਪਾਣੀ ਮੰਗਣ ਲੱਗਾ। ਅਨਪੜ੍ਹ ਹੋਣ ਕਾਰਨ ਉਹ ਪਾਣੀ ਮੰਗਦੇ ਬੱਚੇ ਦੀ ਗੱਲ ਸਮਝ ਨਾ ਸਕੀ। ਏਨੇ ਨੂੰ ਬੱਚੇ ਦੀ ਪਾਣੀ ਨਾ ਮਿਲਣ ਕਰਕੇ ਮੌਤ ਹੋ ਗਈ।

ਬਾਹਰੋਂ ਅਫ਼ਸੋਸ ਕਰਨ ਆਏ ਲੋਕਾਂ ਨੇ ਮੌਤ ਦਾ ਕਾਰਨ ਪੁੱਛਿਆ ਤਾਂ ਰੋਂਦੀ ਹੋਈ ਮਾਂ ਨੇ ਕਿਹਾ 'ਬਿਮਾਰੀ ਦਾ ਤਾਂ ਮੈਨੂੰ ਪਤਾ ਨਹੀਂ, ਹੂੰਗਰਾਂ ਮਾਰਦਾ ਹੋਇਆ ਆਬ ਆਬ ਮੰਗਦਾ ਸੀ।' ਪੜ੍ਹੇ ਲਿਖੇ ਇਕ ਪੁਰਸ਼ ਨੇ ਦੱਸਿਆ ਕਿ ਫ਼ਾਰਸੀ ਭਾਸ਼ਾ ਵਿਚ ਪਾਣੀ ਨੂੰ ਆਬ ਕਹਿੰਦੇ ਹਨ। ਇਹ ਸੁਣ ਕੇ ਉਹ ਬਹੁਤ ਪਛਤਾਈ ਤੇ ਕੂਕਣ ਲੱਗੀ: ਆਬ ਆਬ ਕਰ ਮੋਇਓਂ ਬੱਚਾ/ਫ਼ਾਰਸੀਆਂ ਘਰ ਗਾਲੇ/ ਪਤਾ ਹੁੰਦਾ ਜੇ ਪਾਣੀ ਮੰਗਦਾ/ ਦੇਂਦੀ ਭਰ ਭਰ ਪਿਆਲੇ

ਜਿਹੜੇ ਲੋਕ ਆਪਣੀ ਮਾਤ ਭਾਸ਼ਾ ਨੂੰ ਨਾ ਅਪਣਾ ਕੇ ਦੂਜੀਆਂ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ ਤਾਂ ਉਨ੍ਹਾਂ ਨੂੰ ਸੁਚੇਤ ਕਰਨ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

ਲੋਕ ਅਖਾਣ ਤੇ ਮੁਹਾਵਰੇ ਲੋਕਾਂ ਦੇ ਸਦੀਆਂ ਤੋਂ ਕਮਾਏ ਹੋਏ ਤਜਰਬੇ ਅਤੇ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਲੋਕਾਂ ਅੱਗੇ ਉਘਾੜ ਕੇ ਪੇਸ਼ ਕਰਦੇ ਹਨ। ਇਹ ਉਹ ਬੇਸ਼ਕੀਮਤੀ ਹੀਰੇ ਮੋਤੀਆਂ ਦੀਆਂ ਲੜੀਆਂ ਹਨ ਜਿਨ੍ਹਾਂ ਵਿਚ ਜੀਵਨ ਤੱਤ ਪਰੋਏ ਹੋਏ ਹਨ। ਇਹ ਸਾਡੇ ਜੀਵਨ ਵਿਚ ਰਸ ਹੀ ਨਹੀਂ ਘੋਲਦੇ, ਸੂਹਜ ਵੀ ਪੈਦਾ ਕਰਦੇ ਹਨ ਅਤੇ ਜੀਵਨ ਦੀਆਂ ਕਈ ਸਮੱਸਿਆਵਾਂ ਵੀ ਸੁਲਝਾਉਂਦੇ ਹਨ। ਲੋਕ ਗੀਤਾਂ ਵਾਂਗ ਅਖਾਣ ਤੇ ਮੁਹਾਵਰੇ ਵੀ ਕਿਸੇ ਵਿਸ਼ੇਸ਼ ਵਿਅਕਤੀ ਦੀ ਰਚਨਾ ਨਹੀਂ ਹੁੰਦੇ ਬਲਕਿ ਇਹ ਸਮੁੱਚੀ ਕੌਮ ਦੇ ਸਦੀਆਂ ਕਮਾਏ ਹੋਏ ਅਨੁਭਵ ਨੂੰ ਸਮੇਂ ਦੀ ਕੁਠਾਲੀ ਵਿਚ ਸੋਧ ਕੇ ਜੀਵਨ ਪਰਵਾਹ ਵਿਚ ਰਲ ਜਾਂਦੇ ਹਨ।

ਮਸ਼ੀਨੀ ਸੱਭਿਅਤਾ ਦੇ ਪ੍ਰਭਾਵ ਕਾਰਨ ਪੰਜਾਬ ਦੇ ਲੋਕ ਜੀਵਨ ਵਿਚ ਬਹੁਤ ਸਾਰੀਆਂ ਤਬਦੀਲੀਆਂ ਆ ਗਈਆਂ ਹਨ। ਅੱਜ ਪੁਰਾਣਾ ਪੰਜਾਬ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ। ਸਮੁੱਚੇ ਪਿੰਡ ਸੜਕਾਂ ਰਾਹੀਂ ਸ਼ਹਿਰਾਂ ਨਾਲ ਜੁੜ ਗਏ ਹਨ। ਖੇਤੀਬਾੜੀ ਕਰਨ ਦੇ ਢੰਗ ਤਬਦੀਲ ਹੋ ਗਏ ਹਨ। ਹਰਟਾਂ ਦੀ ਥਾਂ ਟਿਊਬਵੈੱਲ ਅਤੇ ਬਲਦਾਂ ਦੀ ਥਾਂ ਟਰੈਕਟਰ ਆ ਗਏ ਹਨ। ਪਿੰਡਾਂ ਦਾ ਵੀ ਸ਼ਹਿਰੀਕਰਨ ਹੋ ਰਿਹਾ ਹੈ। ਘਰ ਘਰ ਰੇਡੀਓ ਅਤੇ ਟੈਲੀਵਿਜ਼ਨ ਸੁਣਾਈ ਦਿੰਦੇ ਹਨ। ਪਿੰਡਾਂ ਵਿਚ ਨਾ ਹੁਣ ਪਹਿਲਾਂ ਵਾਂਗ ਸੱਥਾਂ ਤੇ ਮਹਿਫ਼ਲਾਂ ਜੁੜਦੀਆਂ ਹਨ, ਨਾ ਦੁਪਹਿਰੀਂ ਪਿੰਡਾਂ ਦੇ ਬਰੋਟਿਆਂ-ਟਾਹਲੀਆਂ ਦੀ ਛਾਵੇਂ ਲੋਕ ਮਿਲ ਬੈਠਦੇ ਹਨ। ਪੰਜਾਬ ਦੇ ਲੋਕ ਜੀਵਨ ਵਿਚੋਂ ਬਹੁਤ ਕੁਝ ਵਿਸਰ ਰਿਹਾ ਹੈ, ਰਾਤ ਨੂੰ ਬਾਤਾਂ ਪਾਉਣ ਅਤੇ ਬੁਝਾਰਤਾਂ ਬੁੱਝਣ ਦੀ ਪ੍ਰਥਾ ਖ਼ਤਮ ਹੋ ਗਈ ਹੈ। ਪਿੰਡਾਂ ਵਿਚ ਸੱਥਾਂ ਅਤੇ ਖੁੰਡਾਂ 'ਤੇ ਬੈਠ ਕੇ ਵਿਚਾਰ ਵਟਾਂਦਰਾ ਕਰਨ ਦੀ ਗੱਲ ਵੀ ਬੀਤੇ ਸਮੇਂ ਦੀ ਗਾਥਾ ਬਣ ਕੇ ਹੀ ਰਹਿ ਗਈ ਹੈ। ਲੋਕ ਅਖਾਣ ਜੋ ਪੰਜਾਬੀ ਲੋਕ ਸਾਹਿਤ ਦਾ ਵਿਸ਼ੇਸ਼ ਅੰਗ ਹਨ, ਸਾਡੀ ਬੋਲਚਾਲ ਵਿਚੋਂ ਲੋਪ ਹੋ ਰਹੇ ਹਨ। ਪੰਜਾਬ ਦੇ ਲੋਕ ਜੀਵਨ ਵਿਚ ਲੋਕ ਅਖਾਣਾਂ ਦੀ ਬਹੁਤ ਵਰਤੋਂ ਹੁੰਦੀ ਰਹੀ ਹੈ। ਇਹ ਹਜ਼ਾਰਾਂ ਦੀ ਗਿਣਤੀ ਵਿਚ ਮਿਲਦੇ ਹਨ। ਪੰਜਾਬ ਖੇਤੀਬਾੜੀ ਪ੍ਰਧਾਨ ਪ੍ਰਾਂਤ ਹੋਣ ਕਾਰਨ ਕਿਸਾਨੀ ਜੀਵਨ ਨਾਲ ਸਬੰਧਿਤ ਲੋਕ ਅਖਾਣ ਆਦਿ ਕਾਲ ਤੋਂ ਹੀ ਕਿਸਾਨਾਂ ਦੀ ਅਗਵਾਈ ਕਰਦੇ ਰਹੇ ਹਨ। ਮੌਸਮ ਬਾਰੇ ਜਾਣਕਾਰੀ, ਖੇਤੀ ਦਾ ਮਹੱਤਵ, ਜ਼ਮੀਨ ਦੀ ਚੋਣ, ਪਸ਼ੂ ਧਨ, ਸਿੰਜਾਈ, ਗੋਡੀ, ਬੀਜਾਈ, ਗਹਾਈ, ਵਾਢੀ, ਫ਼ਸਲਾਂ, ਖਾਦਾਂ ਤੇ ਜੱਟ ਦੇ ਸੁਭਾਅ ਅਤੇ ਕਿਰਦਾਰ ਆਦਿ ਕਿਸਾਨੀ ਜੀਵਨ ਅਤੇ ਖੇਤੀਬਾੜੀ ਨਾਲ ਸਬੰਧਿਤ ਵਿਸ਼ਿਆਂ 'ਤੇ ਬੇਸ਼ੁਮਾਰ ਅਖਾਣ ਮਿਲਦੇ ਹਨ ਜਿਨ੍ਹਾਂ ਤੋਂ ਕਿਸਾਨ ਅਗਵਾਈ ਲੈਂਦੇ ਰਹੇ ਹਨ। ਪੰਜਾਬੀ ਵਿਚ ਅਨੇਕਾਂ ਲੋਕ ਅਖਾਣ ਪ੍ਰਚੱਲਤ ਹਨ ਜਿਹੜੇ ਪੰਜਾਬ ਦੇ ਜੱਟਾਂ ਅਤੇ ਪੰਜਾਬ ਵਿਚ ਵਸਦੀਆਂ ਹੋਰ ਉਪ ਜਾਤੀਆਂ ਦੇ ਸੁਭਾਅ ਕਿਰਦਾਰ ਦਾ ਵਰਨਣ ਕਰਦੇ ਹਨ ਜਿਨ੍ਹਾਂ ਦਾ ਅਧਿਐਨ ਕਰਕੇ ਅਸੀਂ ਉਨ੍ਹਾਂ ਬਾਰੇ ਸਹੀ ਤੌਰ 'ਤੇ ਜਾਣ ਸਕਦੇ ਹਾਂ। ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਦਰਸਾਉਣ ਵਾਲੇ ਲੋਕ ਅਖਾਣ ਹਜ਼ਾਰਾਂ ਦੀ ਗਿਣਤੀ ਵਿਚ ਉਪਲੱਬਧ ਹਨ। ਡਾ. ਦੇਵੀ ਦਾਸ ਹਿੰਦੀ ਦਾ ਸੰਗ੍ਰਹਿ 'ਪੰਜਾਬੀ ਅਖਾਣਾਂ ਦੀ ਖਾਣ', ਡਾ. ਸ਼ਾਹਬਾਜ਼ ਮਲਕ ਦੀ ਪੁਸਤਕ 'ਸਾਡੇ ਅਖਾਣ', ਵਣਜਾਰਾ ਬੇਦੀ ਵੱਲੋਂ ਸੰਪਾਦਿਤ 'ਲੋਕ ਆਖਦੇ ਹਨ', ਡਾ. ਤਾਰਨ ਸਿੰਘ ਅਤੇ ਦਰਸ਼ਨ ਸਿੰਘ ਅਵਾਰਾ ਵੱਲੋਂ ਸੰਪਾਦਿਤ 'ਮੁਹਾਵਰਾ ਅਤੇ ਅਖਾਣ ਕੋਸ਼' ਅਤੇ ਮੇਰੀ ਆਪਣੀ ਕਿਤਾਬ 'ਲੋਕ ਸਿਆਣਪਾਂ' ਪੰਜਾਬੀ ਦੇ ਚਰਚਿਤ ਅਖਾਣ ਕੋਸ਼ ਹਨ। ਅਜੇ ਵੀ ਸਾਡੇ ਪਿੰਡਾਂ ਅਤੇ ਸ਼ਹਿਰਾਂ ਵਿਚ ਅਜਿਹੇ ਬਜ਼ੁਰਗ ਬੈਠੇ ਹਨ ਜਿਹੜੇ ਅਖਾਣਾਂ ਦੀਆਂ ਖਾਣਾਂ ਹਨ। ਉਨ੍ਹਾਂ ਪਾਸ ਜਾ ਕੇ ਅਖਾਣ ਸਾਂਭਣ ਦੀ ਲੋੜ ਹੈ ਨਹੀਂ ਤਾਂ ਇਹ ਸਾਡਾ ਵੱਡਮੁੱਲਾ ਵਿਰਸਾ ਅਜਾਈਂ ਗੁਆਚ ਜਾਵੇਗਾ।



# 1300 ਸਾਲਾਂ ਤੋਂ ਸਮੁੰਦਰ ‘ਤੇ ਵੱਸਿਆ ਪਿੰਡ



ਕੀ ਤੁਸੀਂ ਕਦੇ ਅਜਿਹੇ ਘਰ ਦੀ ਕਲਪਨਾ ਕੀਤੀ ਹੈ ਜੋ ਪਾਣੀ ਦੇ ਉੱਤੇ ਹੋਵੇ? ਸ਼ਾਇਦ ਨਹੀਂ ਪਰ ਦੁਨੀਆਂ ਵਿੱਚ ਇੱਕ ਅਜਿਹੀ ਬਸਤੀ ਹੈ ਜੋ ਪਾਣੀ ਦੇ ਉੱਤੇ ਵੱਸੀ ਹੋਈ ਹੈ ਅਤੇ ਜਿਸ ਦੀ ਵੱਸੋਂ 7000 ਦੇ ਕਰੀਬ ਹੈ। ਇਹ ਬਸਤੀ ਚੀਨ ਵਿੱਚ ਹੈ ਜੋ ਸਮੁੰਦਰੀ ਮਛੇਰਿਆਂ ਦੀ ਸਥਾਪਤ ਕੀਤੀ ਹੋਈ ਹੈ ਜੋ ਟਾਂਕਾ ਕਹਾਉਂਦੇ ਹਨ। ਚੀਨ ਵਿੱਚ ਕਈ ਸਦੀਆਂ ਪਹਿਲਾਂ ਟਾਂਕਾ ਕਬੀਲੇ ਦੇ ਲੋਕ ਉੱਥੋਂ ਦੇ ਸ਼ਾਸਕਾਂ ਦੇ ਰਾਜ ਤੋਂ ਇੰਨੇ ਤੰਗ ਹੋਏ ਕਿ ਉਨ੍ਹਾਂ ਨੇ ਸਮੁੰਦਰ ਉੱਤੇ ਰਹਿਣਾ ਤੈਅ ਕਰ ਲਿਆ।

ਕਰੀਬ 700 ਈਸਵੀ ਤੋਂ ਲੈ ਕੇ ਅੱਜ ਤਕ ਇਹ ਲੋਕ ਨਾ ਤਾਂ ਧਰਤੀ ਉੱਤੇ ਰਹਿਣ ਨੂੰ ਤਿਆਰ ਹਨ ਅਤੇ ਨਾ ਹੀ ਆਧੁਨਿਕ ਜੀਵਨ ਅਪਨਾਉਣ ਨੂੰ। ਚੀਨ ਦੇ ਦੱਖਣ ਪੂਰਵ ਖੇਤਰ ਵਿੱਚ ਕਰੀਬ 7000 ਮਛੇਰਿਆਂ ਦੇ ਪਰਿਵਾਰ ਆਪਣੇ ਗੀਤੀ ਰਿਵਾਜ ਅਨੁਸਾਰ ਕਿਸ਼ਤੀਆਂ ਦੇ ਮਕਾਨ ਵਿੱਚ ਰਹਿ ਰਹੇ ਹਨ। ਇਹ ਘਰ ਸਮੁੰਦਰ ਉੱਤੇ ਤੈਰ ਰਹੇ ਹਨ।

ਇਨ੍ਹਾਂ ਘਰਾਂ ਦੀ ਇੱਕ ਪੂਰੀ ਬਸਤੀ ਹੈ। ਸਮੁੰਦਰੀ ਮਛੇਰੀਆਂ ਦੀ ਇਹ ਬਸਤੀ ਫੁਜਿਆਨ ਰਾਜ ਦੇ ਦੱਖਣ ਪੂਰਵ ਦੀ ਨਿੰਗਡੇ ਸਿਟੀ ਦੇ ਕੋਲ ਸਮੁੰਦਰ ਵਿੱਚ ਤੈਰ ਰਹੀ ਹੈ। ਟਾਂਕਾ ਲੋਕਾਂ ਨੂੰ ‘ਜਿਪਸੀਜ ਆਫ਼ ਦਿ ਸੀਂ’ ਵੀ ਕਿਹਾ ਜਾਂਦਾ ਹੈ। ਚੀਨ ਵਿੱਚ 700 ਈਸਵੀ ਵਿੱਚ ਤਾਂਗ ਰਾਜਵੰਸ਼ ਦਾ ਸ਼ਾਸਨ ਸੀ। ਉਸ ਸਮੇਂ ਟਾਂਕਾ ਜਨਜਾਤੀ ਸਮੂਹ ਦੇ ਲੋਕ ਲੜਾਈ ਤੋਂ ਬਚਣ ਲਈ ਸਮੁੰਦਰ ਵਿੱਚ ਆਪਣੀ ਕਿਸ਼ਤੀਆਂ ਵਿੱਚ ਰਹਿਣ ਲੱਗੇ ਸਨ। ਉਦੋਂ ਤੋਂ ਇਨ੍ਹਾਂ ਨੂੰ ‘ਜਿਪਸੀਜ ਆਫ਼ ਦਿ ਸੀਂ’ ਕਿਹਾ ਜਾਣ ਲੱਗਾ। ਇਹ ਕਦੇ ਕਦਾਈਂ ਹੀ ਜ਼ਮੀਨ ਉੱਤੇ ਆਉਂਦੇ ਹਨ। ਟਾਂਕਾ ਜਨਜਾਤੀ ਦੇ ਲੋਕਾਂ ਦਾ ਪੂਰਾ ਜੀਵਨ ਪਾਣੀ ਦੇ ਘਰਾਂ ਅਤੇ ਮੱਛਲੀਆਂ ਦੇ ਸ਼ਿਕਾਰ ਵਿੱਚ ਹੀ ਗੁਜ਼ਰ ਜਾਂਦਾ ਹੈ। ਇਨ੍ਹਾਂ ਜ਼ਮੀਨ ਉੱਤੇ ਜਾਣ ਤੋਂ ਬਚਣ ਲਈ ਨਾ ਕੇਵਲ ਤੈਰਨ ਵਾਲੇ ਘਰ ਸਗੋਂ ਵੱਡੇ-ਵੱਡੇ ਪਲੇਟਫ਼ਾਰਮ ਵੀ ਲੱਕੜੀ ਤੋਂ ਤਿਆਰ ਕਰ ਲਏ ਹਨ। ਚੀਨ ਵਿੱਚ ਕਮਿਊਨਿਸਟ ਸ਼ਾਸਨ ਦੀ ਸਥਾਪਨਾ ਹੋਣ ਤਕ ਇਹ ਲੋਕ ਨਾ ਤਾਂ ਕੰਢੇ ਉੱਤੇ ਆਉਂਦੇ ਸਨ ਅਤੇ ਨਾ ਹੀ ਸਮੁੰਦਰੀ ਕੰਢੇ ਵੱਸੇ ਲੋਕਾਂ ਦੇ ਨਾਲ ਵਿਆਹ ਕਰਦੇ-ਕਰਾਉਂਦੇ ਸਨ। ਇਹ ਆਪਣੀਆਂ ਹੀ ਕਿਸ਼ਤੀਆਂ ਉੱਤੇ ਵਿਆਹ ਕਰਦੇ ਹਨ। ਹਾਲ ਦੇ ਦਿਨਾਂ ਵਿੱਚ ਮੌਜੂਦਾ ਸਰਕਾਰ ਤੋਂ ਭਰੋਸਾ ਮਿਲਣ ਤੋਂ ਬਾਅਦ ਟਾਂਕਾ ਸਮੂਹ ਦੇ ਕੁਝ ਲੋਕ ਸਮੁੰਦਰ ਕੰਢੇ ਘਰ ਜ਼ਰੂਰ ਬਣਾਉਣ ਲੱਗੇ ਹਨ ਪਰ ਬਹੁਤੇ ਲੋਕ ਆਪਣੇ ਪੁਰਾਣੇ ਤਰੀਕੇ ਮੁਤਾਬਕ ਤੈਰਦੇ ਹੋਏ ਘਰਾਂ ਵਿੱਚ ਹੀ ਰਹਿਣਾ ਪਸੰਦ ਕਰਦੇ ਹਨ।

**ਲੇਖਕ : ਬੇਅੰਤ ਸਿੰਘ ਬਾਜਵਾ**
**ਸੰਪਰਕ : 97796-00642**

## ਹਾਥੀ ਦੇ ਸੁੰਡ ਕਿਉਂ ਹੁੰਦੀ ਹੈ ?

ਬੱਚਿਓ! ਹਾਥੀ ਦਾ ਸਰੀਰ ਬਹੁਤ ਵੱਡਾ ਹੁੰਦਾ ਹੈ। ਇਸਦੇ ਮੂੰਹ ਦੀ ਉੱਚਾਈ ਧਰਤੀ ਤੋਂ ਕਾਫ਼ੀ ਦੂਰ ਹੁੰਦੀ ਹੈ। ਜਿਸ ਕਰਕੇ ਉਹ ਧਰਤੀ ‘ਤੇ ਘਾਹ ਜਾਂ ਪੌਦੇ ਨਹੀਂ ਖਾ ਸਕਦਾ ਅਤੇ ਨਾ ਹੀ ਪਾਣੀ ਪੀ ਸਕਦਾ ਹੈ। ਕਿਸੇ ਜੀਵ ਨੂੰ ਜਿਉਂਦਾ ਰਹਿਣ ਲਈ ਪਾਣੀ ਅਤੇ ਭੋਜਨ ਜ਼ਰੂਰੀ ਹੈ ਜਿਸ ਕਾਰਨ ਉਸਦੇ ਨੱਕ ਦੀ ਲੰਬਾਈ ਵਧ ਗਈ ਅਤੇ ਇਕ ਲੰਬੀ ਟਿਊਬ ਵਿਚ ਤਬਦੀਲ ਹੋ ਗਈ। ਇਸ ਮਾਸਪੇਸ਼ੀਆਂ ਦੀ ਟਿਊਬ ਨੂੰ ਸੁੰਡ ਕਹਿੰਦੇ ਹਨ। ਸੁੰਡ ਵਿਚ 40,000 ਹਜ਼ਾਰ ਮਾਸਪੇਸ਼ੀਆਂ ਹੁੰਦੀਆਂ ਹਨ। ਇਹ ਸੁੰਡ ਹੱਥ ਦੀ ਤਰ੍ਹਾਂ ਔਜ਼ਾਰ ਦਾ ਕੰਮ ਕਰਦੀ ਹੈ। ਹਾਥੀ ਸੁੰਡ ਨਾਲ ਧਰਤੀ ਅਤੇ ਰੁੱਖਾਂ ਤੋਂ ਪੱਤੇ ਅਤੇ ਟਾਹਣੀਆਂ ਨੂੰ ਤੋੜ ਕੇ ਮੂੰਹ ਵਿਚ ਲੈ ਕੇ ਜਾਂਦਾ ਹੈ। ਉਹ ਸੁੰਡ ਵਿਚ ਪਾਣੀ ਭਰਕੇ ਮੂੰਹ ਵਿਚ ਲੈ ਜਾਂਦਾ ਹੈ। ਹਾਥੀ ਸੁੰਡ ਦੀ ਵਰਤੋਂ ਸਾਹ ਲੈਣ, ਛੂਹਣ, ਆਵਾਜ਼ ਪੈਦਾ ਕਰਨ ਅਤੇ ਗੰਧ ਮਹਿਸੂਸ ਕਰਨ ਲਈ ਵੀ ਕਰਦਾ ਹੈ।

ਕਰਨੈਲ ਸਿੰਘ ਰਾਮਗੜ੍ਹ, ਸੰਪਰਕ: 79864-99563



## ਰਸਤਾ ਲੱਭੋ




## ਬਿੰਦੂ ਮਿਲਾਓ




## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ ’ਚ ਘੱਟੋ-ਘੱਟ 5 ਅੰਤਰ ਹਨ । ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?








# ਕਾਵਿ-ਲਹਿਰਾਂ

## ਧੀ ਦੀ ਡੋਲੀ

ਹਿੰਮਤ ਕਰਕੇ ਛੱਡ ਦਿੱਤਾ ਮੈਂ ,
ਤੇਰਾ ਘਰ ਵੇ ਬਾਬੁਲਾ ।
ਨਿੱਕੇ - ਨਿੱਕੇ ਪੈਰ ਜਦੋਂ ਮੈਂ ,
ਤੇਰੇ ਘਰ ਪਾਏ ਸੀ ।
ਸਾਰਾ ਘਰ ਗੂੰਜ ਉੱਠਿਆ ,
ਜਦੋਂ ਤੋਤਲੀ ਆਵਾਜ਼ 'ਚ ,
ਮੈਂ ਦੋ ਸ਼ਬਦ ਸੁਣਾਏ ਸੀ ।

ਜ਼ਿੰਮੇਵਾਰੀ ਪੈ ਗਈ ਮੇਰੇ ਤੇ ,
ਜਦ ਮੈਂ ਥੋੜੀ ਵੱਡੀ ਹੋਈ ।
ਜਿਆਦਾ ਬੋਲਣਾ ਚੰਗਾ ਨਹੀਂ ,
ਕੁਝ ਲੋਕਾ ਇਹ ਗੱਲ ਸੁਣਾਈ ।
ਲਾਜ ਬਣੀ ਬਾਬੁਲ ਦੀ ,
ਕਿਤੇ ਪੱਗ ਨੂੰ ਦਾਗ ਨਾ ਲਾ ਦੀ ,
ਮਾਂ ਮੇਰੀ ਨੇ ਗੱਲ ਸਮਝਾਈ ।

ਰਿਸ਼ਤਾ ਲੱਭਿਆ ਮੇਰੇ ਲਈ ,
ਮੁੰਡੇ ਵਾਲਿਆ ਕੀਮਤ ਪਾਈ ,
ਸੋਹਣਾ ਬਾਬੁਲ ਵਿਆਹ ਕੀਤਾ ,
ਧੀ ਦੀ ਹਰ ਇੱਕ ਰੀਝ ਪੁਗਾਈ ।
ਰੋਂਦੀ ਬਾਬੁਲ ਤੋਂ ਜਰ ਨਾ ਹੋਵੇ ,
ਜਦ ਧੀ ਆਪਣੀ ਡੋਲੀ ਪਾਈ ।

ਕਰਕੇ ਪੱਥਰ ਜਿਹਾ ਜਿਗਰਾ ,
ਵੀਰ ਨੇ ਭੈਣ ਡੋਲੀ ਪਾਈ ,
ਤੇਰੇ ਘਰ ਦੀਆਂ ਮੌਜਾਂ ਨੂੰ ,
ਧੀਆਂ ਨੂੰ ਤਰਸ਼ ਦੀਆਂ ,
ਭਰ ਆਉਂਦਾ ਅੱਖਾਂ 'ਚ ਪਾਣੀ ,
ਚਹਿਲਾ ਅੱਖੀਆਂ ਬਰਸ ਦੀਆਂ ।

**ਲਿਖਤ : ਮਨਪ੍ਰੀਤ ਕੌਰ ਚਹਿਲ**
**ਸੰਪਰਕ : 84377 52216**

## ਗ਼ਜ਼ਲ

ਸਾਧਾਂ ਪਾਖੰਡੀਆਂ ਦੇ ਅੱਗੇ,
ਸਰਕਾਰ ਗੁਲਾਮ ਚਿਰਾਂ ਤੋਂ
ਗੱਲ ਨਹੀਂ ਹੁਣ ਦੀ ਇਹ ਤਾਂ,
ਯਾਰ ਬਦਨਾਮ ਚਿਰਾਂ ਤੋਂ
ਸ਼ਾਹਾਂ ਦਾ ਭਰਦੀ ਹੈ ਪਾਣੀ,
ਰੰਨ- ਰਖੇਲਾਂ ਦੇ ਵਾਂਗੂੰ
ਹੈ ਸਰਕਾਰ ਨਕੰਮੀ ਮੇਰੀ,
ਲੱਗੇ ਇਲਜ਼ਾਮ ਚਿਰਾਂ ਤੋਂ

ਬੂਹੇ ਬੰਦ ਜ਼ਰ ਗਏ ਤਾਲ਼ੇ,
ਪਰਤੇ ਨਾ ਲਾਲ ਘਰਾਂ ਨੂੰ
ਡਾਟਾਂ ਵਾਲੇ ਦਰਵਾਜ਼ੇ ਤਾਂ,
ਹੋਏ ਬੇਨਾਮ ਚਿਰਾਂ ਤੋਂ

ਕੋਈ ਗੱਲ ਨਹੀਂ ਰੁਸਵਾ ਸਾਥੋਂ,
ਮਹਿਰਮ ਦਿਲ ਦਾ ਮਾਹੀ ਓਹ
ਆ ਸੁਪਨੇ ਅੰਦਰ ਕਰ ਜਾਂਦੈ,
ਖਾਮੋਸ਼ ਸਲਾਮ ਚਿਰਾਂ ਤੋਂ

ਸਖਤ ਸਜ਼ਾਵਾਂ ਤੋੜ ਸਕਣ ਨਾ,
ਮਜਬੂਤ ਇਰਾਦੇ ਦਿਲ ਦੇ
ਜਬਰ ਜਿਨਾਂ ਦੇ ਪੁਰਖੇ ਝੱਲਣ,
ਪੁਸ਼ਤਾਂ ਕੁਹਰਾਮ ਚਿਰਾਂ ਤੋਂ
ਲੁੱਟ ਲਿਆ ਹੈ ਭੰਡਾਂ ਸਾਨੂੰ,
ਚਾਤੁਰ ਤੇਜ਼ ਜ਼ੁਬਾਨਾਂ ਨੇ
ਸਰਹੱਦਾਂ ਉੱਤੇ ਪਹਿਰੇ ਲਾ,
ਹੋਏ ਬੇ-ਆਰਾਮ ਚਿਰਾਂ ਤੋਂ

ਨੇਰ੍ਹ ਪਸਾਰਾ ਕਰਦਾ ਜਾਂਦੈ,
ਹੈ ਸੂਰਜ ਸੀਖਾਂ ਅੰਦਰ
ਕਲਮਾਂ ਕਰਨ ਖੁਸ਼ਾਮਿਦ "ਬਾਲੀ",
ਹਨ ਪਰ ਨਾਕਾਮ ਚਿਰਾਂ ਤੋਂ।

**ਲਿਖਤ : ਬਾਲੀ ਰੇਤਗੜ੍ਹ**

## ਮੈ ਅਕਸਰ ਸੋਚਦਾ ਹਾਂ

ਮੈ ਅਕਸਰ ਸੋਚਦਾ ਹਾਂ
ਕੀਹ ਮਜਦੂਰ ਕਦੋ ਤੱਕ
ਆਪਣੇ ਲੇਖਾਂ ਨੂੰ ਕੋਸੇ ਗਾ
ਜਾਗੇਗਾ ਨਹੀਂ, ਜਦੋਂ ਤੱਕ

ਜਦੋਂ ਇਹਨਾਂ ਲੇਖਾਂ ਵਾਲੇ
ਆਲਸ ਨੂੰ ਤਿਆਗ ਦੇਣਾ
ਜਿੰਦਗੀ ਦੇ ਸੰਘਰਸ਼ ਦਾ
ਉਦੋਂ ਮੁੱਲ ਪੂਰਾ ਲੈਣਾ

ਕੀਹ ਅਸਾਡੇ ਹਥੌੜਿਆਂ ਸ਼ੈਨੀਆ
ਨੂੰ ਜੰਗ ਖਾਹ ਰਿਹਾ
ਸਾਡੀ ਕਿਰਤ ਲੁੱਟ ਕੋਈ
ਵਿਹਲੜ ਨੰਗ ਖਾਹ ਰਿਹਾ

ਜਦੋਂ ਇਨ੍ਹਾਂ ਸਰਮਾਏਦਾਰਾਂ ਦੀ
ਅਸੀ ਲੁੱਟ ਨਾਂ ਸਹਾਂਗੇ
ਹਰ ਬਜਾਰ, ਗਲੀ ਮੁਹੱਲੇ
ਬਾਗੀ ਹੋ ਇਨਕਲਾਬ ਕਹਾਂਗੇ

ਜਿੱਥੇ ਰੋਜ ਲੁੱਟਿਆ ਜਾਂਦਾ ਏ
ਸਾਡੀ ਅਣਖ, ਵਫਾਦਾਰੀ ਨੂੰ
ਜਿਸਨੂੰ ਤੁਸੀਂ ਮਿਹਨਤਾਨਾ ਜਤਾਉਂਦੇ
ਅਸੀ ਸਮਝਦੇ, ਤੁਹਾਡੀ ਮਕਾਰੀ ਨੂੰ

ਅਸੀ ਭਾਵੇਂ ਲੱਖ ਚੱਟੀਏ
ਤੁਹਾਡੇ ਨਿਆਣਿਆਂ ਦੀ ਲਾਲਾਂ
ਸਾਡੇ ਬੱਚਿਆਂ ਨੂੰ ਘੂਰ ਦੇ
ਕਹਿ ਪਰਾ ਹੱਟ ਸੀਅ ਕਾਲਾ

ਮੈ ਸੁਣਦਾ ਅਸਾਡੇ ਪਿਓ ਦਾਦਿਆਂ ਤੋਂ
ਕੀਹ ਧਨਾਢਾਂ ਨਾਲ ਨਾ ਅੜੀਏ
ਇੱਕ ਦੋ ਰੁਪਏ ਖਾਤਰ
ਲੁੱਚੜਾ ਦੇ ਲਾਣੇ ਨਾਲ ਨਾ ਲੜੀਏ

ਆਪਣੇ ਹੱਕ ਦੀ ਮਿਹਨਤ
ਹੁਣ ਨਾ, ਅਸੀਂ ਲੁਟਾਵਾਗੇਂ
ਚੂਹੜੇ ਤੇ, ਸ਼ੀਰੀ ਪਾਲੀ
ਹੁਣ ਨਾ, ਅਸੀਂ ਅਖਵਾਗੇਂ

ਹੁਣ ਯੁੱਗ ਅਸ਼ਾ ਬਦਲ ਦੇਣਾ
ਵਰਾ ਚੜਿਆ ਈ ਲੀਪ
ਹੁਣ ਬਾਜੀ ਜਿੱਤ ਲੈਣੀ
ਅਸ਼ਾ ਲਾ ਦੁੱਕੀ ਦੀ ਸੀਪ

ਰਿਕਵੀਰ ਗਰੀਬ ਬੇਸ਼ੱਕ ਜੰਮੇ
ਗਰੀਬੀ ਨਾ, ਹੁਣ ਅਖੀਰੀ ਏ
ਗਰੀਬੀ ਦੀਆਂ ਤੋੜ ਜੰਜੀਰਾਂ
ਮਰਨਾ ਤਾਂ ਵਿੱਚ ਅਮੀਰੀ ਏ

**ਲਿਖਤ : ਰਿਕਵੀਰ ਰਿੱਕੀ**
**ਮਾਨਸਾ, 98157 43544**

## ਕਲਾ ਦਾ ਧਨੀ

ਕਲਾ ਹੋਰ ਇੱਕ ਦਾ ਅੰਤ ਹੋਇਆ,
ਛੱਡ ਫ਼ਾਨੀ ਜੋ ਸੰਸਾਰ ਗਿਆ।
ਪੀਰ ਫ਼ਕੀਰਾਂ ਗੁਰੂ ਪੈਗੰਬਰਾਂ ਦੇ,
ਵਾਹ ਚਿੱਤਰ ਬੇਸ਼ੁਮਾਰ ਗਿਆ।

ਸਭ ਯਾਦਾਂ ਵਾਹ ਇਤਿਹਾਸ ਦੀਆਂ,
ਚਿੱਤਰਕਾਰੀ ਕਲਾ ਉਭਾਰ ਗਿਆ।
ਸੂਰਬੀਰ ਬਹਾਦਰ ਯੋਧਿਆਂ ਨੂੰ,
ਕਰ ਸਿਜਦਾ ਚਿੱਤਰਕਾਰ ਗਿਆ।

ਚਿੱਤਰ ਵਾਹ ਸੱਭੇ ਖੇਤਰਾਂ ਦੇ
ਸਾਂਭ ਵਿਰਸਾ ਸੱਭਿਆਚਾਰ ਗਿਆ।
ਮਿਲੀ ਵਿਰਸੇ 'ਚੋਂ ਸਮਝ ਕਲਾ,
ਨਿਭਾ ਫਰਜ਼ਾਂ ਦਾ ਕਿਰਦਾਰ ਗਿਆ।

ਚਿੱਤਰਕਾਰੀ ਕਲਾ ਵਿੱਚ 'ਭਗਤਾ',
ਐਸਾ ਮੀਲ ਪੱਥਰ ਉਸਾਰ ਗਿਆ।
ਮੂੰਹੋਂ ਬੋਲਦੇ ਰਹਿਣਗੇ ਚਿੱਤਰ ਉਹੋ,
ਹੱਥੀਂ ਆਪਣੇ ਜੋ ਸ਼ਿੰਗਾਰ ਗਿਆ।

**ਲਿਖਤ : ਬਰਾੜ-ਭਗਤਾ ਭਾਈ ਕਾ**
**ਸੰਪਰਕ : +1-604-851-1113**

## ਗ਼ਜ਼ਲ

ਧਰਮ, ਨਸਲ ਤੇ ਜਾਤ ਦੀ,
ਜਿਸਦੇ ਅੰਦਰ ਸੂਲ ।
ਭੁੱਲ ਕੇ ਐਸੇ ਸ਼ਖ਼ਸ ਨੂੰ,
ਮੂੰਹ ਨਾ ਲਾਵੋ ਮੂਲ ।

ਦਿੰਦਾ ਇਹੋ ਨਸੀਅਤ ਹੈ,
ਸਾਡਾ ਸਭਿਆਚਾਰ,
ਨੈਤਿਕ ਜੀਵਨ ਜਾਚ ਤੋਂ,
ਬਾਕੀ ਹੋਰ ਫਜ਼ੂਲ ।

ਮੂੰਹ 'ਤੇ ਆਖੀ ਗੱਲ ਦਾ,
ਵੱਖਰਾ ਬਹੁਤ ਸਵਾਦ,
ਕਾਹਦਾ ਆਦਮ ਜਾਤ ਉਹ,
ਜਿਸਦੇ ਨਹੀਂ ਅਸੂਲ ।

ਲੋਕਾਂ ਨੇ ਹੈ ਚੁੱਕ ਲਏ,
ਰੱਬ ਦੇ ਨਾਂ ਹਥਿਆਰ,
ਇੱਕ ਦੇ ਹੱਥ ਤਲਵਾਰ ਹੈ,
ਦੂਜੇ ਦੇ ਤ੍ਰਿਸ਼ੂਲ ।

ਹਰ ਥਾਂ 'ਤੇ ਧਨਵਾਨ ਦੀ,
ਹੁੰਦੀ ਪੁੱਛ ਪਰਤੀਤ,
ਨੇਕ ਸਲਾਹ ਗਰੀਬ ਦੀ,
ਕਰਦਾ ਕੌਣ ਕਬੂਲ ?

ਕਰਜੇ ਵਾਲੇ ਦੈਂਤ ਨੇ,
ਚੂਸ ਲਈ ਹੈ ਰੱਤ,
ਤਦੇ ਕਿਸਾਨੀ ਤਖ਼ਤ ਦੀ,
ਦਿੱਲੀ ਹੋਈ ਚੂਲ ।

ਇਕ ਦਿਨ ਲਿਖਣੇ ਸਿਖ ਲਊ,
ਵਾਹਵਾ ਸੋਹਣੇ ਸ਼ਿਅਰ,
'ਬੋਪਾਰਾਏ ' ਹੋ ਗਿਆ,
ਦਾਖ਼ਲ ਗ਼ਜ਼ਲ ਸਕੂਲ ।

**ਲਿਖਤ : ਭੁਪਿੰਦਰ ਸਿੰਘ ਬੋਪਾਰਾਏ**

## ਸ਼ਬਦ ਚਿੱਤਰ

ਪੰਜਾਬੀ ਵਿਰਸੇ ਦਾ ਧਨੀ ਸ਼ਾਇਰ
ਜਨਕ ਸਿੰਘ ਸੰਗਤ।

ਤਲਵੰਡੀ ਸਾਬੋ ਪਾਸ ਹੈ,ਪਿੰਡ ਜੋ ਸੰਗਤ ਖੁਰਦ ।
ਫੁੱਲ ਵਾਂਗੂੰ ਮਨ ਖਿੜ ਗਿਆ,ਪੜ੍ਹ ਕੇ ਦੇਖੀ ਫ਼ਰਦ।
ਸਾਨਾ ਮੱਤਾ ਮਾਲਵਾ,ਜਿਸ ਦਾ ਹੈ ਇਤਿਹਾਸ।
ਜਿੱਥੇ ਅਣਖੀ ਸੂਰਮੇ,ਸ਼ਾਇਰ ਕਰਦੇ ਵਾਸ।
ਜਨਕ ਸਿੰਘ ਸਰਦਾਰ ਜੀ,ਸੰਗਤ ਪਿੰਡ ਦਾ ਮਾਣ।
ਨਾਲ ਕਲਮ ਦੇ ਓਸ ਦੀ,ਹੋਈ ਹੈ ਪਹਿਚਾਣ।
ਹਰਨਾਮ ਕੌਰ ਦੀ ਕੁੱਖ ਚੋਂ,ਖਿੜਿਆ ਹੈ ਇਹ ਫੁੱਲ।
ਇਹ ਅਲਬੇਲੇ ਸ਼ਾਇਰ ਦੀ,ਕੀਮਤ ਹੀਰੇ ਤੁੱਲ।
ਦਲੀਪ ਸਿੰਘ ਸਰਦਾਰ ਨੇ,ਪਾਲਿਆ ਚਾਵਾਂ ਨਾਲ।
ਬਖਸ਼ੀ ਉੱਚੀ ਸਿੱਖਿਆ,ਹੋਇਆ ਹੈ ਖੁਸ਼ਹਾਲ।
ਸੁਖਦੇਵ ਕੌਰ ਦੇ ਨਾਲ ਨੇ,ਕਦਮਾਂ ਦੇ ਵਿਚ ਕਦਮ।
ਆਸਤਿਕ ਇਹ ਪਰਵਾਰ ਹੈ,ਨਾ ਕੋਈ ਭੈ ਭਰਮ।
ਮਾਸਟਰ ਕਿੱਤਾ ਵੀਰ ਦਾ, ਲੱਗਿਆ ਨਾ ਕੋਈ ਪਾਜ਼।
ਚੰਗੇ ਅਸਰ ਰਸੂਖ ਤੇ, ਲੋਕੀ ਕਰਦੇ ਨਾਜ਼।
ਘਰ ਵਿਚ ਜਿਸ ਦੀ ਰੌਸ਼ਨੀ, ਪੁੱਤਰ ਹੈ ਅਮਰਵੀਰ।
ਪੁੱਤ ਸੁਲੱਗ ਜੋ ਹੋਂਵਦੇ,ਬਦਲ ਦਿੰਦੇ ਤਕਦੀਰ।
ਜੁਆਨੀ ਪਹਿਰੇ ਖੇਡਿਆ,ਹਾਕੀ ਕਾਲਜ ਵਿੱਚ।
ਮਿਹਨਤ ਨਾਲ ਜੋ ਖੇਡਦੇ ,ਬਾਜ਼ੀ ਲੈਂਦੇ ਜਿੱਤ।
ਮੁਸ਼ਕੀ ਜਿਸ ਦਾ ਰੰਗ ਹੈ,ਦਿਲ ਵਿਚ ਨਹੀਂ ਗੁਮਾਨ।
ਰੁੱਖ ਜਿਵੇਂ ਦਰਵੇਸ਼ ਹੈ,ਐਪਰ ਹੈ ਵਿਦਵਾਨ।
ਭੋਜਨ ਖਾਂਦਾ ਵੈਸ਼ਨੂੰ,ਦਿਲ ਦਰਿਆਵਾਂ ਵਾਂਗ।
ਲਿਖਦਾ ਸੱਚ ਵਿਚਾਰ ਕੇ,ਕਰਦਾ ਨਹੀਂ ਸੰਵਾਂਗ।
ਤਾਕਤ ਜਿਸ ਦੀ ਕਲਮ ਹੈ, ਤਿੱਖੀ ਜਿਵੇਂ ਕਟਾਰ।
ਕੋਝੇ ਝੂਠ ਪਖੰਡ ਤੇ, ਲਿਖ ਕੇ ਕਰਦਾ ਵਾਰ।
ਦੋ ਦਰਜਨ ਤੋਂ ਵੱਧ ਨੇ,ਗਾਇਕਾਂ ਗਾਏ ਗੀਤ।
ਪੰਜਾਬੀ ਵਿਰਸੇ ਨਾਲ ਹੈ, ਜਿਸ ਨੂੰ ਦਿਲੋਂ ਪਰੀਤ।
ਮਾਂ ਬੋਲੀ ਸੰਗ ਜਨਕ ਦਾ,ਜਾਨੋਂ ਵੱਧ ਕੇ ਪਿਆਰ।
ਸੱਚੀ ਸੁੱਚੀ ਕਿਰਤ ਦਾ,ਕਰਦਾ ਹੈ ਸਤਿਕਾਰ।
ਧਰਮਾਂ ਜਾਤਾਂ ਨਫ਼ਰਤਾਂ, ਵਿਚ ਲੜਦਾ ਸੰਸਾਰ।
ਵੰਡਣ ਸ਼ਾਇਰ ਮਹੁੱਬਤਾਂ, ਤੇ ਕਰਦੇ ਪ੍ਰਚਾਰ।
ਤਿਉਣਾ ਪਿੰਡ ਪੁਜਾਰੀਆਂ, ਜਿੱਥੇ ਅੱਜ ਕਲ੍ਹ ਠਹਿਰ।
ਖੁਸ਼ੀਆਂ ਦੇ ਵਿਚ ਦੋਸਤੋ, ਰਹਿੰਦੈ ਅੱਠੇ ਪਹਿਰ।
ਮਿਹਨਤ ਕਰਦਾ ਦਿਨ ਰਾਤ,ਕਰਦਾ ਹੈ ਅਭਿਆਸ।
ਬੂਟੇ ਲਾਵੇ ਸਾਹਿਤ ਦੇ,ਦਿਲ ਵਿਚ ਰੱਖੀ ਆਸ।

**ਲਿਖਤ : ਮੇਜਰ ਸਿੰਘ ਰਾਜਗੜ੍ਹ**

## ਸਰੋਂ ਦੇ ਫੁੱਲ

ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ
ਹੋਰ ਕੋਈ ਹੋਣਾ ਨਹੀਂ ਜੀ ਇਹਨਾਂ ਦੇ ਤੁੱਲ
ਕੁਦਰਤ ਵਲੋਂ ਭਰੇ ਇਹਨਾਂ ਵਿੱਚ ਰੰਗ
ਦੇਖ ਦੇਖ ਹੋਈ ਜਾਣ ਲੋਕੀ ਸਾਰੇ ਦੰਗ
ਹੀਰਿਆਂ ਦੇ ਨਾਲੋਂ ਵੱਧ ਇਹਨਾਂ ਦਾ ਹੈ ਮੁੱਲ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ

ਖੇਤਾਂ ਵਿੱਚ ਸਾਰੇ ਪਾਸੇ ਖੁਸ਼ੀਆਂ ਖਿਲਾਰਦੇ
ਬਹੁਤ ਸੋਹਣੇ ਲੱਗਦੇ ਸੁਨਹਿਰੀ ਭਾਅ ਮਾਰਦੇ
ਮਨਾਂ ਤਾਈਂ ਮੋਹ ਲੈਂਦੇ ਜਿਵੇਂ ਜਾਂਦੇ ਹੁੱਲ ਨੇ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ ਨੇ

ਜਿਹੜਾ ਤੱਕੇ ਉਹੀ ਜਾਣੀ ਹੁੰਦਾ ਪਰਸੰਨ ਹੈ
ਕੁਦਰਤ ਤਾਈਂ ਆਖਦਾ ਉਹ ਧੰਨ ਧੰਨ ਹੈ
ਇਹਨਾਂ ਵਾਲੇ ਗੁਣ ਕਦੇ ਹੁੰਦੇ ਨਹੀਂ ਭੁੱਲ ਨੇ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ ਨੇ

ਸਰੋਂ ਦੇ ਫੁੱਲਾਂ ਦੇ ਵਿੱਚੋਂ ਕੁਦਰਤ ਦਿਸਦੀ
ਬਲਵੀਰ ਰਾਮਗੜ੍ਹ ਸਿਵੀਆਂ ਹੈ ਲਿਖਦੀ
ਭੌਰੇ ਖੁਸ਼ਬੋਆਂ ਲੈਕੇ ਹੁੰਦੇ ਪਰਫੁੱਲ ਨੇ
ਕਿੰਨੇ ਸੋਹਣੇ ਲੱਗਦੇ ਸਰੋਂ ਦੇ ਖਿੜੇ ਫੁੱਲ ਨੇ

**ਲਿਖਤ : ਬਲਵੀਰ ਕੌਰ ਸਿਵੀਆ**

## ਲੋਟਸ ਦਾ ਕੰਮ ਲੋਟ !

ਉਹ 'ਆਮ' ਨਹੀਂ ਰਹਿੰਦਾ ਫਿਰ ਖਾਸ ਹੁੰਦਾ
ਗੱਦੀ ਬਹਿੰਦਿਆਂ ਮਿਲਣ ਜਦ ਨੋਟ੍ਹ ਯਾਰੋ।
ਕੰਮ ਕੋਈ ਵੀ ਅੜਿਆ ਨਹੀਂ ਰਹਿ ਸਕਦਾ
'ਸਾਮ-ਦਾਮ-ਦੰਡ-ਭੇਦ' ਦੀ 'ਓਟ' ਯਾਰੋ।

'ਲਾਠੀ' ਜਿਹਦੇ ਹੱਥ 'ਮੱਝ' ਵੀ ਉਸੇ ਦੀ ਹੀ
ਰਾਜਨੀਤੀ ਵਿਚ ਵੱਡਾ ਇਹ 'ਖੋਟ' ਯਾਰੋ।
'ਢੋਲ-ਦਮੱਕਾ' ਸੁਣ 'ਚੋਣ-ਪ੍ਰਚਾਰ' ਵਾਲ਼ਾ
ਬੱਝੀ ਇੱਕੋ ਥਾਂਹ ਰਹਿੰਦੀ ਨਹੀਂ ਵੋਟ ਯਾਰੋ।

ਹਉਮੈਂ-ਆਕੜ ਨਾਲ਼ ਭਰੀ 'ਇਮਾਨਦਾਰੀ'
ਲਾ ਗਈ 'ਇੰਡੀਆ ਟੀਮ' ਨੂੰ ਚੋਟ ਯਾਰੋ।
ਤਿੰਨ ਧਿਰਾਂ ਵਿਚ ਵੋਟਾਂ ਜਦ ਵੰਡ ਹੋਈਆਂ
ਕੰਮ 'ਲੋਟਸ' ਦਾ ਆ ਗਿਆ 'ਲੋਟ' ਯਾਰੋ।

**ਲਿਖਤ : ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

## ਖੁਸ਼ੀ ਤੇ ਉਦਾਸੀ

ਉਦਾਸੀ ਤੇ ਖੁਸ਼ੀ ਦੀ ਹੋਈ ਲੜਾਈ ,
ਉਦਾਸੀ ਕਹਿੰਦੀ ਮੈਂ ਉਦਾਸ ਹੀ ਚੰਗੀ,
ਖੁਸ਼ੀ ਕਹਿੰਦੀ ਮੈਂ ਤੈਨੂੰ ਲੱਗਦੀ ਨਹੀਂ ਚੰਗੀ,
ਮੈਨੂੰ ਵੇਖ ਰੋਣ ਵਾਲਿਆ
ਦਾ ਵੀ ਨਿਕਲ ਜੇ ਹਾਸਾ,
ਉਦਾਸੀ ਕਹਿੰਦੀ ਤੂੰ ਵੀ
ਦੁੱਖ ਦੇਖ ਮੇਰੇ ਬਣਾਏ ਤਮਾਸ਼ਾ,
ਖੁਸ਼ੀ ਕਹਿੰਦੀ ਆਈ ਮੈਂ ਤੇਰੇ ਵਿਹੜੇ,
ਵੰਡਦੀ ਮੈਂ ਖੁਸ਼ੀਆਂ ਖੇੜੇ,
ਉਦਾਸੀ ਕਹਿੰਦੀ ਚੱਕ ਖੁਸ਼ੀਆਂ ਜਾ ਏਥੋਂ,
ਕਰਨ ਕੀ ਆਈ ਏਥੇ ਲੋੜ ਨਾ ਕੋਈ ਤੇਰੇ ਤੋਂ,
ਉਦਾਸੀ ਕਹਿੰਦੀ ਰਹਿਣ ਦੇ
ਮੈਨੂੰ ਮੇਰੇ ਹਾਲ ਚ,
ਖੁਸੀ ਕਹਿੰਦੀ ਰੱਖ ਲੈ ਕੋਲ
ਮੈਨੂੰ ਆਪਣੇ ਖਿਆਲ ਚ ,
ਉਦਾਸੀ ਨੇ ਗੱਲ ਖੁਸ਼ੀ ਨੂੰ
ਆਪਣੇ ਦਿਲ ਦੀ ਕਹਿ ਸੁਣਾਈ ,
ਖੁਸ਼ੀ ਕਹਿੰਦੀ ਵੇਖ ਮੈਂ ਤੇਰੇ
ਨਾਂ ਨਾਲ ਦੋਸਤੀ ਕਰਨ ਹਾਂ ਆਈ,
ਉਦਾਸੀ ਨੇ ਖੁਸ਼ੀ ਨੂੰ ਦੋਸਤ ਬਣਾਇਆ ,
ਦੋਵਾਂ ਨੇ ਆਪਣਾ ਮਸਲਾ ਕਰ ਲਿਆ ਹੱਲ,
ਵਿਚੋਲੇ ਵਿਚ ਕਿਉਂ ਪਾਉਣਾ ਸੀ ,
ਏਥੇ ਉਸ ਦਾ ਨਾਂਅ ਸੀ ਕੋਈ ਕੰਮ।

**ਲਿਖਤ : ਗਗਨਪ੍ਰੀਤ ਸੱਪਲ ਸੰਗਰੂਰ**

## ਠੀਕ ਨਹੀਂ

ਚੁਗਲੀ ਕਰਕੇ ਭਰਾਵਾਂ ਨੂੰ ਲੜਾਣਾ ਠੀਕ ਨਹੀਂ,
ਚੱਲਦੇ ਕੰਮ ਵਿੱਚ ਲੱਤ ਫਸਾਣਾ ਠੀਕ ਨਹੀਂ।
ਵਹਿਮਾਂ 'ਚ ਪੈ ਕੇ ਬੰਦਾ ਕੁੱਝ ਨਹੀਂ ਕਰ ਸਕਦਾ,
ਐਵੇਂ ਕਿਸੇ ਨੂੰ ਵਹਿਮਾਂ 'ਚ ਪਾਣਾ ਠੀਕ ਨਹੀਂ।

ਠੀਕ ਰਾਹ ਤੇ ਤੁਰਨ ਵਾਲੇ ਨੂੰ ਤੁਰਨ ਦਿਉ,
ਐਵੇਂ ਉਸ ਨੂੰ ਕੁਰਾਹੇ ਪਾਣਾ ਠੀਕ ਨਹੀਂ।
ਕੰਮ ਕਰਨ ਵਾਲਿਆਂ ਨੂੰ ਇੱਜ਼ਤ ਤੇ ਪੈਸਾ ਮਿਲੇ,
ਵਿਹਲੇ ਬਹਿ ਕੇ ਸਮਾਂ ਲੰਘਾਣਾ ਠੀਕ ਨਹੀਂ।

ਹੋ ਸਕੇ, ਤਾਂ ਦੁਖੀ ਬੰਦੇ ਦੀ ਸਹਾਇਤਾ ਕਰੋ,
ਐਵੇਂ ਉਸ ਦੇ ਨਾਲ ਆਢਾ ਲਾਣਾ ਠੀਕ ਨਹੀਂ।
ਨਸ਼ਿਆਂ ਨੇ ਸੈਂਕੜੇ ਘਰ ਬਰਬਾਦ ਕਰ ਦਿੱਤੇ,
ਮੁੰਡਿਆਂ ਨੂੰ ਨਸ਼ਿਆਂ ਤੇ ਲਾਣਾ ਠੀਕ ਨਹੀਂ।

ਸਫਾਈ ਰੱਖਣ ਨਾਲ ਬੀਮਾਰੀਆਂ ਘੱਟ ਲੱਗਣ,
ਐਵੇਂ ਆਲੇ-ਦੁਆਲੇ ਗੰਦ ਪਾਣਾ ਠੀਕ ਨਹੀਂ।
ਕਿਸੇ ਦੇ ਅੱਲੇ ਜ਼ਖ਼ਮਾਂ ਤੇ ਮੱਲ੍ਹਮ ਲਾਉ ਯਾਰੋ,
ਇਨ੍ਹਾਂ ਤੇ ਨਮਕ ਛਿੜਕਾਣਾ ਠੀਕ ਨਹੀਂ।

**ਲਿਖਤ : ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ-9915803554**



# ਨਾਰੀ ਸੰਸਾਰ



## ਜ਼ਿੰਦਗੀ ਨੂੰ ਮਾਣੋ, ਬਤੀਤ ਨਾ ਕਰੋ

ਹਰ ਵਿਅਕਤੀ ਜ਼ਿੰਦਗੀ ਨੂੰ ਆਪੋ-ਆਪਣੇ ਨਜ਼ਰੀਏ ਨਾਲ ਵੇਖਦਾ ਹੈ। ਕੋਈ ਸਮਝਦਾ ਹੈ ਕਿ ਜ਼ਿੰਦਗੀ ਇਕ ਖੇਡ ਹੈ ਅਤੇ ਕੋਈ ਇਸਨੂੰ ਪਰਮਾਤਮਾ ਵੱਲੋਂ ਮਿਲਿਆ ਤੋਹਫ਼ਾ ਮੰਨਦਾ ਹੈ। ਕਿਸੇ ਦੀ ਨਜ਼ਰ ਵਿਚ ਇਹ ਜੀਵਨ ਯਾਤਰਾ ਹੈ, ਜਿਸ ਵਿਚ ਗ਼ਮ, ਖੇੜੇ ਅਨੁਭਵ, ਕਲਪਨਾ, ਲੋਭ, ਲਾਲਚ ਖ਼ੁਦਗਰਜ਼ੀ, ਨਫ਼ਰਤ ਅਤੇ ਪਿਆਰ ਆਦਿ ਜਜ਼ਬਾਤਾਂ ਦਾ ਕਾਫ਼ਲਾ ਨਿਰਵਿਘਨ ਚੱਲਦਾ ਰਹਿੰਦਾ ਹੈ। ਜਿਸ ਨਜ਼ਰੀਏ ਨਾਲ ਅਸੀਂ ਜੀਵਨ ਨੂੰ ਵੇਖਦੇ ਹਾਂ, ਉਸੇ ਤਰ੍ਹਾਂ ਦਾ ਇਹ ਮਹਿਸੂਸ ਹੋਣ ਲੱਗਦਾ ਹੈ। ਰੋ ਕੇ ਜਿਊਣ ਨਾਲ ਜ਼ਿੰਦਗੀ ਦੁਖਦਾਈ ਪਲਾਂ ਦੀ ਇਕ ਲੰਮੀ ਮਾਲਾ ਲੱਗਦੀ ਹੈ, ਪਰ ਹੱਸ ਕੇ ਜਿਊਣ ਨਾਲ ਇਹ ਕਦੋਂ ਪੂਰੀ ਹੋ ਜਾਂਦੀ ਹੈ, ਪਤਾ ਹੀ ਨਹੀਂ ਲੱਗਦਾ। ਅਜੋਕਾ ਮਨੁੱਖ ਗਿਆਨ ਦੇ ਸਾਗਰ ਵਿਚ ਡੁੱਬ ਕੇ ਵੀ ਹਨੇਰੇ ਵਿਚ ਹੀ ਗੋਤੇ ਖਾਈ ਜਾ ਰਿਹਾ ਹੈ। ਉਹ ਸਿਰਫ਼ ਦੌੜ ਰਿਹਾ ਹੈ ਕਦੇ ਸਫਲਤਾ ਪਿੱਛੇ, ਕਦੇ ਦੂਸਰਿਆਂ ਪਿੱਛੇ ਅਤੇ ਕਦੇ ਆਪਣੀਆਂ ਲਾਲਸਾਵਾਂ ਪਿੱਛੇ। ਇਸ ਤਰ੍ਹਾਂ ਉਹ ਜੀਵਨ ਦੇ ਅਸਲੀ ਮਕਸਦ ਤੋਂ ਭਟਕ ਰਿਹਾ ਹੈ। ਉਹ ਜ਼ਿੰਦਗੀ ਜੀਅ ਤਾਂ ਰਿਹਾ ਹੈ, ਪਰ ਇਸਨੂੰ ਮਾਣ ਨਹੀਂ ਰਿਹਾ। ਜ਼ਿੰਦਗੀ ਸਾਡੇ ਅਨੁਸਾਰ ਹੀ ਚੱਲੇ ਇਹ ਕਦੇ ਨਹੀਂ ਹੋ ਸਕਦਾ, ਪਰ ਕੁਝ ਹੱਦ ਤਕ ਜ਼ਿੰਦਗੀ ਨੂੰ ਮਾਣਨਾ ਸਾਡੇ ’ਤੇ ਵੀ ਨਿਰਭਰ ਕਰਦਾ ਹੈ।



ਜ਼ਿੰਦਗੀ ਦਾ ਆਨੰਦ ਮਾਣਨ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ-ਆਪ ਤੋਂ ਜਾਣੂ ਹੋਈਏ। ਜ਼ਿੰਦਗੀ ਨੂੰ ਓਹੀ ਮਾਣ ਸਕਦੇ ਹਨ ਜੋ ਆਪਣੇ ਜਨਮ ਅਤੇ ਮੌਤ ਵਿਚਲੇ ਸਮੇਂ ਨੂੰ ਭਰਪੂਰ ਹਾਸੇ ਅਤੇ ਪ੍ਰੇਮ ਨਾਲ ਭਰ ਦੇਣ ਕਿਉਂਕਿ ਪ੍ਰੇਮ ਅਤੇ ਹੱਸਣਾ ਅਜਿਹੀਆਂ ਭਾਵਨਾਵਾਂ ਹਨ ਜੋ ਵਿਅਕਤੀ ਨੂੰ ਅੰਦਰੂਨੀ ਤੌਰ ’ਤੇ ਖ਼ੁਸ਼ਹਾਲ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਜ਼ਿੰਦਗੀ ਵਿਚ ਬੁਰੇ ਹਾਲਾਤ ਨੂੰ ਪਾਰ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜ਼ਿੰਦਗੀ ਦੀਆਂ ਉੱਚਾਈਆਂ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਜ਼ਿੰਦਗੀ ਵਿਚ ਆਈਆਂ ਮੁਸ਼ਕਲਾਂ ਬਾਰੇ ਜ਼ਿਆਦਾ ਨਾ ਸੋਚੋ ਬਲਕਿ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਰਹੋ।

ਲਾਪਰਵਾਹੀ ਨਹੀਂ ਬੇਫ਼ਿਕਰੀ ਜ਼ਿੰਦਗੀ ਦਾ ਖ਼ੂਬਸੂਰਤ ਗਹਿਣਾ ਹੈ। ਜ਼ਿੰਦਗੀ ਵਿਚ ਸੁੱਖ ਵੀ ਬਹੁਤ ਹਨ ਅਤੇ ਪਰੇਸ਼ਾਨੀਆਂ ਵੀ ਬਹੁਤ ਹਨ। ਲਾਭ ਵੀ ਹਨ ਅਤੇ ਹਾਨੀਆਂ ਵੀ। ਇਹ ਕਦੇ ਨਾ ਸੋਚੋ ਕਿ ਪਰਮਾਤਮਾ ਨੇ ਗ਼ਮ ਸਾਡੀ ਹੀ ਝੋਲੀ ਵਿਚ ਪਾਏ ਹਨ ਬਲਕਿ ਇਹ ਵੀ ਯਾਦ ਰੱਖੋ ਕਿ ਪਰਮਾਤਮਾ ਦੀਆਂ ਮਿਹਰਬਾਨੀਆਂ ਵੀ ਸਾਡੇ ’ਤੇ ਬਹੁਤ ਹਨ। ਇਹ ਮੁਮਕਿਨ ਨਹੀਂ ਕਿ ਜ਼ਿੰਦਗੀ ਹਰ ਵਕਤ ਸਾਡੇ ’ਤੇ ਮਿਹਰਬਾਨ ਹੀ ਰਹੇ, ਜ਼ਿੰਦਗੀ ਦੇ ਕੁਝ ਪਲ ਸਾਨੂੰ ਤਜਰਬਾ ਵੀ ਸਿਖਾਉਂਦੇ ਹਨ। ਜ਼ਿੰਦਗੀ ਦਾ ਆਨੰਦ ਲੈਣ ਲਈ ਦੋ ਸ਼ਕਤੀਆਂ ਦੀ ਜ਼ਰੂਰਤ ਹੁੰਦੀ ਹੈ। ਇਕ ਸਹਿਣਸ਼ਕਤੀ ਅਤੇ ਦੂਜੀ ਸਮਝ-ਸ਼ਕਤੀ। ਜਿਸ ਵਿਅਕਤੀ ਕੋਲ ਇਹ ਦੋਵੇਂ ਸ਼ਕਤੀਆਂ ਭਰਪੂਰ ਹਨ, ਉਸਨੂੰ ਜ਼ਿੰਦਗੀ ਮਾਣਨ ਤੋਂ ਕੋਈ ਨਹੀਂ ਰੋਕ ਸਕਦਾ। ਜੋ ਕੁਝ ਵੀ ਜ਼ਿੰਦਗੀ ਵਿਚ ਤੁਹਾਡੀ ਮਰਜ਼ੀ ਨਾਲ ਨਹੀਂ ਹੋ ਰਿਹਾ, ਉਹ ਪਰਮਾਤਮਾ ਦੀ ਮਰਜ਼ੀ ਦਾ ਹੋ ਰਿਹਾ ਹੈ ਹੁੰਦਾ ਹੈ ਅਤੇ ਜੋ ਵੀ ਪਰਮਾਤਮਾ ਦੀ ਮਰਜ਼ੀ ਨਾਲ ਹੋਵੇ ਉਹ ਕਦੇ ਗ਼ਲਤ ਨਹੀਂ ਹੁੰਦਾ। ਇਸ ਲਈ ਕਦੇ ਵੀ ਨਿਰਾਸ਼ ਨਾ ਹੋਵੋ ਅਤੇ ਜ਼ਿੰਦਗੀ ਦੇ ਰੰਗ ਕਦੇ ਵੀ ਫਿੱਕੇ ਨਾ ਪੈਣ ਦਿਓ। ਕਹਿੰਦੇ ਹਨ ਜ਼ਿੰਦਗੀ ਜ਼ਿੰਦਾਦਿਲੀ ਦਾ ਨਾਂ ਹੈ, ਭਾਵ ਜ਼ਿੰਦਗੀ ਕੱਟਣੀ ਨਹੀਂ ਸਗੋਂ ਮਾਣਨੀ ਚਾਹੀਦੀ ਹੈ। ਜ਼ਿਆਦਾਤਰ ਲੋਕ ਮੋਹ-ਮਾਇਆ ਵਿਚ ਫਸ ਕੇ ਜੀਵਨ ਦਾ ਆਨੰਦ ਮਾਣਨ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਦੀਆਂ ਖ਼ੁਸ਼ੀਆਂ-ਖੇੜੇ ਐਵੇਂ ਨਹੀਂ, ਸਗੋਂ ਛੋਟੀਆਂ-ਛੋਟੀਆਂ ਚੀਜ਼ਾਂ ਵਿਚੋਂ ਲੱਭੇ ਜਾ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕਰੋ, ਕੁਝ ਨਜ਼ਰਅੰਦਾਜ਼ ਕਰ ਕੇ ਅਤੇ ਕੁਝ ਭੁੱਲ-ਭੁਲਾ ਕੇ। ਆਪਣੇ ਸੁਪਨਿਆਂ ਨੂੰ ਕਦੇ ਵੀ ਮਰਨ ਨਾ ਦਿਓ। ਇਨ੍ਹਾਂ ਦੀ ਪੂਰਤੀ ਲਈ ਇਕਾਗਰਤਾ ਨਾਲ ਯਤਨ ਕਰਦੇ ਰਹੋ, ਨਹੀਂ ਤਾਂ ਜ਼ਿੰਦਗੀ ਵਿਚ ਪਛਤਾਵੇ ਦੀਆਂ ਸੂਲਾਂ ਚੁੱਭਦੀਆਂ ਰਹਿਣਗੀਆਂ।

ਇਹ ਤੈਅ ਕਰਨ ਵਿਚ ਵਕਤ ਨਾ ਲਗਾਓ ਕਿ ਤੁਸੀਂ ਕੀ ਕਰਨਾ ਹੈ, ਨਹੀਂ ਤਾਂ ਵਕਤ ਤੈਅ ਕਰ ਲੈਂਦਾ ਹੈ ਕਿ ਉਸਨੇ ਕੀ ਕਰਨਾ ਹੈ। ਕਿਸੇ ਕੋਲੋਂ ਬਦਲਾ ਲੈਣ ’ਚ ਹੀ ਆਪਣਾ ਸਮਾਂ ਨਾ ਗੁਆਓ। ਜਿਨ੍ਹਾਂ ਲੋਕਾਂ ਨੇ ਤੁਹਾਡਾ ਦਿਲ ਦੁਖਾਇਆ ਹੈ, ਉਹ ਆਪਣੇ ਕਰਮਾਂ ਨਾਲ ਹੀ ਇਸਦਾ ਜਵਾਬ ਪ੍ਰਾਪਤ ਕਰ ਲੈਣਗੇ। ਨੇਤਰ ਕੇਵਲ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਅਸੀਂ ਕਿੱਥੇ ਕੀ ਅਤੇ ਕਿਸ ਨਜ਼ਰੀਏ ਨਾਲ ਵੇਖਦੇ ਹਾਂ ਇਹ ਸਾਡੇ ਮਨ ਦੀ ਭਾਵਨਾ ’ਤੇ ਨਿਰਭਰ ਕਰਦਾ ਹੈ। ਇਸ ਭਾਵਨਾ ਨੂੰ ਸਾਕਾਰਾਤਮਕ ਰੱਖੋ। ਜ਼ਿੰਦਗੀ ਨੂੰ ਹੱਸ ਅਤੇ ਮਿਲ-ਜੁਲ ਕੇ ਗੁਜ਼ਾਰੋ, ਪਤਾ ਨਹੀਂ ਕਿੰਨੀ ਕੁ ਬਚੀ ਹੈ। ਜਿੱਥੇ ਨਾਰਾਜ਼ਗੀ ਦੀ ਕੋਈ ਕਦਰ ਨਾ ਹੋਵੇ, ਉੱਥੇ ਨਾਰਾਜ਼ ਹੋਣਾ ਛੱਡ ਦਿਓ। ਕੋਈ ਵੀ ਕਾਰਨ ਹੋਵੇ, ਕੋਈ ਵੀ ਗੱਲ ਹੋਵੇ, ਨਾ ਕਦੇ ਚਿੜੋ ਅਤੇ ਨਾ ਹੀ ਗੁੱਸਾ ਕਰੋ। ਜ਼ੋਰ-ਜ਼ੋਰ ਨਾਲ ਨਾ ਬੋਲੋ ਅਤੇ ਮਨ ਨੂੰ ਸ਼ਾਂਤ ਰੱਖਦੇ ਹੋਏ ਵਿਚਾਰ ਕਰੋ ਅਤੇ ਫ਼ੈਸਲੇ ਲਓ। ਆਵਾਜ਼ ਨਾਲ ਗਿਲ੍ਹੇ ਨਹੀਂ ਮਿਟਦੇ ਬਲਕਿ ਇਹ ਬੁੱਧੀ ਨਾਲ ਮਿਟਦੇ ਹਨ। ਤਕਲੀਫ਼ ਸਿਰਫ਼ ਆਪ ਨੂੰ ਹੀ ਹੋਵੇਗੀ। ਜੇਕਰ ਮਨ ਨੂੰ ਸ਼ਾਂਤ ਰੱਖੋਗੇ ਤਾਂ ਸੁੱਖ ਵੀ ਤੁਹਾਨੂੰ ਹੀ ਮਿਲੇਗਾ। ਜੇ ਤੁਸੀਂ ਸਹੀ ਹੋ ਤਾਂ ਕੁਝ ਵੀ ਸਾਬਤ ਕਰਨ ਦੀ ਕੋਸ਼ਿਸ਼ ਨਾ ਕਰੋ। ਕੇਵਲ ਸਹੀ ਬਣੇ ਰਹੋ। ਗਵਾਹੀ ਵਕਤ ਖ਼ੁਦ ਦੇਵੇਗਾ। ਈਰਖਾ ਨਾ ਰੱਖੋ ਬਲਕਿ ਸਭ ਦੇ ਮਨ ਵਿਚ ਖ਼ੁਸ਼ੀਆਂ ਦੇ ਦੀਵੇ ਬਾਲੋ। ਜੀਵਨ ਵਿਚ ਜਿਸ ਵਿਅਕਤੀ ਕੋਲ ਸ਼ਿਕਾਇਤਾਂ ਸਭ ਤੋਂ ਘੱਟ ਹੋਣ, ਉਹੀ ਆਪਣੀ ਜ਼ਿੰਦਗੀ ਨੂੰ ਮਾਣ ਸਕਦਾ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ:

**ਸ਼ਿਕਾਇਤ ਕੀ ਆਦਤ ਸਬ ਖੋ ਗਈ ਹੈ,**
**ਖਾਮੋਸ਼ੀਓ ਕੀ ਆਦਤ ਸਬ ਹੋ ਗਈ ਹੈ,**
**ਨਾ ਸ਼ਿਕਵਾ ਰਹਾ ਨਾ ਸ਼ਿਕਾਇਤ ਕਿਸੀ ਸੇ,**
**ਯਹ ਜ਼ਿੰਦਗੀ ਸਬ ਖ਼ੁਸ਼ੀਓ ਕੀ ਹੋ ਗਈ ਹੈ।**

ਇਕ ਆਨੰਦਮਈ ਜ਼ਿੰਦਗੀ ਬਤੀਤ ਕਰਨ ਵਾਲੇ ਵਿਅਕਤੀ ਨੇ ਆਪਣੇ ਆਨੰਦ ਦਾ ਭੇਦ ਦੱਸਿਆ ਕਿ ਉਸਨੇ ਆਪਣੀ ਜ਼ਿੰਦਗੀ ਦੀ ਗੱਡੀ ਦੇ ਉਹ ਸਾਈਡ ਗਲਾਸ ਹੀ ਹਟਾ ਦਿੱਤੇ ਹਨ, ਜਿਸ ਵਿਚੋਂ ਪਿੱਛੇ ਛੁੱਟ ਗਏ ਰਸਤੇ ’ਤੇ ਬੁਰਾਈ ਕਰਦੇ ਲੋਕ ਨਜ਼ਰ ਆਉਂਦੇ ਸਨ।

ਲੰਮਾ ਧਾਗਾ ਅਤੇ ਲੰਮੀ ਜ਼ੁਬਾਨ ਸਦਾ ਉਲਝ ਜਾਂਦੇ ਹਨ, ਇਸ ਲਈ ਜੀਵਨ ਦੀ ਯਾਤਰਾ ਕਰਦੇ ਸਮੇਂ ਧਾਗੇ ਅਤੇ ਜ਼ੁਬਾਨ ਨੂੰ ਸਮੇਟ ਕੇ ਰੱਖੋ। ਜ਼ਿੰਦਗੀ ਵਿਚ ਹੱਥ ਘੁੱਟ ਕੇ ਖ਼ਰਚ ਕਰੋ, ਨਹੀਂ ਤਾਂ ਇਹੀ ਹੱਥ ਦੂਸਰਿਆਂ ਅੱਗੇ ਮੰਗਣ ਲਾ ਦਿੰਦੇ ਹਨ। ਹਰ ਗੱਲ ਦਿਲ ’ਤੇ ਲਾਓਗੇ ਤਾਂ ਰੋਂਦੇ ਰਹਿ ਜਾਓਗੇ। ਜੋ ਜਿਹੋ-ਜਿਹਾ ਹੈ ਉਸ ਨਾਲ ਉਸੇ ਤਰ੍ਹਾਂ ਦਾ ਬਣਨਾ ਸਿੱਖੋ। ਜ਼ਿੰਦਗੀ ਜਲਦੀ-ਜਲਦੀ ਖ਼ਤਮ ਹੋ ਰਹੀ ਹੈ, ਇਸ ਲਈ ਇਸਨੂੰ ਮਾਣਨ ਲਈ ਹੱਸੋ, ਪਿਆਰ ਕਰੋ ਅਤੇ ਨਵੀਆਂ-ਨਵੀਆਂ ਚੀਜ਼ਾਂ ਸਿੱਖਣ ਦੀ ਕੋਸ਼ਿਸ਼ ਕਰੋ। ਮੁਆਫ਼ ਕਰੋ, ਭੁੱਲ ਜਾਓ ਅਤੇ ਗਿਲ੍ਹੇ-ਸ਼ਿਕਵੇ ਨਾ ਰੱਖੋ।

**ਕੈਲਾਸ਼ ਚੰਦਰ ਸ਼ਰਮਾ**
**ਸੰਪਰਕ: 98774-66607**

## ਚੰਗੀਆਂ ਆਦਤਾਂ ਤੋਂ ਵੀ ਕਿਤੇ ਵੱਧ ਲੋੜ ਹੈ ਸਵੈ-ਰੱਖਿਆ ਦੀ

ਨੌਜਵਾਨ ਵਰਗ ਕੌਮ ਦੀ ਸ਼ਕਤੀ ਹੈ ਅਤੇ ਬੜੀ ਲੋੜ ਹੈ ਇਸ ਸ਼ਕਤੀ ਨੂੰ ਸੁਰਮੇ ਵਾਂਗ ਸੰਭਾਲ ਕੇ ਰੱਖਣ ਦੀ। ਇਸ ਦੀ ਚੰਗੀ ਖਾਧ ਖ਼ੁਰਾਕ ਅਤੇ ਮਜ਼ਬੂਤ ਪਰਵਰਿਸ਼ ਦੀ, ਚੰਗੀ ਪੜ੍ਹਾਈ ਦੀ, ਇਨ੍ਹਾਂ ਵਿਚ ਚੰਗੀਆਂ ਆਦਤਾਂ, ਚੰਗਾ ਆਚਰਣ ਅਤੇ ਸਰੀਰਕ ਰਿਸ਼ਟ-ਪੁਸ਼ਟਤਾ ਦੀ ਅਤੇ ਇਸ ਤੋਂ ਵੀ ਕਿਤੇ ਵੱਧ ਲੋੜ ਹੈ ਸਵੈ-ਰੱਖਿਆ ਵਿਚ ਆਤਮ-ਨਿਰਭਰ ਬਣਾਉਣ ਦੀ। ਤਕਨਾਲੋਜੀ ਦੇ ਵਿਸਥਾਰ ਨਾਲ ਭਾਵੇਂ ਕੋਈ ਵੀ ਇਤਲਾਹ ਪੰਛੀ ਨਾਲੋਂ ਵੀ ਤੇਜ਼ ਉੱਡ ਕੇ ਕਿਤੇ ਦੀ ਕਿਤੇ ਪਹੁੰਚ ਸਕਦੀ ਹੈ ਅਤੇ ਕਿਸੇ ਵੀ ਖਤਰੇ ਦੀ ਘੜੀ ਵਿਚ ਪੁਲਿਸ ਜਾਂ ਸੁਰੱਖਿਆ ਬਲਾਂ ਦੀ ਮਦਦ ਫੌਰਨ ਮੰਗੀ ਜਾ ਸਕਦੀ ਹੈ ਪਰ ਸਵੈ-ਰੱਖਿਆ ਦੀ ਮੁਹਾਰਤ ਦੀ ਕੋਈ ਰੀਸ ਨਹੀਂ। ਨਿੱਤ ਦਿਨ ਵਧ ਰਹੀਆਂ ਅੱਤਵਾਦੀ ਵਾਰਦਾਤਾਂ ਨੇ ਇਸ ਜ਼ਰੂਰਤ ਨੂੰ ਹੋਰ ਵੀ ਲਿਸ਼ਕਾ ਦਿੱਤਾ ਹੈ ਕਿ ਇਸ ਤਰ੍ਹਾਂ ਦੀਆਂ ਵਾਰਦਾਤਾਂ ਵਿਚ ਇਲਾਕੇ ਦਾ ਨੌਜਵਾਨ ਵਰਗ ਬਹੁਤ ਅਹਿਮ ਭੂਮਿਕਾ ਨਿਭਾਅ ਸਕਦਾ ਹੈ ਅਤੇ ਵੱਡੇ ਨੁਕਸਾਨ ਤੋਂ ਆਪਣੇ ਪਿੰਡ, ਆਪਣੇ ਸ਼ਹਿਰ, ਆਪਣੇ ਇਲਾਕੇ ਨੂੰ ਬਚਾਅ ਸਕਦਾ ਹੈ। ਪੰਜਾਬ ਵਿਚ ਦੀਨਾਨਗਰ ਅਤੇ ਹਿਮਾਚਲ ਪ੍ਰਦੇਸ਼ ਵਿਚ ਊਧਮ ਪੁਰ ਵਿਚ ਹੋਈਆਂ ਵਾਰਦਾਤਾਂ ਵਿਚ ਆਮ ਲੋਕਾਂ ਨੇ ਜੋ ਕਰਕੇ ਦਿਖਾਇਆ ਹੈ ਜੇ ਇਹ ਨਾ ਹੁੰਦਾ ਤਾਂ ਨੁਕਸਾਨ ਵਧੇਰੇ ਹੋਣਾ ਸੀ। ਅਖ਼ਬਾਰਾਂ, ਰਸਾਲਿਆਂ ਵਿਚ ਇਸ ਬਾਰੇ ਟਿੱਪਣੀਆਂ ਤਾਂ ਹੋਈਆਂ ਪਰ ਇਸ ਦੀ ਘਾਟ ਦਾ ਕਿਸੇ ਫਿਕਰ ਨਹੀਂ ਕੀਤਾ ਅਤੇ ਨਾ ਹੀ ਇਸ ਘਾਟ ਨੂੰ ਪੂਰਾ ਕਰਨ ਦਾ ਕੋਈ ਉਪਰਾਲਾ ਹੋਇਆ ਤੇ ਕੌਮ ਫਿਰ ਘੁੱਗੀ ਵਾਂਗ ਅੱਖਾਂ ਮੀਚ ਕੇ ਸੌਂ ਗਈ ਹੈ।

20ਵੀਂ ਸਦੀ ਦੇ ਅੰਤ ਤੱਕ ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਵਿਚ ਜੰਗਲੀ ਜਾਨਵਰਾਂ ਦੇ ਸ਼ਿਕਾਰ ‘ਤੇ ਪਾਬੰਦੀ ਨਹੀਂ ਸੀ, ਜਿਸ ਕਰਕੇ ਲੋਕਾਂ ਵਿਚ ਸ਼ਿਕਾਰ ਕਰਨ ਅਤੇ ਹਥਿਆਰ ਚੁੱਕਣ ਦਾ ਸ਼ੌਕ ਸੀ। ਪੰਜਾਬ ਦੇ ਦਰਿਆਵਾਂ ਦੇ ਨਾਲ-ਨਾਲ, ਪਹਾੜੀ ਅਤੇ ਅਰਧ-ਪਹਾੜੀ ਖੇਤਰਾਂ ਵਿਚ ਝੱਲ ਜੰਗਲ ਕਾਫ਼ੀ ਸਨ। ਧੁੱਸੀ ਬੰਨ੍ਹਾਂ ਅਤੇ ਨਹਿਰਾਂ ਦੇ ਨਾਲ ਵੀ ਰੁੱਖ ਅਤੇ ਝਾੜੀਆਂ, ਕਮਾਦ, ਮੱਕੀ ਆਦਿ ਵਰਗੀਆਂ ਉੱਚੀਆਂ ਫ਼ਸਲਾਂ ਵਿਚ ਜੰਗਲੀ ਜਾਨਵਰ ਕਾਫ਼ੀ ਹੁੰਦੇ ਸਨ ਜੰਗਲੀ ਜਾਨਵਰਾਂ ਵਿਚ ਇਥੇ ਬਾਘ, ਸੂਰ, ਹਿਰਨ, ਨੀਲ ਗਊ, ਸਾਂਭਰ, ਸੇਹਿ ਆਦਿ ਤੋਂ ਲੈ ਕੇ ਖਰਗੋਸ਼, ਤਿੱਤਰ, ਬਟੇਰ, ਮੁਰਗਾਬੀ ਆਦਿ ਤੱਕ ਦੀ ਬਹੁਤ ਵੱਡੀ ਵੰਨਗੀ ਮਿਲਦੀ ਸੀ ਅਤੇ ਸ਼ਿਕਾਰੀਆਂ ਲਈ ਇਨ੍ਹਾਂ ਜਾਨਵਰਾਂ ਦਾ ਸ਼ਿਕਾਰ ਕਈ ਵਾਰੀ ਵੱਡੀ ਵੰਗਾਰ ਦੀ ਸ਼ਕਲ ਵਿਚ ਵੀ ਟੱਕਰ ਜਾਂਦਾ ਸੀ। ਜੰਗਲੀ ਸੂਰ ਦਾ ਸ਼ਿਕਾਰ ਕੋਈ ਸੌਖਾ ਸ਼ਿਕਾਰ ਨਹੀਂ ਹੁੰਦਾ। ਇਸ ਦੇ ਸ਼ਿਕਾਰ ਵਿਚ ਮਾੜੀ ਜਿਹੀ ਵੀ ਜੇ ਤਰੁੱਟੀ ਰਹਿ ਜਾਵੇ ਤਾਂ ਸ਼ਿਕਾਰੀ ਦੀ ਆਪਣੀ ਜਾਨ ਨੂੰ ਖਤਰਾ ਹੋ ਸਕਦਾ ਹੈ। ਜ਼ਖ਼ਮੀ ਹੋਇਆ ਸੂਰ ਤਾਂ ਸ਼ੇਰ ਨਾਲੋਂ ਵੀ ਵੱਧ ਖਤਰਨਾਕ ਹੋ ਸਕਦਾ ਹੈ ਅਤੇ ਇਸ ਨਾਲ ਟੱਕਰ ਕਿਸੇ ਅੱਤਵਾਦੀ ਨਾਲ ਟੱਕਰ ਤੋਂ ਘੱਟ ਨਹੀਂ ਹੁੰਦੀ। ਇਸ ਲਈ ਜੰਗਲੀ ਜਾਨਵਰਾਂ ਦਾ ਸ਼ਿਕਾਰ ਆਪਣੇ-ਆਪ ਵਿਚ ਇਕ ਮੁਕੰਮਲ ਫ਼ੌਜੀ ਸਿਖਲਾਈ ਹੁੰਦਾ ਹੈ।

ਪੰਜਾਬ ਵਿਚ ਸ਼ਿਕਾਰ ਦਾ ਸ਼ੌਕ ਜ਼ਿਆਦਾ ਪੇਂਡੂ ਕਿਸਾਨ ਪਰਿਵਾਰਾਂ ਵਿਚ ਹੁੰਦਾ ਸੀ ਅਤੇ ਇਸ ਦੇ ਸ਼ੌਕੀਨ ਬੱਚੇ, ਜਵਾਨ ਅਤੇ ਬੁੱਢੇ ਸਭ ਉਮਰਾਂ ਦੇ ਬੰਦੇ ਹੁੰਦੇ ਸਨ। ਪੈਦਲ ਫਿਰ ਕੇ ਸ਼ਿਕਾਰ ਕਰਨ ਤੋਂ ਇਲਾਵਾ ਇਹ ਲੋਕ ਰਾਤ ਵੇਲੇ ਟਰੈਕਟਰਾਂ, ਜੀਪਾਂ ਆਦਿ ‘ਤੇ ਸਰਚ ਲਾਈਟਾਂ ਨਾਲ ਵੀ ਸ਼ਿਕਾਰ ਕਰਨ ਨਿਕਲਦੇ ਸਨ। ਸ਼ਿਕਾਰ ਦਾ ਇਹ ਸ਼ੌਕ ਨਵੀਆਂ ਪੀੜ੍ਹੀਆਂ ਵਾਸਤੇ ਚਾਹੇ-ਨ-ਚਾਹੇ ਸ਼ਿਕਾਰ ਅਤੇ ਹਥਿਆਰ ਦੀ ਸਿਖਲਾਈ ਦਾ ਵਧੀਆ ਸੋਮਾ ਹੁੰਦਾ ਸੀ ਜੋ ਸਵੈ-ਰੱਖਿਆ ਦੇ ਅਧਿਅਨ ਦਾ ਮੁੱਢ ਬਣਦਾ ਸੀ। ਹਰ ਉਹ ਬੰਦਾ ਜੋ ਹਥਿਆਰ ਚਲਾ ਸਕਦਾ ਹੈ, ਤੇਜ਼ ਤਰਾਰ ਜਾਨਵਰ ਨੂੰ ਮਾਰ ਸਕਦਾ ਹੈ, ਉਹ ਸਵੈ-ਰੱਖਿਆ ਲਈ ਫਿਟ ਕਿਹਾ ਜਾ ਸਕਦਾ ਹੈ। ਮੈਂ ਖ਼ੁਦ ਇਸ ਦੌਰ ਦੀ ਚਰਮ ਸੀਮਾ ਆਪਣੀਆਂ ਅੱਖਾਂ ਨਾਲ ਦੇਖੀ ਹੋਈ ਹੈ। ਉਨ੍ਹੀਂ ਦਿਨੀਂ ਪੇਂਡੂ ਵਰਗ ਵਿਚ ਇਸ ਕਲਾ ਦੀ ਇੰਨੀ ਉਪਮਾ ਸੀ ਕਿ ਸਾਰੇ ਪਿੰਡ ਬਲਕਿ ਨਾਲ ਲਗਦੇ ਕਈ-ਕਈ ਪਿੰਡਾਂ ਨੂੰ ਪਤਾ ਹੁੰਦਾ ਸੀ ਕਿ ਕਿਹੜੇ ਪਿੰਡ ਵਿਚ ਬੰਦੂਕਾਂ, ਅਸਲ੍ਹਾ ਅਤੇ ਸ਼ਿਕਾਰੀ ਜ਼ਿਆਦਾ ਹਨ ਅਤੇ ਉਨ੍ਹਾਂ ਵਿਚ ਕਿਹੜੇ-ਕਿਹੜੇ ਵਧੀਆ ਨਿਸ਼ਾਨਚੀ ਹਨ। ਉਨ੍ਹਾਂ ਇਲਾਕਿਆਂ ਜਿਨ੍ਹਾਂ ਵਿਚ ਇਹ ਸ਼ਿਕਾਰੀ ਵਸਦੇ ਸਨ, ਉਥੇ ਜੁਰਮ ਵੀ ਘੱਟ ਹੁੰਦਾ ਸੀ ਅਤੇ ਭੈੜਾ ਅਨਸਰ ਡਰਦਾ ਮਾਰਾ ਉਧਰ ਨੂੰ ਮੂੰਹ ਨਹੀਂ ਕਰਦਾ ਸੀ।

ਦੇਖਦਿਆਂ-ਦੇਖਦਿਆਂ ਇਹ ਸ਼ੌਕ ਅਤੇ ਅਸਲੇ ਦਾ ਰੁਝਾਨ ਲੋਕਾਂ ਵਿਚ ਸਿਫਰ ਹੋ ਕੇ ਰਹਿ ਗਏ ਹਨ। ਪਿੰਡ ਮੁਹੱਲੇ ਨੂੰ ਬਚਾਉਣ ਵਾਲਾ ਅੱਜ ਆਪਣੇ-ਆਪ ਨੂੰ ਬਚਾਉਣ ਦੇ ਵੀ ਸਮਰੱਥ ਨਹੀਂ ਰਿਹਾ ਹੈ। ਘਰ ਵਿਚ ਸੱਪ ਨਿਕਲ ਆਏ ਤਾਂ ਨੌਜਵਾਨ ਮੰਜੇ ‘ਤੇ ਚੜ੍ਹ ਕੇ ਖਲੋ ਜਾਂਦਾ ਹੈ ਅਤੇ ਤਾਕੀ ਵਿਚੀਂ ਬਾਹਰ ਫਿਰਦੇ ਲੋਕਾਂ ਨੂੰ ਆਵਾਜ਼ਾਂ ਮਾਰਦਾ ਹੈ। ਦਿਨ ਛਿਪਦੇ ਸਾਰ ਹੀ ਘਰ ਦੀ ਅੰਦਰਲੀ ਚਿੱਟਕਣੀ ਲਾ ਕੇ ਆਪਣੇ-ਆਪ ਨੂੰ ਮਹਿਫੂਜ਼ ਸਮਝਦਾ ਹੈ। ਗੋਲੀ ਸਿੱਕੇ ਵਾਲੇ ਹਥਿਆਰ, ਤਲਵਾਰ, ਬਰਛੇ ਤਾਂ ਕੀ ਉਸ ਨੂੰ ਡਾਂਗ/ਸੋਟਾ ਚਲਾਉਣ ਦਾ ਵੀ ਅਭਿਆਸ ਨਹੀਂ ਹੈ। ਪਰ ਲੋੜ ਹੈ ਇਸ ਘਾਟ ਨੂੰ ਗੰਭੀਰਤਾ ਨਾਲ ਪੂਰਿਆਂ ਕਰਨ ਦੀ। ਹੋਰ ਨਹੀਂ ਤਾਂ ਦੁਨੀਆ ਦੇ ਕਈ ਹੋਰ ਮੁਲਕਾਂ ਵਾਂਗ ਹਰ ਨੌਜਵਾਨ ਲਈ ਇਕ ਦੋ ਸਾਲ ਫ਼ੌਜੀ ਸਿਖਲਾਈ ਨੂੰ ਲਾਜ਼ਮੀ ਬਣਾਇਆ ਜਾਵੇ। ਸਕੂਲਾਂ, ਕਾਲਜਾਂ ਵਿਚ ਇਸ ਸਿਖਲਾਈ ਨੂੰ ਲਾਜ਼ਮੀ ਵਿਸ਼ਾ ਰੱਖਿਆ ਜਾਵੇ ਜਾਂ ਪਿੰਡਾਂ-ਸ਼ਹਿਰਾਂ ਵਿਚ ਇਹ ਸਿਖਲਾਈ ਨਵੀਂ ਪੀੜ੍ਹੀ ਤੱਕ ਆਸਾਨ ਸ਼ਰਤਾਂ ਤਹਿਤ ਉਪੜਾਈ ਜਾਵੇ। ਅਸਲ੍ਹੇ ਦੀ ਲਾਈਸੈਂਸ ਪ੍ਰਣਾਲੀ ਅਤੇ ਸ਼ਿਕਾਰ ਦੇ ਕਾਨੂੰਨ ਵਿਚ ਸੋਧ ਕੀਤੀ ਜਾਵੇ। ਬਾਹਰਲੇ ਮੁਲਕਾਂ ਦੀਆਂ ਸ਼ਿਕਾਰ ਸਬੰਧੀ ਨੀਤੀਆਂ ਤੋਂ ਵੀ ਇਸ ਪ੍ਰਤੀ ਸੇਧ ਲਾਹੇਵੰਦ ਹੋ ਸਕਦੀ ਹੈ। ਉਂਜ ਵੀ ਪੰਜਾਬ ਵਿਚ ਕੁਝ ਇਕ ਨਸਲਾਂ ਦੇ ਜੰਗਲੀ ਜਾਨਵਰਾਂ ਖਾਸ ਕਰਕੇ ਸੂਰ, ਸਾਂਭਰ ਅਤੇ ਨੀਲ ਗਊ ਵਿਚ ਕਾਫ਼ੀ ਵਾਧਾ ਹੋ ਚੁੱਕਾ ਹੈ, ਜਿਸ ਕਰਕੇ ਇਨ੍ਹਾਂ ਨਸਲਾਂ ਦੇ ਸ਼ਿਕਾਰ ਪ੍ਰਤੀ ਨੀਤੀ ਨੂੰ ਦੁਹਰਾਉਣ ਦੀ ਲੋੜ ਵੀ ਹੈ। ਤਿੱਤਰ, ਮੋਰ, ਹਿਰਨ, ਬਟੇਰ, ਖਰਗੋਸ਼, ਹਰੀਅਲ ਅਤੇ ਜੰਗਲੀ ਮੁਰਗੇ ਦੇ ਸ਼ਿਕਾਰ ‘ਤੇ ਬੰਦੀ ਦੀ ਅਜੇ ਹੋਰ ਜ਼ਰੂਰਤ ਹੈ।

ਪੰਜਾਬ ਇਕ ਸਰਹੱਦੀ ਸੂਬਾ ਹੈ। ਬਦਕਿਸਮਤੀ ਇਹ ਹੈ ਕਿ ਪੰਜਾਬ ਦੇ ਹਿੱਸੇ ਜੋ ਸਰਹੱਦ ਆਈ ਹੈ, ਉਹ ਬਾਕੀ ਸਭ ਸਰਹੱਦਾਂ ਤੋਂ ਵਧੇਰੇ ਘਾਤਕ ਸਾਬਤ ਹੋ ਰਹੀ ਹੈ, ਜਿਸ ਵਿਚ ਜ਼ਿਆਦਾ ਗ਼ੈਰ-ਫੌਜੀ ਖਤਰੇ ਹਨ। ਉਸ ਮੁਲਕ ਨੂੰ ਪੰਜਾਬੀਆਂ ਦੀਆਂ ਖ਼ੂਬੀਆਂ ਅਤੇ ਪੰਜਾਬੀਆਂ ਦੀ ਮਰਦਾਨਗੀ ਦਾ ਬਾਖ਼ੂਬੀ ਇਲਮ ਹੈ ਕਿਉਂਕਿ ਉਹ ਸਾਡੇ ਨਾਲ ਸਾਡਾ ਹਿੱਸਾ ਬਣ ਕੇ ਰਹਿੰਦੇ ਰਹੇ ਹਨ। ਇਸ ਲਈ ਦੁਸ਼ਮਣ ਦਾ ਹੁਣ ਇਸ ਪਾਸੇ ਵੱਲ ਜ਼ੋਰ ਲੱਗਾ ਪਿਆ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇੜੀ, ਅਮਲੀ, ਪੋਸਤੀ, ਵਿਹਲੜ ਅਤੇ ਬੇਕਾਰ ਬਣਾਇਆ ਜਾਵੇ। ਪੰਜਾਬ ਵਿਚ ਮਾਰੂ ਨਸ਼ੇ ਧੜਾਧੜ ਇਸੇ ਸਾਜ਼ਿਸ ਦੇ ਤਹਿਤ ਆ ਰਹੇ ਹਨ ਅਤੇ ਇਹ ਵੀ ਅੱਤਵਾਦੀ ਪ੍ਰਥਾ ਦਾ ਇਕ ਹਿੱਸਾ ਹੈ। ਸਾਡੇ ਹਰ ਨੌਜਵਾਨ ਨੂੰ ਦੁਸ਼ਮਣ ਦੀ ਇਸ ਚਾਲ ਨੂੰ ਸਮਝਣਾ ਹੋਵੇਗਾ ਅਤੇ ਨਸ਼ਿਆਂ ਤੋਂ ਦੂਰ ਰਹਿਣਾ ਹੋਵੇਗਾ। ਬਦਲਦੇ ਵਕਤ ਨਾਲ ਟਕਰਾਉਣ ਲਈ ਆਪਣੀ ਜ਼ਿੰਮੇਵਾਰੀ ਨੂੰ ਪਹਿਚਾਨਣਾ ਅੱਜ ਦੇ ਨੌਜਵਾਨ ਵਾਸਤੇ ਇਕ ਚੁਣੌਤੀ ਹੈ। ਮੇਰੇ ਦੋਸਤ ਸਵ: ਮੋਹਣ ਸਿੰਘ ਸੰਘੇੜਾ ਇਸ ਸਚਾਈ ਨੂੰ ਆਪਣੀ ਗੱਲਬਾਤ ਵਿਚ ਕਈ-ਕਈ ਵਾਰ ਦੁਹਰਾਇਆ ਕਰਦੇ ਸੀ ਕਿ ਘੋੜਿਆਂ ਦੇ ਦੁਲੱਤੇ ਘੋੜੇ ਹੀ ਸਹਿ ਸਕਦੇ ਹਨ। ਕੌਮਾਂ ਜਦ ਕੁਰਾਹੇ ਚਲਦੀਆਂ ਹਨ, ਉਹ ਕਮਜ਼ੋਰ ਅਤੇ ਨਿਤਾਣੀਆਂ ਪੈ ਜਾਂਦੀਆਂ ਹਨ ਅਤੇ ਦੁਸ਼ਮਣ ਉਨ੍ਹਾਂ ਨੂੰ ਪੈਰ-ਪੈਰ ‘ਤੇ ਖੜ੍ਹਾ ਮਿਲਦਾ ਹੈ। ਆਓ, ਆਪਣੇ ਇਤਿਹਾਸ ਵੱਲ ਨਿਗ੍ਹਾ ਮਾਰੀਏ:

**ਆਈਆਂ ਪਲਟਨਾਂ ਬੀੜ ਕੇ ਤੋਪਖ਼ਾਨੇ,**
**ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।**
**ਮੇਵਾ ਸਿੰਘ ਤੇ ਮਾਘੇ ਖ਼ਾਂ ਹੋਏ ਸਿੱਧੇ,**
**ਹੱਲੇ ਤਿੰਨ ਫ਼ਰੰਗੀ ਦੇ ਮੋੜ ਸੁੱਟੇ।**

**ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,**
**ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।**
**ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,**
**ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

# ਨਵਾਂ ਚਰਿੱਤਰ ਘੜ ਰਿਹਾ ਹੈ ਪਰਵਾਸ

ਲਿਖਤ : ਜਗਰੂਪ ਸਿੰਘ



ਕੁਝ ਦਿਨ ਪਹਿਲਾਂ ਮੈਨੂੰ ਬਾਪੂ ਜੀ ਦੇ ਲੰਗੋਟੀਆ ਮਿੱਤਰ ਦੀ ਤੀਸਰੀ ਪੀੜ੍ਹੀ ਵਿੱਚੋਂ ਫੋਨ ਆਇਆ। ਰਸਮੀ ਪਰਿਵਾਰਕ ਸੁੱਖ-ਸਾਂਦ ਪੁੱਛਣ ਮਗਰੋਂ ਮੈਂ ਫੋਨ ਕਰਨ ਦਾ ਕਾਰਨ ਪੁੱਛਿਆ। ਉਹ ਥੋੜ੍ਹਾ ਵੀ ਨਾ ਝਿਜ-ਕਆ, ਉਸ ਨੇ ਕਿਹਾ, "ਅੰਕਲ, ਵੀਰੇ ਤੋਂ ਥੋਡੀ ਨੂੰਹ ਲਈ ਕੈਨੇਡਾ ਦੇ ਵਿਜ਼ਟਰ ਵੀਜ਼ੇ ਦੀ ਸਪੰਸਰਸ਼ਿੱਪ ਭਿਜਵਾ ਦਿਓ। ਉਸ ਦਾ ਇੱਕ ਰਿਸ਼ਤੇਦਾਰ ਉਸ ਦੀ ਫਾਈਲ ਲਗਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਡੇ ਚਾਰ, ਪੰਜ ਲੱਖ ਬਚ ਜਾਣਗੇ ...।"

ਉਸ ਦੀ ਗੱਲ ਸੁਣ ਕੇ ਮੈਂ ਕਿਹਾ, "ਬੇਟਾ, ਥੋਡੇ ਕੋਲ ਚੰਗੀ ਜ਼ਮੀਨ ਐ, ਵਧੀਆ ਖੇਤੀ ਐ। ਤੂੰ ਸਰਕਾਰੀ ਨੌਕਰੀ ਕਰ ਰਿਹਾ ਹੈਂ। ਤੈਨੂੰ ਚਾਰ ਪੈਸੇ ਵੀ ਬਣਦੇ ਨੇ। ਤੇਰੀ ਘਰ ਵਾਲੀ ਵੀ ਕੰਮ ਕਰਦੀ ਐ। ਫੇਰ ਵੀ ਉਹ ਕਨੇਡਾ ਕਿਉਂ ਜਾਣਾ ਚਾਹੁੰਦੀ ਐ, ਉਹ ਵੀ ਵਿਜ਼ਟਰ ਵੀਜ਼ਾ 'ਤੇ?"

ਉਹ ਕਹਿਣ ਲੱਗਾ, "ਅੰਕਲ, ਮੈਨੂੰ ਵੀ ਪੁੱਠੀਆਂ ਸਿੱਧੀਆਂ ਸੁਣਨੀਆਂ ਪੈਂਦੀਆਂ ਨੇ, ਨਾਲੇ ਤੁਹਾਡੀ ਨੂੰਹ ਨੂੰ ਲੋਕ ਭੈੜੀਆਂ ਨਜ਼ਰਾਂ ਨਾਲ ਦੇਖਣ ਲੱਗ ਜਾਂਦੇ ਨੇ। ਥੋਨੂੰ ਪਤਾ ਈ ਐ ਆਪਣੇ ਲੋਕਾਂ ਦਾ ਕਰੈਕਟਰ ਕਿਹੋ ਜਿਹਾ ਹੈ। 'ਉਹ' ਕਨੇਡਾ ਜਾਣ ਦੀ ਜ਼ਿੱਦ ਕਰ ਰਹੀ ਐ, ਕਹਿੰਦੀ ਸਾਰੇ ਵਿਜ਼ਟਰ ਵੀਜ਼ਾ 'ਤੇ ਹੀ ਜਾਂਦੇ ਨੇ। ਛੇ ਮਹੀਨੇ ਕੰਮ ਧੰਦਾ ਕਰਦੇ ਨੇ, ਮੈਂ ਵੀ ਕਰਲੂੰ ...।"

ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਵਿਜ਼ਟਰ ਵੀਜ਼ੇ ਲਈ ਸਪੰਸਰਸ਼ਿੱਪ ਆਮ ਤੌਰ 'ਤੇ ਕਿਸੇ ਰਿਸ਼ਤੇਦਾਰ ਵੱਲੋਂ ਹੀ ਦਿੱਤੀ ਜਾਂਦੀ ਹੈ। ਬੇਟਾ ਕਾਨੂੰਨ ਤੋੜਨ ਦੇ ਹੱਕ ਵਿੱਚ ਨਹੀਂ ਹੈ। ਜੇਕਰ ਉਸਦੀ ਪਤਨੀ ਵਿਜ਼ਟਰ ਵੀਜ਼ੇ 'ਤੇ ਕੰਮ ਕਰਦੀ ਫੜੀ ਗਈ, ਉਸ ਨੂੰ ਵਾਪਸ ਤਾਂ ਭੇਜਣਗੇ ਹੀ, ਜੇਲ੍ਹ ਵੀ ਕਰ ਸਕਦੇ ਹਨ। ਪਿੰਡ ਵਿੱਚ ਬਦਨਾਮੀ ਹੋ ਜਾਊ ...।"

"ਅੰਕਲ, ਹੁਣ ਕੋਈ ਨੀ ਇਹਨੂੰ ਬਦਨਾਮੀ ਸਮਝਦਾ, ਬੱਸ ਤੁਸੀਂ ਕਾਗਜ਼ ਭਿਜਵਾ ਦਿਓ ...।"

ਮੇਰੇ ਹੁੰਗਾਰੇ ਲਈ ਪਤਾ ਨਹੀਂ ਉਹ ਹੋਰ ਕੀ ਅਵਾ-ਤਵਾ ਜਿਹਾ ਬੋਲ ਗਿਆ। ਮੈਂ ਅਜਿਹੇ ਗੈਰ ਕਾਨੂੰਨੀ ਅਤੇ ਅਨੈਤਿਕ ਕੰਮ ਦੀ ਭਾਗੀਦਾਰੀ ਤੋਂ ਗੁਰੇਜ਼ ਕਰਨ ਬਾਰੇ ਸੋਚਦਾ ਹੋਇਆ ਕੋਈ ਚਾਲੀ ਸਾਲ ਪਿੱਛੇ ਚਲਾ ਗਿਆ।

ਅੱਸੀਵਿਆਂ ਦੇ ਦਹਾਕੇ ਵਿੱਚ ਜੇਕਰ ਕੋਈ ਮਿੱਤਰ ਬੇਲੀ ਦੀ ਮਿੰਨਤ ਕਰਕੇ 'ਯਾਤਰੀ ਵੀਜ਼ਾ' ਲਗਵਾ ਵੀ ਲੈਂਦਾ, ਸਾਰਾ ਕੁਨਬਾ ਅਤੇ ਮਿੱਤਰ ਦੋਸਤ ਦਿੱਲੀ ਹਵਾਈ-ਅੱਡੇ 'ਤੇ ਵਿਦਾ ਕਰਕੇ ਆਉਂਦੇ – 'ਕੈਨੇਡਾ ਦੇਖਣ ਚੱਲਿਐ ਬਈ!' ਵਾਪਸੀ 'ਤੇ ਉਹ ਵਿਅਕਤੀ ਦੋ ਚਾਰ 'ਯਾਦਗਾਰੀ ਚਿੰਨ' ਲਿਆਉਂਦਾ ਜਿਨ੍ਹਾਂ ਥੱਲੇ ਲਿਖਿਆ ਹੁੰਦਾ 'ਇ ਹਓਵਇ ਵਿਸਿਟਇਦ ...' । ਅਸੀਂ ਇਸ ਥਾਂ ਦੀ ਯਾਤਰਾ ਕੀਤੀ' ਅਤੇ ਇਹ ਚਿੰਨ੍ਹ ਕਾਰਨਸ 'ਤੇ ਪਏ ਚੁੱਪਚਾਪ ਬੋਲਦੇ ਕਿ ਬੰਦੇ ਘੁੰਮਣ ਫਿਰਨ ਦੇ ਸ਼ੌਕੀਨ ਨੇ, ਪੈਸੇ ਵਾਲੇ ਨੇ, ਤਾਹੀਓਂ ਤਾਂ ਸੈਰ ਸਪਾਟੇ ਲਈ ਕਨੇਡਾ ਜਾਂਦੇ ਨੇ।" ਅੰਦਰਲੀ ਗੱਲ ਨਾ ਕੋਈ ਦੱਸਦਾ ਤੇ ਨਾ ਹੀ ਕੋਈ ਪੁੱਛਦਾ। ਢਕਿਆ ਢੋਲ ਸੀ ...। ਬਾਅਦ ਵਿੱਚ ਪਤਾ ਲੱਗਿਆ ਕਿ ਗੇੜੇ ਦਾ ਖਰਚਾ ਇਹ ਸੱਜਣ ਵੀ ਮਿੱਤਰਾਂ ਦੀ ਮਿਹਰਬਾਨੀ ਨਾਲ 'ਬੇਰ' ਤੋੜ ਕੇ ਕੱਢ ਲੈਂਦੇ ਸਨ!

'ਵਿਜ਼ਟਰ ਵੀਜ਼ੇ' 'ਤੇ ਗਈ ਇੱਕ ਔਰਤ ਨੇ ਦੱਸਿਆ, "ਅਸੀਂ ਓਥੇ ਬੇਰ (ਭਏਰਰੇ) ਤੋੜਨ ਜਾਇਆ ਕਰਦੇ ਸੀ। ਉਹ ਸਾਨੂੰ ਘਰੋਂ ਲੈ ਜਾਂਦੇ ਸਨ। ਟਰੱਕ ਵਿੱਚ ਬਿਠਾਉਣ ਸਾਰ ਟਰੱਕ ਬੰਦ ਕਰ ਦਿੰਦੇ। ਸਾਨੂੰ ਤਾਂ ਪਤਾ ਵੀ ਨਹੀਂ ਲਗਦਾ ਸੀ ਕਿ ਅਸੀਂ ਕਿਹੜੇ ਪਾਸੇ ਕਿਹੜੀ ਸੜਕ 'ਤੇ ਕਿੱਥੇ ਜਾ ਰਹੇ ਹੁੰਦੇ ਸੀ। ਅੱਠ ਘੰਟੇ ਉਹ ਇੱਕ ਮਿੰਟ ਵੀ ਸਾਹ ਨਾ ਲੈਣ ਦਿੰਦੇ। ਪਾਣੀ ਪੀਣ ਦੇ ਬਹਾਨੇ ਜੇ ਮਾੜਾ ਮੋਟਾ ਦਮ ਲੈਂਦੇ ਤਾਂ ਅੰਗਰਜ਼ੀ ਵਿੱਚ ਗਾਲ੍ਹ ਵੀ ਕੱਢ ਦਿੰਦੇ। ਬੁਰਾ ਤਾਂ ਬਹੁਤ ਲੱਗਦਾ ਪਰ ਡਾਲਰ ਦੀਂਹਦੇ ਤੇ ...।"

ਪਿੱਛੇ ਜਿਹੇ ਅਸੀਂ ਬੇਟੇ ਕੋਲ ਗਏ। ਕਈ ਦੋਸਤਾਂ ਮਿੱਤਰਾਂ ਨੇ ਉਨ੍ਹਾਂ ਕੋਲ ਆਉਣ ਦੀ ਸੁਲ੍ਹਾ ਵੀ ਮਾਰੀ। ਨਜ਼ਦੀਕੀ ਦੋਸਤ ਨੇ ਦੱਸਿਆ ਕਿ ਆਪਣੇ ਅਫਸਰ ਭਰਾ, ਲਾ ਥਾਣੇਦਾਰਾਂ, ਤਹਿਸੀਲਦਾਰਾਂ ਤੋਂ ... ਰਿਟਾਇਰਮੈਂਟ ਤੋਂ ਬਾਅਦ ਆਪਣੇ ਬੱਚਿਆਂ ਕੋਲ ਆ ਜਾਂਦੇ ਨੇ। ਜਵਾਨੀ ਦੇ ਦਿਨਾਂ ਵਿੱਚ ਮੌਤ ਨੂੰ ਮਖੌਲਾਂ ਕਰਨ ਵਾਲੇ ਯੁਗ ਦੀ ਇਹ ਪੀੜ੍ਹੀ ਕਿਵੇਂ ਬੇਸਮੈਂਟਾਂ ਵਿੱਚ ਕਾਲੇ-ਪਾਣੀ ਦੀ ਜੇਲ੍ਹ ਵਾਂਗ ਬੁਢੇਪਾ ਕੱਟਦੀ ਹੈ, ਉਸ ਵਕਤ ਉਨ੍ਹਾਂ ਦਾ ਦੁੱਖ ਨੀ ਦੇਖਿਆ ਜਾਂਦਾ ਜਦੋਂ ਨੂੰਹਾਂ ਕਦੇ ਕਦੇ ਕਹਿ ਦਿੰਦੀਆਂ ਨੇ, "ਬਾਪੂ ਜੀ, ਵਿਹਲੇ ਬੈਠੇ ਵੀ ਦਿਨ ਨਹੀਂ ਲੰਘਦਾ, ਹੋਰ ਨੀ ਤਾਂ ਪਾਰਟ-ਟਾਈਮ ਈ ਕਰ ਲਿਆ ਕਰੋ। ਚਾਰ ਡਾਲਰ ਆ ਜਾਇਆ ਕਰਨਗੇ ...।" ਤੇ ਫੇਰ ਉਹ ਵੱਡੇ ਵੱਡੇ ਫਾਰਮਾਂ ਵਿੱਚ ਬੇਰ ਤੋੜਦੇ ਹਨ। ਕਈ ਝੂਰਦੇ ਕਹਿੰਦੇ ਨੇ. "ਯਾਰ ਓਥੇ ਸਰਦਾਰੀ ਕਰਦੇ ਤੇ ... ਆਹ ਤੋੜ ਰਹੇ ਆਂ ਬੇਰ ਬੁਢਾਪੇ ਵੇਲੇ ... ਓਥੇ ਕੰਮੀਆਂ ਨੂੰ ਗਾਲ੍ਹਾਂ ਕੱਢਦੇ ਤੇ ਇੱਥੇ ਆਪ ਸੁਣਦੇ ਆਂ।"

ਮੈਂ ਹੱਸਦਿਆਂ ਕਿਹਾ, "ਉਨ੍ਹਾਂ ਨੂੰ ਕਹਿ ਕਿ ਡੁੱਲ੍ਹੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ, ਵਾਪਸ ਆ ਜਾਣ।"

ਉਸ ਨੇ ਬੜੇ ਸੰਜੀਦਾ ਲਹਿਜ਼ੇ ਵਿੱਚ ਕਿਹਾ, "ਸੱਚ ਤਾਂ ਇਹ ਹੈ ਕਿ ਇਸ ਅੱਗ ਲਾਉਣੇ ਪਰਵਾਸ ਨੇ ਪੰਜਾਬੀਆਂ ਦਾ ਚਰਿੱਤਰ ਹੀ ਨਵਾਂ ਘੜ ਦਿੱਤਾ ਹੈ। ... ਇਸਦੀ ਪੁਸ਼ਟੀ ਅਜਿਹੀਆਂ ਛਪ ਰਹੀਆਂ ਖ਼ਬਰਾਂ ਨਾਲ ਹੋ ਰਹੀ ਹੈ – 'ਲੜਕੀ ਵੱਲੋਂ ਪਤੀ ਨੂੰ ਵਿਦੇਸ਼ ਨਾ ਸੱਦਣ 'ਤੇ ਤਿੰਨ ਖਿਲਾਫ ਕੇਸ ਦਰਜ ... – ਮੁੰਡੇ ਵਾਲਿਆਂ ਦੇ ਖਰਚੇ ਤੇ ਆਈਲੈਟਸ ਕਰੋ, ਕਨੇਡਾ ਜਾਓ ਤੇ ਫੇਰ ਤੂੰ ਕੌਣ? ਤੇ ਮੈਂ ਕੌਣ? ... ਜੱਟ ਵੀਜ਼ਾ ਲਗਾਉਣ ਨੂੰ ਮਰਦਾ, ਲੱਡੂ ਖਾ ਕੇ ਤੁਰਦੀ ਬਣੀ ..." ਵਾਲਾ ਵਰਤਾਰਾ ਹੁਣ ਟਾਵਾਂ-ਟਾਵਾਂ ਨਹੀਂ, ਆਮ ਹੋ ਗਿਆ ਹੈ।" ਮਿੱਤਰ ਸਹੀ ਕਹਿ ਰਿਹਾ ਹੈ।

# ਟਰੰਪ ਕਾਰਣ ਦੁਨੀਆਂ 'ਚ ਸ਼ੁਰੂ ਹੋਇਆ ਆਰਥਿਕ ਯੁਧ ...ਮੰਦੀ ਦੀ ਸੰਭਾਵਨਾ

**ਖਾਸ ਰਿਪੋਰਟ**



ਟਰੰਪ ਦੀ ਟੈਰਿਫ ਰਟ ਕਾਰਣ ਦੁਨੀਆਂ ਵਿਚ ਆਰਥਿਕ ਯੁਧ ਸ਼ੁਰੂ ਹੋ ਗਿਆ ਹੈ।ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਬਾਅਦ, ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ 27 ਦੇਸ਼ਾਂ ਦੇ ਯੂਰਪੀ ਸੰਘ 'ਤੇ ਵੀ ਟੈਰਿਫ ਲਗਾਇਆ ਜਾ ਸਕਦਾ ਹੈ। ਹਾਲਾਂਕਿ, ਇਹ ਕਦੋਂ ਹੋਵੇਗਾ ਇਸ ਬਾਰੇ ਕੁਝ ਸਪੱਸ਼ਟ ਨਹੀਂ ਹੈ। ਟਰੰਪ ਨੇ ਕਿਹਾ ਸੀ, 'ਉਹ ਸਾਡੀਆਂ ਕਾਰਾਂ ਨਹੀਂ ਲੈਂਦੇ, ਸਾਡੇ ਖੇਤੀ ਉਤਪਾਦ ਨਹੀਂ ਲੈਂਦੇ। ਉਹ ਕੁਝ ਨਹੀਂ ਖਰੀਦਦੇ, ਪਰ ਅਸੀਂ ਉਨ੍ਹਾਂ ਤੋਂ ਸਭ ਕੁਝ ਲੈਂਦੇ ਹਾਂ। ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਕੁਝ ਦਿਨ ਪਹਿਲਾਂ ਲਏ ਗਏ ਫੈਸਲੇ ਕਾਰਨ, ਦੁਨੀਆ ਭਰ ਵਿੱਚ 'ਟੈਰਿਫ ਯੁੱਧ' ਦੀ ਸ਼ੰਕਾ ਵਧ ਗਈ ਹੈ।

ਟਰੰਪ ਨੇ ਸੰਕੇਤ ਦਿੱਤਾ ਕਿ ਬ੍ਰਿਟੇਨ, ਜੋ 2020 ਵਿੱਚ ਯੂਰਪੀਅਨ ਯੂਨੀਅਨ ਨੂੰ ਛੱਡਿਆ ਹੈ, ਨੂੰ ਟੈਰਿਫ ਤੋਂ ਛੋਟ ਦਿੱਤੀ ਜਾ ਸਕਦੀ ਹੈ।

ਟਰੰਪ ਨੇ ਸ਼ਨੀਵਾਰ ਨੂੰ ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਆਉਣ ਵਾਲੇ ਸਮਾਨ 'ਤੇ ਭਾਰੀ ਟੈਰਿਫ ਲਗਾਉਣ ਵਾਲੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਸਨ। ਟਰੰਪ ਦੇ ਫੈਸਲੇ ਤੋਂ ਤੁਰੰਤ ਬਾਅਦ, ਉਨ੍ਹਾਂ ਦੇ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨੇ ਜਵਾਬੀ ਕਾਰਵਾਈ ਕੀਤੀ ਅਤੇ ਅਮਰੀਕਾ 'ਤੇ ਜਵਾਬੀ ਟੈਰਿਫ ਲਗਾ ਦਿੱਤੇ। ਇਸ ਕਾਰਨ ਹੁਣ ਇੱਕ ਵੱਡਾ ਆਰਥਿਕ ਟਕਰਾਅ ਪੈਦਾ ਹੋਣ ਦੀ ਸੰਭਾਵਨਾ ਹੈ।

ਯੂਰਪੀ ਸੰਘ ਦੀ ਵਿਦੇਸ਼ ਨੀਤੀ ਦੇ ਮੁਖੀ ਕਾਜਾ ਕਾਲਸ ਨੇ ਕਿਹਾ ਕਿ ਵਪਾਰ ਯੁੱਧ ਵਿੱਚ ਕੋਈ ਵੀ ਜਿੱਤਦਾ ਨਹੀਂ ਹੈ। ਜੇਕਰ ਯੂਰਪ ਅਤੇ ਅਮਰੀਕਾ ਵਿਚਾਲੇ ਅਜਿਹਾ ਕੁਝ ਹੁੰਦਾ ਹੈ, ਤਾਂ ਚੀਨ ਸਾਡੇ 'ਤੇ ਹੱਸੇਗਾ।ਯੂਰਪੀਅਨ ਯੂਨੀਅਨ ਨੇ ਕਿਹਾ ਕਿ ਜੇਕਰ ਅਮਰੀਕੀ ਰਾਸ਼ਟਰਪਤੀ ਟੈਰਿਫ ਲਗਾਉਂਦੇ ਹਨ ਤਾਂ ਉਹ "ਸਖਤ ਜਵਾਬ" ਦੇਵੇਗਾ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਕਿ ਜੇਕਰ ਯੂਰਪੀ ਸੰਘ ਦੇ ਵਪਾਰਕ ਹਿੱਤਾਂ 'ਤੇ ਹਮਲਾ ਹੁੰਦਾ ਹੈ ਤਾਂ ਇਸ ਦਾ ਪ੍ਰਤੀਕਰਮ ਦੇਖਣ ਨੂੰ ਮਿਲੇਗਾ।

ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੀ ਟੈਰਿਫ ਨੀਤੀ ਅਮਰੀਕਾ ਦੇ ਵਿਕਾਸ ਨੂੰ ਹੌਲੀ ਕਰੇਗੀ।ਅਮਰੀਕੀ ਰਾਸ਼ਟਰਪਤੀ ਵੱਲੋਂ ਕੈਨੇਡਾ, ਮੈਕਸੀਕੋ ਅਤੇ ਚੀਨ 'ਤੇ ਟੈਰਿਫ ਲਗਾਉਣ ਲਈ ਇੱਕ ਦਿਨ ਪਹਿਲਾਂ ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ ਕਿ ਚੀਨ ਤੋਂ ਆਉਣ ਵਾਲੇ ਸਾਰੇ ਆਯਾਤ 'ਤੇ 10 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ ਅਤੇ ਮੈਕਸੀਕੋ ਅਤੇ ਕੈਨੇਡਾ ਦਰਾਮਦ 'ਤੇ 25 ਪ੍ਰਤੀਸ਼ਤ ਡਿਊਟੀ ਹੋਵੇਗੀ। ਟਰੰਪ ਦੁਆਰਾ ਦਸਤਖਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿੱਚ ਇਹ ਵੀ ਵਿਵਸਥਾ ਹੈ ਕਿ ਜੇਕਰ ਦੇਸ਼ ਅਮਰੀਕਾ ਵਿਰੁੱਧ ਬਦਲਾ ਲੈਂਦੇ ਹਨ ਤਾਂ ਦਰਾਂ ਵਧਾਈਆਂ ਜਾ ਸਕਦੀਆਂ ਹਨ।

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕਾ ਤੋਂ ਆਯਾਤ ਹੋਣ ਵਾਲੀਆਂ ਸਾਰੀਆਂ ਵਸਤਾਂ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਟਰੰਪ ਦੇ ਫੈਸਲੇ ਦੇ ਜਵਾਬ ਵਿੱਚ 155 ਬਿਲੀਅਨ ਕੈਨੇਡੀਅਨ ਡਾਲਰ ਦੇ ਅਮਰੀਕੀ ਸਮਾਨ 'ਤੇ 25 ਪ੍ਰਤੀਸ਼ਤ ਟੈਰਿਫ ਲਗਾਏਗੀ। ਜਸਟਿਨ ਟਰੂਡੋ ਨੇ ਕਿਹਾ ਕਿ ਉਹ ਜਲਦੀ ਹੀ ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨਾਲ ਗੱਲ ਕਰਨਗੇ ਅਤੇ ਇਸ ਮੁੱਦੇ 'ਤੇ ਚਰਚਾ ਕਰਨ ਲਈ ਪਹਿਲਾਂ ਹੀ ਆਪਣੇ ਮੰਤਰੀ ਮੰਡਲ ਨਾਲ ਮੁਲਾਕਾਤ ਕਰ ਚੁੱਕੇ ਹਨ।ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਨਹੀਂ ਚਾਹੁੰਦੇ ਸੀ, ਪਰ ਕੈਨੇਡਾ ਤਿਆਰ ਹੈ। ਟਰੂਡੋ ਨੇ ਕਿਹਾ ਕਿ ਟੈਰਿਫ ਕੁਝ ਸਾਲ ਪਹਿਲਾਂ ਹੋਏ ਇੱਕ ਮੁਕਤ ਵਪਾਰ ਸਮਝੌਤੇ ਦੀ ਉਲੰਘਣਾ ਕਰਦੇ ਹਨ। ਇਸ ਦੇ ਅਮਰੀਕੀ ਲੋਕਾਂ ਲਈ ਗੰਭੀਰ ਨਤੀਜੇ ਹੋਣਗੇ।

ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਐਲਾਨ ਕੀਤਾ ਕਿ ਮੈਕਸੀਕੋ ਜਵਾਬੀ ਟੈਰਿਫ ਲਗਾਏਗਾ ਅਤੇ ਆਪਣੇ ਹਿੱਤਾਂ ਦੀ ਰੱਖਿਆ ਲਈ ਹੋਰ ਉਪਾਅ ਕਰੇਗਾ। ਉਸਨੇ ਟਰੰਪ ਦੇ ਇਸ ਦੋਸ਼ ਨੂੰ ਵੀ ਰੱਦ ਕਰ ਦਿੱਤਾ ਕਿ ਮੈਕਸੀਕਨ ਸਰਕਾਰ ਦੇ ਅਪਰਾਧਿਕ ਸੰਗਠਨਾਂ ਨਾਲ ਸਬੰਧ ਹਨ।

ਚੀਨ ਨੇ ਡਬਲਯੂਟੀਓ ਵਿੱਚ ਕੇਸ ਦਾਇਰ ਕਰਨ ਦਾ ਫੈਸਲਾ ਕੀਤਾ ਹੈ।ਚੀਨ ਨੇ ਕਿਹਾ ਕਿ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਢੁਕਵੇਂ ਜਵਾਬੀ ਉਪਾਅ ਕਰੇਗਾ।

ਸਿੱਧੇ ਸ਼ਬਦਾਂ ਵਿੱਚ, ਟੈਰਿਫ ਦੂਜੇ ਦੇਸ਼ਾਂ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ ਲਗਾਏ ਗਏ ਟੈਕਸ ਹਨ। ਜ਼ਿਆਦਾਤਰ ਟੈਰਿਫ ਸਾਮਾਨ ਦੇ ਮੁੱਲ ਦੇ ਪ੍ਰਤੀਸ਼ਤ ਵਜੋਂ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਆਮ ਤੌਰ 'ਤੇ ਆਯਾਤਕਾਰ ਦੁਆਰਾ ਅਦਾ ਕੀਤੇ ਜਾਂਦੇ ਹਨ। ਆਯਾਤ ਕੀਤੇ ਸਾਮਾਨ ਦੀ ਕੀਮਤ ਵਧਾਉਣ ਦਾ ਉਦੇਸ਼ ਖਪਤਕਾਰਾਂ ਨੂੰ ਸਸਤੇ ਘਰੇਲੂ ਉਤਪਾਦ ਖਰੀਦਣ ਲਈ ਉਤਸ਼ਾਹਿਤ ਕਰਨਾ ਹੈ, ਇਸ ਤਰ੍ਹਾਂ ਉਨ੍ਹਾਂ ਦੀ ਆਪਣੀ ਆਰਥਿਕਤਾ ਨੂੰ ਹੁਲਾਰਾ ਦੇਣਾ ਹੈ ਤਾਂ ਜੋ ਵਿਕਾਸ ਨੂੰ ਪ੍ਰਮੋਟ ਕੀਤਾ ਜਾ ਸਕੇ ।

**ਅਮਰੀਕਾ ਲਈ ਮਹਿੰਗਾ ਸਾਬਤ ਹੋਵੇਗਾ ਟਰੰਪ ਦਾ ਫੈਸਲਾ**

ਟਰੰਪ ਇਨ੍ਹਾਂ ਨੂੰ ਅਮਰੀਕੀ ਅਰਥਵਿਵਸਥਾ ਨੂੰ ਹੁਲਾਰਾ ਦੇਣ, ਨੌਕਰੀਆਂ ਬਚਾਉਣ ਅਤੇ ਟੈਕਸ ਮਾਲੀਆ ਵਧਾਉਣ ਦੇ ਤਰੀਕੇ ਵਜੋਂ ਦੇਖਦੇ ਹਨ। ਇਹ ਸਪੱਸ਼ਟ ਹੈ ਕਿ ਟਰੰਪ ਨੇ ਇੱਕ ਅਜਿਹਾ ਮੁੱਦਾ ਉਠਾਇਆ ਹੈ ਜੋ ਅਮਰੀਕਾ ਲਈ ਘੱਟ ਮਹਿੰਗਾ ਸਾਬਤ ਨਹੀਂ ਹੋਵੇਗਾ। ਟਰੰਪ ਦੇ ਇਸ ਫੈਸਲੇ ਨੇ ਮੈਕਸੀਕੋ ਅਤੇ ਕੈਨੇਡਾ ਨਾਲ ਆਰਥਿਕ ਰੁਕਾਵਟ ਦਾ ਖ਼ਤਰਾ ਵਧਾ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਮੈਕਸੀਕੋ ਅਤੇ ਕੈਨੇਡਾ ਅਮਰੀਕਾ ਦੇ ਦੋ ਸਭ ਤੋਂ ਵੱਡੇ ਵਪਾਰਕ ਭਾਈਵਾਲ ਹਨ। ਜਦੋਂ ਇਨ੍ਹਾਂ ਦੋ ਗੁਆਂਢੀ ਦੇਸ਼ਾਂ ਤੋਂ ਆਉਣ ਵਾਲੇ ਸਾਮਾਨਾਂ 'ਤੇ ਭਾਰੀ ਡਿਊਟੀ ਲਗਾਈ ਜਾਂਦੀ ਹੈ, ਤਾਂ ਇਹ ਅਮਰੀਕਾ ਵਿੱਚ ਮਹਿੰਗਾਈ ਦੀ ਸਥਿਤੀ ਨੂੰ ਕਾਫ਼ੀ ਵਿਗਾੜ ਸਕਦਾ ਹੈ। ਇਸ ਗੱਲ ਦਾ ਸੰਕੇਤ ਖੁਦ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਦਿੱਤਾ ਹੈ। ਟਰੂਡੋ ਨੇ ਮੰਨਿਆ ਕਿ ਅਗਲੇ ਕੁਝ ਹਫ਼ਤੇ ਕੈਨੇਡੀਅਨਾਂ ਅਤੇ ਅਮਰੀਕੀਆਂ ਲਈ ਮੁਸ਼ਕਲ ਹੋਣਗੇ।

ਮਾਹਿਰਾਂ ਦਾ ਮੰਨਣਾ ਹੈ ਕਿ ਵਪਾਰ ਯੁੱਧ ਨਾਲ ਅਮਰੀਕਾ ਦੀ ਵਿਕਾਸ ਦਰ ਹੌਲੀ ਹੋਣ ਅਤੇ ਮਹਿੰਗਾਈ ਵਧਣ ਦੀ ਸੰਭਾਵਨਾ ਹੈ।

ਇੱਕ ਰਿਪੋਰਟ ਦੇ ਅਨੁਸਾਰ, ਯੇਲ ਯੂਨੀਵਰਸਿਟੀ ਦੀ ਬਜਟ ਲੈਬ ਨੇ ਅੰਦਾਜ਼ਾ ਲਗਾਇਆ ਹੈ ਕਿ ਨਵੇਂ ਆਯਾਤ ਟੈਕਸਾਂ ਕਾਰਨ ਔਸਤ ਅਮਰੀਕੀ ਪਰਿਵਾਰ ਨੂੰ ਸਾਲਾਨਾ ਆਮਦਨ ਵਿੱਚ 1,170 ਡਾਲਰ ਦਾ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਇਹ ਕਦਮ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦਾ ਹੈ ਅਤੇ ਕਰਿਆਨੇ, ਪੈਟਰੋਲ, ਰਿਹਾਇਸ਼ ਅਤੇ ਆਟੋ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਕਰ ਸਕਦਾ ਹੈ।

**ਸਵਾਲ ਇਹ ਹੈ ਕਿ ਟਰੰਪ ਇੰਨਾ ਵੱਡਾ ਖਤਰਾ ਮੁੱਲ ਕਿਉਂ ਲੈ ਰਹੇ ਹਨ? ਆਖ਼ਿਰਕਾਰ ਉਨ੍ਹਾਂ ਦਾ ਮਕਸਦ ਕੀ ਹੈ?**

ਦਰਅਸਲ, ਟਰੰਪ ਦੇ ਟੈਰਿਫ ਇੱਕ ਵਿਆਪਕ ਰਾਜਨੀਤਿਕ ਰਣਨੀਤੀ ਦਾ ਹਿੱਸਾ ਹਨ। ਉਸਦਾ ਦੱਸਿਆ ਗਿਆ ਉਦੇਸ਼ ਅਮਰੀਕੀ ਉਦਯੋਗਾਂ ਦੀ ਰੱਖਿਆ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਮੁੱਦਿਆਂ ਨਾਲ ਨਜਿੱਠਣ ਲਈ ਆਪਣੇ ਚੋਣ ਪ੍ਰਚਾਰ ਦੇ ਵਾਅਦਿਆਂ ਨੂੰ ਪੂਰਾ ਕਰਨਾ ਹੈ। ਰਾਸ਼ਟਰਪਤੀ ਲੰਬੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਅਮਰੀਕਾ ਦੀ ਆਰਥਿਕ ਤਾਕਤ ਨੂੰ ਬਹਾਲ ਕਰਨ ਲਈ ਟੈਰਿਫ ਜ਼ਰੂਰੀ ਹਨ। ਟਰੰਪ ਇਸਦੀ ਤੁਲਨਾ 19ਵੀਂ ਸਦੀ ਦੇ ਅਖੀਰ ਨਾਲ ਕਰਦੇ ਹਨ, ਜਦੋਂ ਅਮਰੀਕਾ ਮਾਲੀਏ ਲਈ ਟੈਰਿਫਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਸੀ। ਆਰਥਿਕ ਮਾਹਿਰਾਂ ਨੇ ਟਰੰਪ ਦੀਆਂ ਵਪਾਰ ਨੀਤੀਆਂ ਦੇ ਲੰਬੇ ਸਮੇਂ ਦੇ ਪ੍ਰਭਾਵ ਬਾਰੇ ਸ਼ੱਕ ਪ੍ਰਗਟ ਕੀਤਾ ਹੈ। ਸਾਬਕਾ ਅਮਰੀਕੀ ਵਪਾਰ ਅਧਿਕਾਰੀ ਵਿਲੀਅਮ ਰੇਂਸ਼ ਸਮੇਤ ਆਲੋਚਕਾਂ ਨੇ ਕੱਚੇ ਮਾਲ 'ਤੇ ਟੈਰਿਫ ਲਗਾਉਣ ਦੇ ਤਰਕ 'ਤੇ ਸਵਾਲ ਉਠਾਏ ਹਨ। ਉਨ੍ਹਾਂ ਦਾ ਤਰਕ ਹੈ ਕਿ ਆਯਾਤ ਕੀਤੀਆਂ ਵਸਤਾਂ ਦੀ ਕੀਮਤ ਵਧਾਉਣ ਨਾਲ ਅਮਰੀਕੀ ਨਿਰਮਾਤਾ ਘੱਟ ਮੁਕਾਬਲੇਬਾਜ਼ ਹੋ ਸਕਦੇ ਹਨ। ਹੁਣ ਟਰੰਪ ਨੂੰ ਇਸਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਸਨੂੰ ਮਹਿੰਗਾਈ ਨੂੰ ਕੰਟਰੋਲ ਕਰਨ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

**ਟਰੰਪ ਮੈਕਸੀਕੋ ਤੇ ਕੈਨੇਡਾ ਪ੍ਰਤੀ ਪਏ ਨਰਮ?**

ਮੈਕਸੀਕੋ ਦੇ ਸਖਤ ਜਵਾਬੀ ਫੈਸਲੇ ਉਪਰੰਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ 'ਤੇ ਲਗਾਏ ਗਏ ਟੈਰਿਫ ਨੂੰ ਇਕ ਮਹੀਨੇ ਲਈ ਰੋਕ ਦਿੱਤਾ ਹੈ। ਟਰੰਪ ਨੇ ਇਹ ਫੈਸਲਾ ਮੈਕਸੀਕੋ ਦੀ ਉੱਤਰੀ ਸਰਹੱਦ ਨੂੰ ਮਜ਼ਬੂਤ ਕਰਨ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ 10,000 ਗਾਰਡ ਤਾਇਨਾਤ ਕਰਨ ਦੇ ਭਰੋਸੇ ਤੋਂ ਬਾਅਦ ਲਿਆ ਹੈ।ਡੋਨਾਲਡ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵੀ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨਾਲ ਦੁਬਾਰਾ ਗੱਲ ਕਰਨਗੇ।

# ਪੰਜਾਬ ਵਿਚ ਖੇਤੀ ਹੇਠਲਾ ਰਕਬਾ ਘੱਟਿਆ, ਹੋਇਆ ਸ਼ਹਿਰੀਕਰਨ

ਪੰਜਾਬ ਦੇ ਖੇਤਾਂ ਵਿਚ ਹੁਣ 'ਸ਼ਹਿਰ' ਵਸਣ ਲੱਗੇ ਹਨ। ਖੇਤੀ ਹੇਠਲਾ ਰਕਬਾ ਘਟ ਰਿਹਾ ਹੈ ਅਤੇ ਸ਼ਹਿਰੀ ਰਕਬਾ ਵੱਧ ਰਿਹਾ ਹੈ ਜੋ ਪੰਜਾਬ ਲਈ ਅੰਨ ਸੰਕਟ ਦਾ ਕਾਰਣ ਬਣੇਗਾ। ਜਲ ਸਰੋਤ ਵਿਭਾਗ ਵੱਲੋਂ ਜਦੋਂ ਵਿਸ਼ੇਸ਼ ਮੁਹਿੰਮ ਤਹਿਤ ਅਜਿਹੇ ਰਕਬੇ ਦੀ ਸ਼ਨਾਖ਼ਤ ਕੀਤੀ ਗਈ ਤਾਂ ਕਰੀਬ 53,611 ਏਕੜ ਰਕਬਾ ਖੇਤਾਂ ਵਿਚੋਂ ਨਿਕਲਣ ਦੇ ਤੱਥ ਸਾਹਮਣੇ ਆਏ ਹਨ ਅਤੇ ਇਨ੍ਹਾਂ ਖੇਤਾਂ ਦਾ ਰਕਬਾ ਕਲੋਨੀਆਂ ਅਤੇ ਸੜਕਾਂ ਹੇਠ ਆ ਗਿਆ ਹੈ।ਮਤਲਬ ਸ਼ਹਿਰੀਕਰਨ ਨੇ ਖੇਤੀਯੋਗ ਜ਼ਮੀਨ ਨਿਗਲ ਲਈ ਹੈ।

ਨਿਯਮਾਂ ਅਨੁਸਾਰ ਜਦੋਂ ਖੇਤੀ ਹੇਠਲੇ ਰਕਬੇ ਦੀ ਗੈਰ-ਖੇਤੀ ਕੰਮਾਂ ਲਈ ਵਰਤੋਂ ਹੋਣ ਲੱਗਦੀ ਹੈ ਤਾਂ ਜਲ ਸਰੋਤ ਵਿਭਾਗ ਵੱਲੋਂ ਇਸ ਗੈਰ-ਖੇਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਕੱਟ ਦਿੱਤਾ ਜਾਂਦਾ ਹੈ ਅਤੇ ਕਟੌਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਦੂਜੇ ਕਿਸਾਨਾਂ ਵਿਚ ਵੰਡ ਦਿੱਤਾ ਜਾਂਦਾ ਹੈ। ਕਈ ਦਹਾਕਿਆਂ ਤੋਂ ਖੇਤੀ ਵਾਲੀ ਜ਼ਮੀਨ ਗੈਰ-ਖੇਤੀ ਕੰਮਾਂ ਹੇਠ ਆ ਰਹੀ ਹੈ ਪਰ ਉਸ ਦੇ ਹਿੱਸੇ ਵਾਲੇ ਨਹਿਰੀ ਪਾਣੀ ਵਿਚ ਕਟੌਤੀ ਨਹੀਂ ਕੀਤੀ ਜਾਂਦੀ ਸੀ।

ਪੰਜਾਬ ਸਰਕਾਰ ਨੇ ਹੁਣ ਇੱਕ ਸਾਲ ਦੌਰਾਨ ਅਜਿਹੇ ਰਕਬੇ ਦੀ ਸ਼ਨਾਖ਼ਤ ਕੀਤੀ ਹੈ ਜਿਸ ਅਨੁਸਾਰ ਹੁਣ 53,611 ਏਕੜ ਰਕਬੇ ਨੂੰ ਗ਼ੈਰ-ਖੇਤੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਕਰੀਬ 1,707 ਏਕੜ ਅਜਿਹੇ ਰਕਬੇ ਬਾਰੇ ਫ਼ੈਸਲਾ ਹਾਲੇ ਵਿਚਾਰ ਅਧੀਨ ਹੈ। ਇਸ ਤੋਂ ਪਹਿਲਾਂ ਅਜਿਹੇ ਤੱਥ ਕਦੇ ਸਾਹਮਣੇ ਨਹੀਂ ਆਏ ਸਨ ਕਿ ਕਿੰਨਾ ਰਕਬਾ ਖੇਤੀ ਹੇਠੋਂ ਹਰ ਸਾਲ ਨਿਕਲ ਰਿਹਾ ਹੈ।

ਪੰਜਾਬ ਵਿਚ ਸਭ ਤੋਂ ਵੱਧ ਗੁਰਦਾਸਪੁਰ ਡਿਵੀਜ਼ਨ ਵਿਚ 14,770 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁਕਾ ਹੈ। ਦੂਜੇ ਨੰਬਰ 'ਤੇ ਜਲੰਧਰ ਡਿਵੀਜ਼ਨ ਵਿਚੋਂ 13,773 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁਕਾ ਹੈ। ਇਸੇ ਤਰ੍ਹਾਂ ਸੰਗਰੂਰ ਡਿਵੀਜ਼ਨ ਵਿਚੋਂ 1,130 ਏਕੜ ਰਕਬਾ, ਦੇਵੀਗੜ੍ਹ ਡਿਵੀਜ਼ਨ ਵਿਚੋਂ 6,614 ਏਕੜ, ਬਠਿੰਡਾ ਕੈਨਾਲ ਡਿਵੀਜ਼ਨ ਵਿਚੋਂ 2,389 ਏਕੜ, ਰੋਪੜ ਕੈਨਾਲ ਡਿਵੀਜ਼ਨ 'ਚੋਂ 1,564 ਏਕੜ, ਮਜੀਠਾ ਡਿਵੀਜ਼ਨ ਵਿਚੋਂ 704 ਏਕੜ ਅਤੇ ਬਰਨਾਲਾ ਡਿਵੀਜ਼ਨ 'ਚੋਂ 987 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁੱਕਾ ਹੈ।

ਪੰਜਾਬ ਵਿਚ ਨਵੇਂ ਕੌਮੀ ਹਾਈਵੇਅ ਵੀ ਬਣ ਰਹੇ ਹਨ ਜਿਨ੍ਹਾਂ ਵਾਸਤੇ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ। ਇੱਕ ਸਟੱਡੀ ਅਨੁਸਾਰ ਸਾਲ 1991 ਤੋਂ 2011 ਤੱਕ ਕਰੀਬ ਦੋ ਲੱਖ ਛੋਟੇ ਕਿਸਾਨ ਵੀ ਖੇਤੀ 'ਚੋਂ ਬਾਹਰ ਹੋਏ ਹਨ ਜਿਨ੍ਹਾਂ ਦੀ ਗਿਣਤੀ ਪੰਜ ਲੱਖ ਤੋਂ ਘੱਟ ਕੇ 3 ਲੱਖ ਰਹਿ ਗਈ ਹੈ। ਪੰਜਾਬ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦਾ ਕਹਿਣਾ ਸੀ ਕਿ ਸ਼ਹਿਰੀਕਰਨ ਕਰਕੇ ਅਜਿਹਾ ਹੋ ਰਿਹਾ ਹੈ ਅਤੇ ਵਿਕਾਸ ਪ੍ਰੋਜੈਕਟਾਂ ਤੋਂ ਇਲਾਵਾ ਕਾਲੋਨੀਆਂ ਦੇ ਪਸਾਰ ਕਾਰਨ ਖੇਤੀ ਹੇਠਲਾ ਰਕਬਾ ਸ਼ਹਿਰਾਂ ਹੇਠ ਆ ਰਿਹਾ ਹੈ।

ਸੂਤਰ ਆਖਦੇ ਹਨ ਕਿ ਖੇਤੀ ਹੇਠੋਂ ਨਿਕਲੇ ਰਕਬੇ ਦਾ ਪਿਛਲੇ 20 ਸਾਲਾਂ ਵਿਚ ਨਹਿਰੀ ਪਾਣੀ 1.78 ਐੱਮਏਐੱਫ ਕਿਸ ਨੇ ਵਰਤਿਆ, ਇਸ ਦਾ ਕੋਈ ਥਹੁ ਪਤਾ ਨਹੀਂ ਹੈ। ਹੁਣ ਇਹ ਪਾਣੀ ਬਾਕੀ ਕਿਸਾਨਾਂ ਵਿਚ ਵੰਡਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ।

ਪੰਜਾਬ ਵਿਚ ਖੇਤੀ ਹੇਠਲਾ ਰਕਬਾ ਲਗਾਤਾਰ ਘਟਣਾ ਕੋਈ ਚੰਗਾ ਸੰਕੇਤ ਨਹੀਂ ਹੈ। ਕਈ ਅਰਥ-ਸ਼ਾਸਤਰੀ ਮੌਜੂਦਾ ਆਰਥਿਕ ਮੰਦੀ ਬਾਰੇ ਪੇਸ਼ੀਨਗੋਈ ਕਰ ਰਹੇ ਹਨ ਕਿ ਇਹ ਆਰਥਿਕ ਮੰਦੀ ਪਹਿਲੀਆਂ ਦੋ ਸੰਸਾਰ ਜੰਗਾਂ ਨਾਲੋਂ ਵੀ ਲੰਮੀ ਅਤੇ ਬਦਤਰ ਹੋਵੇਗੀ। ਇਹ ਲੋਕਾਂ ਨੂੰ ਭਿਆਨਕ ਬੇਰੁਜ਼ਗਾਰੀ, ਮਹਿੰਗਾਈ ਅਤੇ ਭੁੱਖਮਰੀ ਦੀ ਹਾਲਤ ਵਿਚ ਸੁੱਟੇਗੀ। ਹੁਣ ਸਾਮਰਾਜੀ ਕੰਪਨੀਆਂ ਦੇ ਦੁਨੀਆ ਭਰ ਦੀ ਜ਼ਮੀਨ 'ਤੇ ਕਬਜ਼ੇ ਹੋਣ ਨਾਲ ਖੇਤੀਬਾੜੀ ਕਾਰੋਬਾਰ ਉਪਰ ਹੋਰ ਏਕਾਧਿਕਾਰ ਕਾਇਮ ਹੋ ਜਾਵੇਗਾ। ਇਸ ਨਾਲ ਦੁਨੀਆ ਅੰਦਰ ਖਾਧ ਪਦਾਰਥ ਹੋਰ ਮਹਿੰਗੇ ਹੋ ਜਾਣਗੇ ਅਤੇ ਤੀਜੀ ਦੁਨੀਆ ਦੇ ਗਰੀਬ ਲੋਕਾਂ ਦਾ ਹੋਰ ਘਾਣ ਹੋਵੇਗਾ। ਦੁਨੀਆ ਅੰਦਰ ਆਰਥਿਕ ਸੰਕਟ ਨਾਲ ਕਈ ਦੇਸ਼ਾਂ ਵਿਚ ਸ੍ਰੀਲੰਕਾ ਵਰਗੇ ਹਾਲਾਤ ਬਣ ਰਹੇ ਹਨ। ਜੇਕਰ ਖੇਤੀ ਜ਼ਮੀਨ ਉਪਰ ਸ਼ਹਿਰ ਪੈਦਾ ਹੁੰਦੇ ਰਹੇ ਤਾਂ ਪੰਜਾਬ ਨੂੰ ਵੀ ਅੰਨ ਸੰਕਟ ਦਾ ਸਾਹਮਣਾ ਕਰਨਾ ਪਵੇਗਾ।ਸਰਕਾਰਾਂ ਨੂੰ ਸਮੇਂ ਰਹਿੰਦੇ ਇਸ ਪਾਸੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਪਿੰਡ ਨੂੰ ਸਮਰਥਾਵਾਨ ਬਣਾਉਣ ਦੀ ਲੋੜ ਹੈ। ਇਸ ਲਈ ਸਭ ਤੋਂ ਵੱਧ ਜ਼ਰੂਰੀ ਕੁਦਰਤੀ ਖੇਤੀ, ਪਸ਼ੂ ਪਾਲਣ, ਸਵੈ-ਰੁਜ਼ਗਾਰ, ਛੋਟੇ ਉਦਯੋਗਾਂ ਅਤੇ ਸੇਵਾ ਖੇਤਰ ਨੂੰ ਉਤਸ਼ਾਹਤ ਕਰਨਾ ਹੈ। ਪੇਂਡੂ ਅਰਥਚਾਰੇ ਨੂੰ ਹੱਥ ਸ਼ਿਲਪ ਕਾਰੀਗਰੀ ਨਾਲ ਜੁੜੇ ਛੋਟੇ ਕੰਮਾਂਕਾਰਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਖੇਤੀ ਅਧਾਰਤ ਉਦਯੋਗਾਂ ਨੂੰ ਪਿੰਡਾਂ ਵਿੱਚ ਲਾਉਣਾ ਪਵੇਗਾ ਤਾਂ ਕਿ ਪਿੰਡਾਂ ਵਿੱਚ ਰੁਜ਼ਗਾਰ ਸਿਰਜਣ ਹੋ ਸਕੇ। ਪਿੰਡਾਂ ਵਿੱਚ ਰੁਜ਼ਗਾਰ ਸਿਰਜਿਆ ਜਾਏਗਾ ਤਾਂ ਪਿੰਡਾਂ ਤੋਂ ਪਲਾਇਣ ਰੁਕੇਗਾ। ਪਿੰਡਾਂ ਵਿੱਚ ਸਿੱਖਿਆ, ਸਿਹਤ ਸਹੂਲਤਾਂ ਦਿੱਤੀਆਂ ਜਾਣ, ਚੰਗੇ ਘਰ ਉਸਾਰੇ ਜਾਣ, ਬੁਨਿਆਦੀ ਢਾਂਚਾ ਉਸਾਰਿਆ ਜਾਵੇ ਅਤੇ ਰੁਜ਼ਗਾਰ ਦੇ ਸਾਧਨ ਪਿੰਡਾਂ ਵਿੱਚ ਹੀ ਪੈਦਾ ਕੀਤੇ ਜਾਣ ਤੇ ਪਿੰਡ ਨੂੰ ਆਤਮ ਨਿਰਭਰ ਬਣਾਇਆ ਜਾਏ, ਤਦੇ ਪਿੰਡ ਸਮਰੱਥਾਵਾਨ ਬਣੇਗਾ। ਇਹ ਇਸ ਸਮੇਂ ਦੀ ਲੋੜ ਹੈ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਬੰਦੀ ਛੋੜ ਦਿਵਸ ਹਰਗੋਬਿੰਦ ਸਾਹਿਬ ਜੀ, ਪ੍ਰਕਾਸ਼ ਦਿਹਾੜਾ ਭਗਤ ਰਵੀਦਾਸ ਜੀ, ਜਨਮ ਦਿਹਾੜਾ ਸਾਹਿਬਜ਼ਾਦਾ ਅਜੀਤ ਸਿੰਘ ਜੀ, ਜਨਮ ਦਿਨ ਪ੍ਰੋ. ਸਾਹਿਬ ਜੀ, ਬਰਸੀ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ ਅਤੇ ਇੱਕ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ। ਇਹ ਅਖੰਡਪਾਠ ਨਗਰ ਕੁਦੋਵਾਲ ਜ਼ਿਲ੍ਹਾ ਜਲੰਧਰ ਦੀ ਸੰਗਤ ਵੱਲੋਂ ਹੋਵੇਗਾ ਜਿਸ ਦੀ ਅਰੰਭਤਾ 14 ਫਰਵਰੀ ਦਿਨ ਸ਼ੁੱਕਰਵਾਰ 9.30 ਵਜੇ ਹੋਵੇਗੀ। ਭੋਗ ਦਿਨ ਐਤਵਾਰ 16 ਫਰਵਰੀ 9.30 ਵਜੇ ਪਾਏ ਜਾਣਗੇ ਉਪਰੰਤ ਖੁੱਲੇ ਦੀਵਾਨ ਸਜਣਗੇ ਅਤੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਰਾਵਿੰਦਰ ਸਿੰਘ ਖੁਨਖੁਨ ਪਰਿਵਾਰ ਵੱਲੋਂ ਹੋਵੇਗੀ।
- ਸਨਿੱਚਰਵਾਰ 15 ਫਰਵਰੀ ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਤਿੰਨ ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਮਨਮੀਤ ਸਿੰਘ ਸਹੋਤਾ ਪਰਿਵਾਰ ਵੱਲੋਂ ਬੇਟੀ ਮਾਇਆ ਕੌਰ ਸਹੋਤਾ ਦੇ ਜਨਮ ਦੀ ਖੁਸ਼ੀ ਵਿੱਚ
2. ਭਾਈ ਸੰਜੀਵ ਤੇਜਪਾਲ, ਨੀਰਜ਼ ਸ਼ਰਮਾ ਅਤੇ ਰਕੇਸ਼ ਤੇਜਪਾਲ ਪਰਿਵਾਰ ਵੱਲੋਂ ਆਪਣੇ ਪਿਤਾ ਜੀ ਮਈਆ ਦਾਸ ਤੇਜਪਾਲ ਜੀ ਦੇ 75ਵੇਂ ਜਨਮਦਿਨ ਦੀ ਖੁਸ਼ੀ ਮਨਾਉਂਦੇ ਹੋਏ ਹੋਵੇਗੀ।
3. ਭਾਈ ਜਗਦੀਸ ਪਰਿਵਾਰ ਵਲੋਂ

- ਅੰਤਿਮ ਸੰਸਕਾਰ ਸਵ. ਬੀਬੀ ਗੁਰਦੇਵ ਕੌਰ ਸਿੱਧੂ ਦਾ 2:00 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 3.30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅੰਤਮ ਅਰਦਾਸ ਹੋਵੇਗੀ।
- ਫਰਵਰੀ 18 ਦਿਨ ਮੰਗਲਵਾਰ ਨੂੰ ਅੰਤਮ ਸਸਕਾਰ ਸਵ. ਬੀਬੀ ਜਸਮੇਲ ਕੌਰ ਬਰਾੜ 10:00 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਭੋਗ ਅਤੇ ਅੰਤਿਮ ਅਰਦਾਸ 11.30 ਵਜੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਵੇਗੀ।

---

**ਰਾਗੀ ਜੱਥਾ :** ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਸੁੰਦਰ ਸਿੰਘ ਦਿੱਲੀ ਵਾਲੇ
ਭਾਈ ਤੇਜਿੰਦਰ ਸਿੰਘ ਅਨੰਦਪੁਰ ਸਾਹਿਬ ਵਾਲੇ

**ਕਥਾਵਾਚਕ :** ਭਾਈ ਗੁਰਬਚਨ ਸਿੰਘ ਪੰਨਵਾਂ

**ਢਾਡੀ ਜਥਾ :** ਭਾਈ ਗੁਰਜੀਵਨ ਸਿੰਘ ਅਰਜਨਵਾਲ

---

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7–8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604–590–3232, 604–590–3224**

# ਜਦੋਂ ਲੱਕੜ ਦਾ ਕੰਮ ਕਰਨ ਵਾਲੇ ਪੰਜਾਬੀ ਨੇ ਕੈਨੇਡਾ ਵਿੱਚ ਵਸਾਇਆ ਆਪਣਾ ਪਿੰਡ

ਲਿਖਤ : ਬਰਿੰਦਰ ਸਿੰਘ






ਅਮਰੀਕਾ ਵਿੱਚ ਜਦੋਂ ਪਰਵਾਸੀਆਂ ਨੂੰ ਬਾਹਰ ਕੀਤੇ ਜਾਣ ਦੀ ਚਰਚਾ ਚੱਲ ਰਹੀ ਹੈ, ਤਾਂ ਅਸੀਂ ਤੁਹਾਨੂੰ ਇੱਕ ਅਜਿਹੇ ਪਰਵਾਸੀ ਦੇ ਰੂਬਰੂ ਕਰਵਾਉਂਦੇ ਹਾਂ, ਜਿਸ ਨੇ ਕੈਨੇਡਾ ਵਿੱਚ ਜਾ ਕੇ ਆਪਣੇ ਜੱਦੀ ਪਿੰਡ ਦੇ ਨਾਂ ਉੱਤੇ ਪਿੰਡ ਪਾਲਦੀ ਵਸਾਇਆ ਸੀ। ਕੈਨੇਡਾ ਵਿੱਚ ਪਾਲਦੀ ਪਿੰਡ ਵਸਾਉਣ ਵਾਲੇ ਇਹ ਪਰਵਾਸੀ ਸਨ, ਮਈਆ ਸਿੰਘ।

100 ਸਾਲ ਤੋਂ ਵੱਧ ਸਮੇਂ ਤੋਂ ਪਹਿਲਾਂ ਕੈਨੇਡਾ ਗਏ ਮਈਆ ਸਿੰਘ ਉੱਥੇ ਮਾਇਓ ਸਿੰਘ ਮਿਨਹਾਸ ਦੇ ਨਾਂ ਨਾਲ ਮਸ਼ਹੂਰ ਹੋਏ। ਮਾਇਓ ਸਿੰਘ ਦਾ ਪਿਛੋਕੜ ਪੰਜਾਬ ਦੇ ਦੁਆਬੇ ਖਿੱਤੇ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਾਲਦੀ ਤੋਂ ਸੀ।

ਪੰਜਾਬ ਦੇ ਸਤਲੁਜ ਤੇ ਬਿਆਸ ਵਿਚਕਾਰਲੇ ਖਿੱਤੇ ਨੂੰ ਦੁਆਬਾ ਕਿਹਾ ਜਾਂਦਾ ਹੈ, ਪੰਜਾਬ ਵਿੱਚ ਸਭ ਤੋਂ ਪਹਿਲਾਂ ਇੱਥੋਂ ਹੀ ਪੰਜਾਬੀਆਂ ਨੇ ਵਿਦੇਸ਼ਾਂ ਵੱਲ ਰੁਖ਼ ਕੀਤਾ ਸੀ।

### ਕੌਣ ਸਨ ਮਾਇਓ ਸਿੰਘ ਮਿਨਹਾਸ

ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬੇ ਮਾਹਿਲਪੁਰ ਤੋਂ ਫਗਵਾੜਾ ਨੂੰ ਜਾਣ ਵਾਲੀ ਸੜਕ ਉੱਤੇ ਮਾਹਿਲਪੁਰ ਤੋਂ ਕਰੀਬ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਪਾਲਦੀ ਦਾ ਮੁੱਖ ਦਰਵਾਜ਼ਾ ਦਿਖੇਗਾ।ਜਿਸ ਉੱਪਰ ਮਾਇਓ ਸਿੰਘ ਮਿਨਹਾਸ ਦਾ ਨਾਮ ਉਕਰਿਆ ਦਿਖਾਈ ਦਿੰਦਾ ਹੈ।

ਇਹ ਪਿੰਡ ਜਿਥੇ ਪਰਵਾਸੀਆਂ ਦੇ ਨਾਂ ਨਾਲ ਮਸ਼ਹੂਰ ਹੈ, ਉੱਥੇ ਹੀ ਇਸ ਪਿੰਡ ਦੇ ਕਈ ਨਾਮੀ ਫੁਟਬਾਲ ਖਿਡਾਰੀ ਵੀ ਹੋਏ ਹਨ। ਇਸ ਪਿੰਡ ਨੂੰ ਜੋ ਹੋਰ ਖਾਸ ਬਣਾਉਂਦਾ ਹੈ, ਉਹ ਹਨ ਇਸ ਪਿੰਡ ਦੇ ਜੰਮਪਲ ਤੇ ਕੈਨੇਡਾ ਦੇ ਉਦਯੋਗਪਤੀ ਮਰਹੂਮ ਮਾਇਓ ਸਿੰਘ ਮਿਨਹਾਸ ਦਾ ਜਨਮ ਭੂਮੀ ਹੋਣਾ।

ਕੁਲਦੀਪ ਸਿੰਘ ਮਿਨਹਾਸ ਮਾਇਓ ਸਿੰਘ ਮਿਨਹਾਸ ਦੇ ਭਤੀਜੇ ਹਨ, ਜੋ ਅੱਜ-ਕੱਲ੍ਹ ਕੈਨੇਡਾ ਤੋਂ ਪੰਜਾਬ ਆਪਣੇ ਜੱਦੀ ਪਿੰਡ ਪਾਲਦੀ ਆਏ ਹੋਏ ਹਨ।

ਕੁਲਦੀਪ ਸਿੰਘ ਨੇ ਬੀਬੀਸੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾਇਓ ਸਿੰਘ ਕੈਨੇਡਾ ਵਿੱਚ ਜਾਣ ਵਾਲੇ ਪੰਜਾਬੀਆਂ ਵਿੱਚੋਂ ਮੋਢੀ ਗਿਣੇ ਜਾਂਦੇ ਹਨ। ਉਹ ਕਰੀਬ 1906 ਵਿੱਚ ਸੈਨ ਫਰਾਂਸਿਸਕੋ ਰਾਹੀਂ ਕੈਨੇਡਾ ਪਹੁੰਚੇ ਸਨ।

ਉਹ ਦੱਸਦੇ ਹਨ,"ਮਾਇਓ ਸਿੰਘ ਮਿਨਹਾਸ ਕੈਨੇਡਾ ਜਾਣ ਤੋਂ ਪਹਿਲਾਂ ਆਪਣੇ ਪਰਿਵਾਰ ਨਾਲ ਪਿੰਡ 'ਚ ਹੀ ਖੇਤੀ ਕਰਦੇ ਸਨ। ਉਹ ਇੱਕ ਮਿਹਨਤੀ, ਅਗਾਂਹਵਧੂ ਅਤੇ ਤੇਜ਼ ਦਿਮਾਗ ਵਾਲੇ ਆਦਮੀ ਸਨ, ਜਿਨ੍ਹਾਂ ਨੇ ਵਿਦੇਸ਼ ਦੀ ਧਰਤੀ 'ਤੇ ਸਖ਼ਤ ਮਿਹਨਤ ਕਰਕੇ ਆਪਣੇ ਪੈਰ ਜਮਾਏ।"

### ਮਿੱਲ ਦੇ ਕਾਮੇ ਤੋਂ ਉਦਯੋਗਪਤੀ ਬਣਨ ਦਾ ਸਫ਼ਰ

ਕੁਲਦੀਪ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਇੱਕ ਕਾਮੇ ਵਜੋਂ ਆਪਣਾ ਸਫ਼ਰ ਸ਼ੁਰੂ ਕੀਤਾ ਸੀ। ਉਹ ਦੱਸਦੇ ਹਨ, "ਮਾਇਓ ਸਿੰਘ ਮਿਨਹਾਸ ਨੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਲੱਕੜ ਦੀ ਮਿੱਲ 'ਚ ਮਜ਼ਦੂਰ ਵਜੋਂ ਕੰਮ ਸ਼ੁਰੂ ਕੀਤਾ। ਕੁਝ ਸਾਲਾਂ ਬਾਅਦ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਜਿਸ ਮਿੱਲ 'ਚ ਉਹ ਕੰਮ ਕਰਦੇ ਸਨ, ਉਸ ਨੂੰ ਹੀ ਖਰੀਦਣ ਦੀ ਯੋਜਨਾ ਬਣਾਈ।"

ਮਾਇਓ ਸਿੰਘ ਮਿਨਹਾਸ ਦੇ ਵੱਡੇ ਨੂੰਹ ਅਤੇ "ਪਾਲਦੀ ਰੀਮੈਂਬਰਡ: 50 ਯੀਅਰਜ਼ ਇਨ ਦਿ ਲਾਈਫ ਆਫ ਏ ਵੈਨਕੂਵਰ ਆਈਜ਼ਲੈਂਡ ਲੌਗਿੰਗ ਟਾਊਨ" ਦੇ ਲੇਖਕ ਜੌਨ ਮਾਇਓ ਨੇ ਆਪਣੀ ਇਸ ਕਿਤਾਬ ਵਿੱਚ ਮਾਇਓ ਸਿੰਘ ਮਿਨਹਾਸ ਦੇ ਕੈਨੇਡਾ ਵਿਚਲੇ ਸ਼ੁਰੂਆਤੀ ਦਿਨਾਂ ਦਾ ਜ਼ਿਕਰ ਕੀਤਾ ਹੈ।

ਉਹ ਲਿਖਦੇ ਹਨ, "ਦੇਖਣ ਨੂੰ ਭਾਵੇਂ ਉਹ ਛੋਟੇ ਕੱਦ (5"3) ਦੇ ਸਨ ਪਰ ਉਹ ਆਪਣੇ ਮਜ਼ਬੂਤ ਇਰਾਦਿਆਂ ਨਾਲ ਕੈਨੇਡਾ ਵਿੱਚ ਪੰਜਾਬੀਆਂ ਦੇ ਲੀਡਰ ਬਣ ਕੇ ਉਭਰੇ। ਮਾਇਓ ਸਿੰਘ ਮਿਨਹਾਸ ਨੇ 1912 ਵਿੱਚ 35 ਕਰਮਚਾਰੀਆਂ ਨਾਲ ਇੱਕ ਆਲੂ ਫਾਰਮ ਰਾਹੀਂ ਕਾਰੋਬਾਰ ਦੀ ਸ਼ੁਰੂਆਤ ਕੀਤੀ ਪਰ ਉਸ ਵਿੱਚ ਉਹ ਅਸਫ਼ਲ ਰਹੇ।"

"ਇਸ ਮਗਰੋਂ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਘਾਟੇ ਵਿੱਚ ਜਾ ਰਹੀ ਇੱਕ ਲੱਕੜ ਮਿੱਲ ਦਾ ਸੌਦਾ ਮਾਰਿਆ, ਜਿਸ ਤੋਂ ਉਨ੍ਹਾਂ ਦੇ ਕਾਰੋਬਾਰ ਨੂੰ ਬਹੁਤ ਮੁਨਾਫਾ ਹੋਇਆ ਤੇ ਉਹ ਆਪਣਾ ਹੋਰ ਕਾਰੋਬਾਰ ਸਥਾਪਤ ਕਰਦੇ ਚਲੇ ਗਏ।"

ਅਜੀਤ ਲੰਗੇਰੀ ਨੇ ਵੀ 'ਸੰਤ ਅਤਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਪਾਲਦੀ' ਨਾਂ ਦੀ ਕਿਤਾਬ ਵਿੱਚ ਮਾਇਓ ਸਿੰਘ ਮਿਨਹਾਸ ਵੱਲੋਂ ਪਿੰਡ ਵਿੱਚ ਪਾਏ ਯੋਗਦਾਨ ਅਤੇ ਕੈਨੇਡਾ 'ਚ ਸਥਾਪਤ ਕੀਤੇ ਕਾਰੋਬਾਰ ਬਾਰੇ ਜ਼ਿਕਰ ਕੀਤਾ ਹੈ।

ਉਹ ਲਿਖਦੇ ਹਨ, "ਪਹਿਲੇ ਵਿਸ਼ਵ ਯੁੱਧ ਦੌਰਾਨ 1914 ਵਿੱਚ ਲੱਕੜ ਦੀ ਮੰਗ ਬਹੁਤ ਜ਼ਿਆਦਾ ਸੀ। ਇਸ ਦੌਰਾਨ ਮਾਇਓ ਸਿੰਘ ਮਿਨਹਾਸ ਨੇ ਲੱਕੜ ਦੀ ਮਿੱਲ ਸਣੇ ਕਾਫੀ ਵੱਡਾ ਰਕਬਾ ਜੰਗਲ ਦਾ ਵੀ ਖਰੀਦ ਲਿਆ ਸੀ। ਉਨ੍ਹਾਂ ਨੂੰ ਲੱਕੜ ਦੇ ਕਾਰੋਬਾਰ ਤੋਂ ਇੰਨਾ ਮੁਨਾਫਾ ਹੋਇਆ ਕਿ ਉਨ੍ਹਾਂ ਦੀ ਗਿਣਤੀ ਕੈਨੇਡਾ ਦੇ ਪਹਿਲੇ ਅਮੀਰਾਂ ਵਿੱਚ ਹੋਣ ਲੱਗੀ।"

### ਕੈਨੇਡਾ 'ਚ ਆਪਣੇ ਜੱਦੀ ਪਿੰਡ ਦੇ ਨਾਂ 'ਤੇ ਵਸਾਇਆ ਪਿੰਡ

ਜੌਨ ਮਾਇਓ ਨੇ ਆਪਣੀ ਕਿਤਾਬ ਵਿੱਚ ਕੈਨੇਡਾ ਵਸੇ ਪੰਜਾਬੀਆਂ ਦੇ ਸੰਘਰਸ਼ ਬਾਰੇ ਵੀ ਲਿਖਿਆ ਹੈ। ਉਹ ਲਿਖਦੇ ਹਨ, "1900ਵੇਂ ਵਿੱਚ ਜਿੰਨੇ ਭਾਰਤੀ ਕੈਨੇਡਾ ਪਹੁੰਚੇ ਤਕਰੀਬਨ ਉਹ ਸਾਰੇ ਸਿੱਖ ਸਨ, ਜੋ ਬ੍ਰਿਟਿਸ਼ ਕੋਲੰਬੀਆ ਵਿੱਚ ਰੇਲਵੇ ਨਿਰਮਾਣ, ਲੱਕੜ ਮਿੱਲਾਂ ਅਤੇ ਜੰਗਲਾਤ 'ਚ ਕੰਮ ਕਰਨ ਪਹੁੰਚੇ ਸਨ। ਇਨ੍ਹਾਂ ਵਿੱਚੋਂ ਕੁਝ ਹੀ ਬੰਦੇ ਪੜ੍ਹੇ-ਲਿਖੇ ਸਨ ਅਤੇ ਉਨ੍ਹਾਂ ਨੇ ਜਲਦੀ ਹੀ ਲੱਕੜ ਉਦਯੋਗ ਵਿੱਚ ਆਪਣੇ ਆਰਥਿਕ ਮੌਕਿਆਂ ਦੀ ਪਛਾਣ ਕਰ ਲਈ ਸੀ।"

ਕੁਝ ਸਾਲਾਂ ਬਾਅਦ ਮਾਇਓ ਸਿੰਘ ਮਿਨਹਾਸ ਨੇ ਵੈਨਕੂਵਰ ਟਾਪੂ 'ਤੇ ਡੰਕਨ ਸ਼ਹਿਰ ਨੇੜੇ ਕਰੀਬ 1300 ਏਕੜ ਜ਼ਮੀਨ ਖਰੀਦੀ।

ਕੁਲਦੀਪ ਸਿੰਘ ਦੱਸਦੇ ਹਨ ਕਿ ਇਥੇ ਹੀ ਉਨ੍ਹਾਂ ਨੇ ਆਪਣੇ ਪੰਜਾਬ ਵਾਲੇ ਜੱਦੀ ਪਿੰਡ ਪਾਲਦੀ ਦੇ ਨਾਂ ਉੱਪਰ ਹੀ ਕੈਨੇਡਾ ਵਿਚਲਾ ਪਾਲਦੀ ਪਿੰਡ ਵਸਾਇਆ।

ਇਸ ਪਿੰਡ ਵਿੱਚ ਉਨ੍ਹਾਂ ਨੇ ਪੰਜਾਬੀ ਸੱਭਿਆਚਾਰਕ ਦੀ ਵਿਰਾਸਤ ਨੂੰ ਕਾਇਮ ਕੀਤਾ।

ਜੌਨ ਮਾਇਓ ਨੇ ਆਪਣੀ ਕਿਤਾਬ ਵਿੱਚ ਲਿਖਿਆ, "ਉਨ੍ਹਾਂ ਨੇ ਆਪਣੀ ਪਹਿਲੀ ਮਿੱਲ 1918 ਵਿੱਚ ਡੰਕਨ ਦੇ ਨੇੜੇ ਬਣਾਈ, ਜਿਸ ਦਾ ਨਾਮ ਬਾਅਦ ਵਿੱਚ ਪਾਲਦੀ ਰੱਖਿਆ ਗਿਆ। ਮਿੱਲ ਦੇ ਨੇੜੇ ਹੀ ਉਨ੍ਹਾਂ ਨੇ ਇੱਕ ਭਾਈਚਾਰਾ ਸਥਾਪਿਤ ਕੀਤਾ, ਜਿਥੇ ਜਪਾਨੀ, ਚੀਨੀ, ਗੋਰੇ ਅਤੇ ਭਾਰਤੀ ਮਜ਼ਦੂਰ ਭਾਈਚਾਰਕ ਸਾਂਝ ਵਿੱਚ ਰਹਿੰਦੇ ਸਨ।"

"ਇੱਥੇ ਸਕੂਲ ਤੇ ਗੁਰਦੁਆਰਾ ਵੀ ਬਣਾਇਆ ਗਿਆ। ਇੱਥੇ ਕਿਸੇ ਨਾਲ ਕੋਈ ਨਸਲੀ ਪੱਖਪਾਤ ਨਹੀਂ ਸੀ ਕੀਤਾ ਜਾਂਦਾ।"

### ਜਵਾਹਰ ਲਾਲ ਨਹਿਰੂ ਵੱਲੋਂ ਪਾਲਦੀ ਪਿੰਡ ਦੀ ਫੇਰੀ

ਜੌਨ ਮਾਇਓ ਲਿਖਦੇ ਹਨ, "1918 ਵਿੱਚ ਪਾਲਦੀ ਮਿੱਲ ਮਾਇਓ ਸਿੰਘ ਦੇ ਵਪਾਰਕ ਸਾਮਰਾਜ ਦਾ ਕੇਂਦਰ ਬਣ ਗਈ ਸੀ। ਇਸ ਸਮੇਂ ਉਨ੍ਹਾਂ ਦਾ ਕਾਰੋਬਾਰ ਸਿਖ਼ਰ ਉੱਤੇ ਸੀ, ਜਿਸ ਦੀ ਹਰ ਪਾਸੇ ਚਰਚਾ ਸੀ।"

ਕੁਲਦੀਪ ਸਿੰਘ ਦੱਸਦੇ ਹਨ, "ਸਾਡੇ ਬਜ਼ੁਰਗਾਂ ਮੁਤਾਬਕ ਜਦੋਂ ਮਾਇਓ ਸਿੰਘ ਮਿਨਹਾਸ ਹੋਰਾਂ ਨੇ ਆਪਣਾ ਕਾਰੋਬਾਰ ਵਧਾਇਆ ਤਾਂ ਉਸ ਸਮੇਂ ਉਨ੍ਹਾਂ ਦਾ ਨਾਮ ਵੱਡੇ ਕਾਰੋਬਾਰੀਆਂ ਵਿੱਚ ਆਉਣ ਲੱਗਾ। ਪਾਲਦੀ ਭਾਈਚਾਰੇ ਨੇ ਆਪਣੇ ਸਿਖ਼ਰ ਤੋਂ ਸਿਖ਼ਰ ਦਾ ਸਮਾਂ ਵੀ ਦੇਖਿਆ।"

"ਉਨ੍ਹਾਂ ਦੀ ਚਰਚਾ ਇੰਨੀ ਸੀ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਕੈਨੇਡਾ ਵਿੱਚ ਆਪਣੀ ਫੇਰੀ ਉੱਤੇ ਸਨ ਤੇ ਉਹ ਮਾਇਓ ਸਿੰਘ ਦੀਆਂ ਪ੍ਰਾਪਤੀਆਂ ਸੁਣ ਕੇ ਪਾਲਦੀ ਵੀ ਪਹੁੰਚੇ।"

"ਇੱਥੇ ਉਨ੍ਹਾਂ ਨੇ ਮਾਇਓ ਸਿੰਘ ਦੇ ਘਰ ਰਾਤ ਦਾ ਖਾਣਾ ਖਾਧਾ। ਇਸ ਵੇਲੇ ਦੀ ਇੱਕ ਤਸਵੀਰ ਵੀ ਹੈ, ਜਿਸ ਵਿੱਚ ਜਵਾਹਰ ਲਾਲ ਨਹਿਰੂ ਨਾਲ ਮਾਇਓ ਸਿੰਘ ਦੇ ਪੁੱਤਰ ਹੱਥ ਮਿਲਾਉਂਦੇ ਨਜ਼ਰ ਆਉਂਦੇ ਹਨ।"

### ਪੰਜਾਬ ਦਾ ਪਿੰਡ ਪਾਲਦੀ ਤੇ ਮਾਇਓ ਸਿੰਘ ਦਾ ਯੋਗਦਾਨ

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਾਲਦੀ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਹੋਈਆਂ ਹਨ, ਜਿਨ੍ਹਾਂ ਵਿੱਚ ਨਗੀਨਾ ਸਿੰਘ ਅਤੇ ਮਾਇਓ ਸਿੰਘ ਦੇ ਨਾਂ ਪਹਿਲੀ ਕਤਾਰ ਵਿੱਚ ਆਉਂਦੇ ਹਨ।

ਮਾਇਓ ਸਿੰਘ ਮਿਨਹਾਸ ਲੋਕ ਭਲਾਈ ਲਈ ਕਿੰਨੇ ਕਾਰਜਸ਼ੀਲ ਸੀ, ਇਹ ਉਨ੍ਹਾਂ ਵੱਲੋਂ ਇਲਾਕੇ ਵਿੱਚ ਕਰਵਾਏ ਕੰਮਾਂ ਤੋਂ ਪਤਾ ਲੱਗਦਾ ਹੈ। ਉਨ੍ਹਾਂ ਨੇ ਇਲਾਕੇ ਦੀਆਂ ਵਿਦਿਅਕ ਸੰਸਥਾਵਾਂ ਦੇ ਨਾਲ-ਨਾਲ ਸਿਹਤ ਖੇਤਰ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ।

ਸਰਬਜੀਤ ਸਿੰਘ, ਸੰਤ ਅਤਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਪਾਲਦੀ ਵਿੱਚ ਬਤੌਰ ਐਡਮਿਨ ਸੇਵਾਵਾਂ ਨਿਭਾਅ ਰਹੇ ਹਨ। ਉਹ ਇਸ ਸਕੂਲ ਵਿੱਚ ਪਿਛਲੇ ਕਰੀਬ 25 ਸਾਲਾਂ ਤੋਂ ਸੇਵਾਵਾਂ ਨਿਭਾਅ ਰਹੇ ਹਨ।

ਸਰਬਜੀਤ ਸਿੰਘ ਨੇ ਦੱਸਿਆ ਕਿ ਮਾਇਓ ਸਿੰਘ ਮਿਨਹਾਸ ਜਦੋਂ ਦਹਾਕਿਆਂ ਪਹਿਲਾਂ ਕੈਨੇਡਾ ਤੋਂ ਭਾਰਤ ਆਏ ਸਨ ਤਾਂ ਉਨ੍ਹਾਂ ਨੇ ਸੰਤ ਅਤਰ ਸਿੰਘ ਖਾਲਸਾ ਸਕੂਲ ਨੂੰ ਕਰੀਬ 45 ਹਜ਼ਾਰ ਰੁਪਏ ਦਾਨ ਕੀਤੇ ਸਨ।

ਉਨ੍ਹਾਂ ਵੱਲੋਂ ਦਾਨ ਕੀਤੀ ਰਾਸ਼ੀ ਬਾਰੇ ਬੋਰਡ ਸਕੂਲ ਵਿੱਚ ਅਜੇ ਵੀ ਲੱਗਿਆ ਹੋਇਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਮੌਜੂਦਾ ਪ੍ਰਿੰਸੀਪਲ ਪਰਵਿੰਦਰ ਸਿੰਘ ਵੀ ਮਾਇਓ ਸਿੰਘ ਮਿਨਹਾਸ ਵੱਲੋਂ ਕਾਲਜ ਲਈ ਪਾਏ ਯੋਗਦਾਨ ਬਾਰੇ ਦੱਸਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕਾਲਜ ਦਾ ਨੀਂਹ ਪੱਥਰ ਆਜ਼ਾਦ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਲਦੇਵ ਸਿੰਘ ਨੇ 1948 ਵਿੱਚ ਰੱਖਿਆ ਸੀ।

ਪਰਵਿੰਦਰ ਸਿੰਘ ਦੱਸਦੇ ਹਨ, "ਕਾਲਜ ਵਿੱਚ ਇੱਕ ਵੱਡਾ ਹਾਲ ਹੈ, ਜਿਸ ਨੂੰ ਉਸ ਵੇਲੇ ਮਾਇਓ ਸਿੰਘ ਮਿਨਹਾਸ ਨੇ ਆਪਣੀ ਪਤਨੀ ਬਿਸ਼ਨ ਕੌਰ ਦੀ ਯਾਦ ਵਿੱਚ ਬਣਵਾਇਆ ਸੀ। ਉਨ੍ਹਾਂ ਨੇ ਕਾਲਜ ਨੂੰ ਕਰੀਬ ਇੱਕ ਲੱਖ ਰੁਪਏ ਤੱਕ ਦੀ ਰਾਸ਼ੀ ਦਾਨ ਕੀਤੀ ਸੀ।" ਪਾਲਦੀ ਪਿੰਡ ਵਿੱਚ ਹੈਲਥ ਸੈਂਟਰ ਵੀ ਮੌਜੂਦ ਹੈ, ਜੋ ਮਾਇਓ ਸਿੰਘ ਮਿਨਹਾਸ ਦੇ ਨਾਮ ਉੱਪਰ ਹੈ।

### ਕੈਨੇਡਾ ਦੇ ਪਾਲਦੀ ਨੂੰ 'ਗੋਸਟ ਟਾਊਨ' ਕਿਉਂ ਕਿਹਾ ਜਾਂਦਾ

ਕੁਲਦੀਪ ਸਿੰਘ ਮਿਨਹਾਸ ਦੱਸਦੇ ਹਨ ਕਿ ਪੰਜਾਬ ਤੋਂ ਆਉਂਦੇ ਲੋਕਾਂ ਲਈ ਕੈਨੇਡਾ ਵਿਚਲਾ ਪਾਲਦੀ ਇੱਕ ਸੁਰੱਖਿਅਤ ਪਨਾਹ ਬਣ ਗਿਆ ਸੀ। ਉਨ੍ਹਾਂ ਮੁਤਾਬਕ ਮਾਇਓ ਸਿੰਘ ਮਿਨਹਾਸ ਨੇ ਪੰਜਾਬ ਦੇ ਕਈ ਪਰਿਵਾਰਾਂ ਦਾ ਹੱਥ ਫੜਿਆ ਤੇ ਕੈਨੇਡਾ ਵਿੱਚ ਉਨ੍ਹਾਂ ਨੂੰ ਸਥਾਪਤ ਕਰਨ ਵਿੱਚ ਮਦਦ ਕੀਤੀ।

ਕੁਲਦੀਪ ਸਿੰਘ ਦੱਸਦੇ ਹਨ, "ਮਾਇਓ ਸਿੰਘ ਮਿਨਹਾਸ ਨੇ ਕੈਨੇਡਾ ਵਿੱਚ ਪਾਲਦੀ ਪਿੰਡ ਵਸਾ ਕੇ ਵੱਖ-ਵੱਖ ਭਾਈਚਾਰੇ ਦੇ ਲੋਕਾਂ ਨੂੰ ਇੱਕ ਥਾਂ 'ਤੇ ਵਸਾਇਆ ਸੀ। ਉਥੇ ਮਾਇਓ ਸਿੰਘ ਨੇ 1919 ਵਿੱਚ ਇੱਕ ਗੁਰਦੁਆਰਾ ਵੀ ਬਣਵਾਇਆ ਸੀ, ਜਿਸ ਦਾ 2019 ਵਿੱਚ 100 ਸਾਲਾ ਮਨਾਇਆ ਗਿਆ।"

ਉਹ ਦੱਸਦੇ ਹਨ ਕਿ ਕੈਨੇਡਾ ਵਿਚਲੇ ਪਾਲਦੀ ਦੀ ਜੋ ਰੌਣਕ ਪਹਿਲਾਂ ਸੀ, ਉਸ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ।

"ਪਹਿਲਾਂ ਪਾਲਦੀ ਵਿੱਚ ਕਰੀਬ 250-300 ਘਰ ਹੁੰਦੇ ਸਨ ਪਰ ਹੁਣ ਉੱਥੇ ਟਾਵਾਂ-ਟਾਵਾਂ ਘਰ ਹੈ। ਇੱਥੇ ਹਰ ਸਾਲ ਜੁਲਾਈ ਦੇ ਮਹੀਨੇ ਜੋੜ ਮੇਲ ਮਨਾਇਆ ਜਾਂਦਾ ਸੀ, ਜਿੱਥੇ ਖੇਡ ਮੁਕਾਬਲੇ ਵੀ ਕਰਵਾਏ ਜਾਂਦੇ ਸਨ। ਇਸੇ ਦੌਰਾਨ ਅਸੀਂ ਸਾਰੇ ਪਰਿਵਾਰਕ ਮੈਂਬਰ ਇਕੱਤਰ ਹੁੰਦੇ ਸੀ।" ਕੁਲਦੀਪ ਸਿੰਘ ਦੱਸਦੇ ਹਨ ਕਿ ਜੋੜ ਮੇਲ ਹੁਣ ਵੀ ਲੱਗਦਾ ਹੈ ਪਰ ਹੁਣ ਉਥੇ ਪਹਿਲਾਂ ਵਰਗੀ ਰੌਣਕ ਨਹੀਂ ਹੁੰਦੀ ਤੇ ਨਾ ਹੀ ਖੇਡ ਮੁਕਾਬਲੇ ਹੁੰਦੇ ਹਨ।

ਕੁਲਦੀਪ ਦੱਸਦੇ ਹਨ, "ਕੈਨੇਡਾ ਵਿੱਚ ਹੁਣ ਪਾਲਦੀ ਨੂੰ 'ਗੋਸਟ ਟਾਊਨ' ਵੀ ਕਿਹਾ ਜਾਣ ਲੱਗਾ ਹੈ ਕਿਉਂਕਿ ਉੱਥੇ ਰਹਿਣ ਵਾਲੇ ਲੋਕ ਇਸ ਪਿੰਡ ਨੂੰ ਛੱਡ ਕੇ ਜਾ ਚੁੱਕੇ ਹਨ। ਘਰਾਂ ਦੀ ਖਸਤਾ ਹਾਲਤ ਤੇ ਰੁਜ਼ਗਾਰ ਕਾਰਨ ਲੋਕ ਹੌਲੀ-ਹੌਲੀ ਉਥੋਂ ਜਾਣਾ ਸ਼ੁਰੂ ਕਰ ਗਏ ਸਨ। ਹੁਣ ਮਾਇਓ ਸਿੰਘ ਮਿਨਹਾਸ ਦੇ ਵੱਡੇ ਪੁੱਤਰ ਦੇ ਬੇਟੇ ਉੱਥੇ ਰਹਿ ਰਹੇ ਹਨ, ਉਨ੍ਹਾਂ ਤੋਂ ਇਲਾਵਾ ਹੁਣ ਉੱਥੇ ਕੋਈ ਹੋਰ ਨਹੀਂ ਰਹਿੰਦਾ।" ਬੇਸ਼ੱਕ ਮਾਇਓ ਸਿੰਘ ਮਿਨਹਾਸ ਕਈ ਦਹਾਕੇ ਪਹਿਲਾਂ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਪਰ ਉਹ ਆਪਣੀਆਂ ਪੈੜਾਂ ਦੇ ਨਿਸ਼ਾਨ ਹਮੇਸ਼ਾਂ ਲਈ ਛੱਡ ਗਏ ਹਨ।

# ਕੈਨੇਡਾ 'ਚ ਵਿਦਿਆਰਥੀ ਜਾਣਕਾਰੀ ਪ੍ਰਣਾਲੀ ਨਾਲ ਜੁੜੀ ਸਾਈਬਰ ਉਲੰਘਣਾ ਦੀ ਜਾਂਚ ਸ਼ੁਰੂ

ਔਟਵਾ: ਕੈਨੇਡਾ ਦੇ ਪ੍ਰਾਈਵੇਸੀ ਕਮਿਸ਼ਨਰ ਫ਼ਿਲਿਪ ਡੁਫ਼ਰੇਨ ਨੇ ਮੁਲਕ ਭਰ ਵਿੱਚ ਵਰਤੀ ਜਾਂਦੀ ਵਿਦਿਆਰਥੀ ਜਾਣਕਾਰੀ ਪ੍ਰਣਾਲੀ 'ਤੇ ਹੋਈ ਸਾਈਬਰ ਉਲੰਘਣਾ ਦੀ ਰਸਮੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਉਲੰਘਣਾ ਪਾਵਰਸਕੂਲ (ਫੋਰਸ਼ਚਰੋਲ) ਨਾਮਕ ਅਮਰੀਕੀ ਕੰਪਨੀ ਵਲੋਂ ਮੁਹੱਈਆ ਕੀਤੇ ਗਏ ਸਾਫਟਵੇਅਰ ਨਾਲ ਜੁੜੀ ਹੋਈ ਹੈ, ਜੋ ਕੈਨੇਡਾ ਦੇ ਕਈ ਸੂਬਿਆਂ ਅਤੇ ਸਕੂਲ ਬੋਰਡਾਂ ਵਿੱਚ ਵਰਤੀ ਜਾਂਦੀ ਹੈ।

ਕਮਿਸ਼ਨਰ ਫ਼ਿਲਿਪ ਡੁਫ਼ਰੇਨ ਨੇ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਨੂੰ ਇੱਕ ਸ਼ਿਕਾਇਤ ਮਿਲਣ ਤੋਂ ਬਾਅਦ ਇਹ ਜਾਂਚ ਸ਼ੁਰੂ ਕੀਤੀ ਗਈ। ਉਨ੍ਹਾਂ ਨੂੰ ਪਾਵਰਸਕੂਲ ਵਲੋਂ ਜਾਣਕਾਰੀ ਮਿਲੀ ਕਿ 22 ਤੋਂ 28 ਦਸੰਬਰ 2024 ਦੇ ਦਰਮਿਆਨ ਡਾਟਾ ਲੀਕ ਹੋਇਆ ਸੀ। ਇਸ ਲੀਕ ਨਾਲ ਨਿਊਫ਼ੰਡਲੈਂਡ ਐਂਡ ਲੈਬਰਾਡੋਰ, ਨੋਵਾ ਸਕੋਸ਼ੀਆ, ਓਨਟੇਰਿਓ, ਐਲਬਰਟਾ ਅਤੇ ਉੱਤਰੀ ਅਮਰੀਕਾ ਦੇ ਹੋਰ ਸਕੂਲ ਬੋਰਡ ਪ੍ਰਭਾਵਿਤ ਹੋਏ ਹਨ।

ਇਸ ਡਾਟਾ ਲੀਕ ਦੌਰਾਨ ਵਿਦਿਆਰਥੀਆਂ ਦੀ ਸੰਵੇਦਨਸ਼ੀਲ ਜਾਣਕਾਰੀ, ਜਿਵੇਂ ਕਿ ਪਤਾ, ਹੈਲਥ ਕਾਰਡ ਨੰਬਰ, ਐਮਰਜੈਂਸੀ ਸੰਪਰਕ ਅਤੇ ਕੁਝ ਮੈਡਿਕਲ ਜਾਣਕਾਰੀ ਚੋਰੀ ਹੋਣ ਦੀ ਸੰਭਾਵਨਾ ਹੈ। ਟੋਰੌਂਟੋ ਡਿਸਟ੍ਰਿਕਟ




ਸਕੂਲ ਬੋਰਡ ਨੇ ਪਿਛਲੇ ਮਹੀਨੇ ਇਹ ਪੁਸ਼ਟੀ ਕੀਤੀ ਸੀ ਕਿ ਉਨ੍ਹਾਂ ਦੀ ਸਿਸਟਮ ਨਾਲ ਜੁੜੀ ਕੁਝ ਮਹੱਤਵਪੂਰਨ ਜਾਣਕਾਰੀ ਵੀ ਇਸ ਹਮਲੇ ਦਾ ਨਿਸ਼ਾਨ ਬਣੀ ਹੋ ਸਕਦੀ ਹੈ। ਕਮਿਸ਼ਨਰ ਡੁਫ਼ਰੇਨ ਨੇ ਕਿਹਾ ਕਿ ਉਨ੍ਹਾਂ ਦੀ ਤਵੱਜੋ ਇਸ ਗੱਲ ਨੂੰ ਯਕੀਨੀ ਬਣਾਉਣ 'ਤੇ ਹੈ ਕਿ ਪਾਵਰਸਕੂਲ ਪ੍ਰਭਾਵਿਤ ਵਿਅਕਤੀਆਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ, "ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਜਿਹੀਆਂ ਘਟਨਾਵਾਂ ਆਉਣ ਵਾਲੇ ਸਮੇਂ ਵਿੱਚ ਨਾ ਹੋਣ।"

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕੰਪਨੀ ਪ੍ਰਭਾਵਿਤ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਸੂਚਿਤ ਕਰ ਰਹੀ ਹੈ। ਇਸ ਤੋਂ ਇਲਾਵਾ, ਪਾਵਰਸਕੂਲ ਉਨ੍ਹਾਂ ਨੂੰ ਕਰੈਡਿਟ ਮਾਨੀਟਰਿੰਗ ਅਤੇ ਸ਼ਨਾਖ਼ਤੀ ਸੁਰੱਖਿਆ ਸੇਵਾਵਾਂ ਵੀ ਉਪਲਬਧ ਕਰਵਾ ਰਹੀ ਹੈ, ਤਾਂ ਜੋ ਉਨ੍ਹਾਂ ਦੀ ਜਾਣਕਾਰੀ ਦੀ ਹੋਰ ਚੋਰੀ ਤੋਂ ਰੱਖਿਆ ਕੀਤੀ ਜਾ ਸਕੇ।

ਇਹ ਘਟਨਾ ਇੱਕ ਵੱਡੀ ਚਿੰਤਾ ਨੂੰ ਉਭਾਰਦੀ ਹੈ ਕਿ ਵਿਦਿਆਰਥੀਆਂ ਦੀ ਨਿੱਜੀ ਜਾਣਕਾਰੀ ਕਿੰਨੀ ਸੁਰੱਖਿਅਤ ਹੈ। ਸਾਈਬਰ ਹਮਲਿਆਂ ਦੀ ਵਧ ਰਹੀ ਗਿਣਤੀ ਨੂੰ ਦੇਖਦੇ ਹੋਏ, ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਤੇ ਸਕੂਲ ਬੋਰਡਾਂ ਨੂੰ ਆਪਣੇ ਡਾਟਾ ਦੀ ਸੁਰੱਖਿਆ ਬਾਰੇ ਹੋਰ ਵੀ ਜਾਗਰੂਕ ਹੋਣ ਦੀ ਲੋੜ ਹੈ।

ਕਮਿਸ਼ਨਰ ਦਾ ਦਫ਼ਤਰ ਹੁਣ ਇਸ ਮਾਮਲੇ ਦੀ ਗਹਿਰੀ ਜਾਂਚ ਕਰੇਗਾ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰੇਗਾ ਕਿ ਕੀ ਕੋਈ ਨਿਯਮ ਤੋੜੇ ਗਏ ਹਨ। ਇਸ ਜਾਂਚ ਤੋਂ ਮਿਲਣ ਵਾਲੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਸਾਈਬਰ ਸੁਰੱਖਿਆ ਲਈ ਨਵੇਂ ਨਿਯਮ ਬਣਾਉਣ ਵਿੱਚ ਮਦਦਗਾਰ ਹੋ ਸਕਦੇ ਹਨ।

ਇਹ ਮਾਮਲਾ ਸਿਰਫ਼ ਇੱਕ ਡਾਟਾ ਲੀਕ ਨਹੀਂ ਹੈ, ਸਗੋਂ ਇਹ ਕੈਨੇਡਾ ਵਿੱਚ ਡਿਜੀਟਲ ਸੁਰੱਖਿਆ ਨਾਲ ਜੁੜੇ ਨਵੇਂ ਚੈਲੇਂਜਾਂ ਨੂੰ ਉਭਾਰ ਰਿਹਾ ਹੈ। ਸਕੂਲ ਬੋਰਡ ਅਤੇ ਸਰਕਾਰ ਨੂੰ ਹੁਣ ਆਪਣੇ ਡਿਜੀਟਲ ਨੈੱਟਵਰਕ ਦੀ ਸੁਰੱਖਿਆ ਲਈ ਹੋਰ ਪ੍ਰਭਾਵਸ਼ਾਲੀ ਨੀਤੀਆਂ ਲਿਆਉਣ ਦੀ ਲੋੜ ਹੈ, ਤਾਂ ਜੋ ਵਿਦਿਆਰਥੀਆਂ ਦੀ ਜਾਣਕਾਰੀ ਭਵਿੱਖ ਵਿੱਚ ਸੁਰੱਖਿਅਤ ਰਹੇ।

# ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਮੈਟ੍ਰੋ ਵੈਨਕੂਵਰ ਬੋਰਡ ਨੂੰ 'ਵਕਤ ਦੀ ਬਰਬਾਦੀ' ਦੱਸਿਆ

ਸਰੀ (ਏਕਜੋਤ ਸਿੰਘ): ਉੱਤਰੀ ਕਿਨਾਰੇ ਦੇ ਵਾਸ਼ਵਾਟਰ ਟ੍ਰੀਟਮੈਂਟ ਪਲਾਂਟ ਦੀ ਲਾਗਤ ਬਜਟ ਤੋਂ ਤਕਰੀਬਨ 3 ਬਿਲੀਅਨ ਡਾਲਰ ਵੱਧ ਹੋਣ ਅਤੇ ਮੈਟ੍ਰੋ ਵੈਨਕੂਵਰ ਨੂੰ ਖਰਚਾਂ ਘਟਾਉਣ ਲਈ ਦਬਾਅ ਦਾ ਸਾਹਮਣਾ ਕਰਨ ਨਾਲ ਪ੍ਰਬੰਧਨ ਅਤੇ ਪਾਰਦਰਸ਼ਿਤਾ ਦੀ ਮੰਗ ਵਧ ਗਈ ਹੈ।



ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਬੁਧਵਾਰ ਗੱਲਬਾਤ ਕਰਦਿਆਂ ਕਿਹਾ, "ਜਿਵੇਂ ਮੈਟਰੋ ਹੁਣ ਤੱਕ ਸਥਾਪਿਤ ਹੈ, ਮੈਂ ਸਮਝਦਾ ਹਾਂ ਕਿ ਇਹ ਪੂਰੀ ਤਰ੍ਹਾਂ ਵਕਤ ਦੀ ਬਰਬਾਦੀ ਹੈ। ਇਹ ਬਿਲਕੁਲ ਖਰਾਬ ਹੈ... ਇਸ ਢਾਂਚੇ ਵਿੱਚ ਸਰੋਤਾਂ ਅਤੇ ਜਵਾਬਦੇਹੀ ਦਾ ਬਿਹਤਰ ਵੰਡ ਕੀਤਾ ਜਾ ਸਕਦਾ ਹੈ।"

ਸਰੀ ਦੇ ਸਾਬਕਾ ਮੇਅਰ ਡੌਗ ਮੈਕਕੈਲਮ ਵੀ ਇਸ ਮਾਮਲੇ 'ਤੇ ਆਪਣੀ ਅਵਾਜ਼ ਉਠਾ ਰਹੇ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਦੇ ਸ਼ਹਿਰ ਨੂੰ ਇਸ ਸੰਗਠਨ ਤੋਂ ਬਾਹਰ ਨਿਕਲ ਜਾ ਸਕਦਾ ਹੈ। ਮੈਕਕੈਲਮ ਨੇ ਕਿਹਾ, "ਮੈਂ ਸਮਝਦਾ ਹਾਂ ਕਿ ਸਰੀ ਨੂੰ ਪੂਰੀ ਤਰ੍ਹਾਂ ਮੈਟ੍ਰੋ ਬੋਰਡ ਤੋਂ ਬਾਹਰ ਨਿਕਲਣਾ ਚਾਹੀਦਾ ਹੈ। ਸਾਨੂੰ ਆਪਣੇ ਸ਼ਹਿਰ ਨੂੰ ਉਹਨਾਂ ਤਰੀਕਿਆਂ ਨਾਲ ਚਲਾਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਜਿਵੇਂ ਸਾਡੇ ਵਾਸੀਆਂ ਨੇ ਚਾਹਿਆ ਹੈ, ਨਾ ਕਿ ਮੈਟ੍ਰੋ ਦੇ ਤਰੀਕੇ ਨਾਲ, ਜੋ ਕਿ ਇੱਕ ਨਾ ਚੁਣੀ ਗਈ ਬੋਰਡ ਹੈ।"

ਹੋਰ ਵਿਅਕਤੀਆਂ ਦਾ ਇਹ ਮੰਨਣਾ ਹੈ ਕਿ ਮੈਟ੍ਰੋ ਵੈਨਕੂਵਰ ਵਿੱਚ ਵੱਡੇ ਫੈਸਲਿਆਂ ਤੋਂ ਪਹਿਲਾਂ ਹੋਰ ਜਾਣਕਾਰੀ ਦੀ ਲੋੜ ਹੈ। ਵੈਨਕੂਵਰ ਦੀ ਸਾਬਕਾ ਕੌਂਸਲਰ ਅਤੇ ਅਗਲੇ ਉਪਚੁਣਾਵ ਵਿੱਚ ਟੀਮ ਉਮੀਦਵਾਰ ਕੋਲੀਨ ਹਰਡਵਿਕ ਨੇ ਕਿਹਾ, "ਜੇ ਅਸੀਂ ਸਮੱਸਿਆਵਾਂ ਨੂੰ ਠੀਕ ਕਰਨਾ ਚਾਹੁੰਦੇ ਹਾਂ, ਤਾਂ ਅਸੀਂ ਆਪਣੀਆਂ ਅੱਖਾਂ ਰੇਤ ਵਿੱਚ ਨਹੀਂ ਦਬਾਂਦੇ, ਅਸੀਂ ਆਪਣੀ ਖੋਜ ਕਰਦੇ ਹਾਂ, ਇਹ ਸਮਝਦੇ ਹਾਂ ਕਿ ਕੀ ਗਲਤ ਹੋਇਆ ਅਤੇ ਫਿਰ ਮਸਲੇ ਨੂੰ ਠੀਕ ਕਰਨ ਲਈ ਕੋਸ਼ਿਸ਼ ਕਰਦੇ ਹਾਂ।"

ਪੋਰਟ ਕੋਕੁਇਟਲਮ ਦੇ ਮੇਅਰ ਬ੍ਰੈਡ ਵੈਸਟ ਨੇ ਹਾਲ ਹੀ ਵਿੱਚ ਮੈਟ੍ਰੋ ਵੈਨਕੂਵਰ ਦੇ ਕੰਮਕਾਜ ਵਿੱਚ ਬੜੇ ਬਦਲਾਅ ਦੇ ਲਈ ਇੱਕ ਮੋਸ਼ਨ ਪੇਸ਼ ਕੀਤਾ।

ਉਸ ਮੋਸ਼ਨ ਵਿੱਚ ਅਧਿਕਾਰੀ ਫੀਸਾਂ ਨੂੰ ਅੱਧਾ ਕਰਨ, ਮੀਟਿੰਗਾਂ ਨੂੰ 50 ਪ੍ਰਤੀਸ਼ਤ ਘਟਾਉਣ ਅਤੇ ਮੈਟ੍ਰੋ ਦੇ ਮੂਲ ਸੇਵਾਵਾਂ ਦੀ ਪੂਰੀ ਬਾਹਰੀ ਸਮੀਖਿਆ ਕਰਨ ਦੀ ਮੰਗ ਕੀਤੀ ਗਈ ਹੈ।

ਵੈਸਟ ਨੇ ਕਿਹਾ, "ਮੈਂ ਸਮਝਦਾ ਹਾਂ ਕਿ ਇਹ ਮੈਟ੍ਰੋ ਵੈਨਕੂਵਰ ਦਾ ਮੁੜ-ਅਰੰਭ ਕਰਨ ਦਾ ਮੌਕਾ ਹੈ ਅਤੇ ਨਵੀਂ ਸ਼ੁਰੂਆਤ ਕਰਨ ਦਾ ਸਮਾਂ ਹੈ।"

ਮੈਟ੍ਰੋ ਵੈਨਕੂਵਰ ਇਸ ਮੋਸ਼ਨ 'ਤੇ 28 ਫਰਵਰੀ ਨੂੰ ਚਰਚਾ ਕਰੇਗਾ। ਇੱਕ ਵਿਸ਼ੇਸ਼ ਮੀਟਿੰਗ 21 ਫਰਵਰੀ ਨੂੰ ਮੈਟ੍ਰੋ ਦੀ ਸੇਵਾਵਾਂ ਦੀ ਸਮੀਖਿਆ ਕਰਨ ਲਈ ਰੱਖੀ ਗਈ ਹੈ।

ਇਸ ਤਰ੍ਹਾਂ ਦੇ ਬਦਲਾਅ ਅਤੇ ਪ੍ਰਬੰਧਨ ਦੇ ਵਿਰੋਧ ਦੇ ਮਾਮਲੇ ਨੂੰ ਸਿੱਧਾ ਰੂਪ ਵਿੱਚ ਪੇਸ਼ ਕਰਦੇ ਹੋਏ, ਸਥਾਨਕ ਅਧਿਕਾਰੀਆਂ ਅਤੇ ਗ੍ਰਹਿ ਨਿਵਾਸੀਆਂ ਵਿੱਚ ਗਰਮਾ ਗਰਮੀ ਦਾ ਮਾਹੌਲ ਬਣਿਆ ਹੋਇਆ ਹੈ। This report was written by Ekjot Singh as part of the Local Journalism Initiative.


## ਪੰਜਾਬੀ ਬੋਲੀ ਦਾ ਜਸ਼ਨ

**ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਲੋਂ**

**ਅੰਤਰਰਾਸ਼ਟਰੀ ਮਾਂ-ਬੋਲੀ ਦਿਨ**

**ਐਤਵਾਰ 23 ਫਰਵਰੀ 2025**

**ਬਾਅਦ ਦੁਪਹਿਰ 1:00 ਤੋਂ 3:00 ਵਜੇ ਤੱਕ**

**ਤਾਜ ਪਾਰਕ ਕਨਵਿੰਨਸ਼ਨ ਸੈਂਟਰ** 8580 132 ਸਟਰੀਟ, ਸਰੀ

**ਤਾਜ ਪਾਰਕ ਕਨਵਿੰਨਸ਼ਨ ਸੈਂਟਰ ਅਤੇ ਦੀਪਕ ਬਿਨਿੰਗ ਫਾਊਂਡੇਸ਼ਨ ਦੇ ਸਹਿਯੋਗ ਨਾਲ**

ਕੁੰਜੀਵਤ ਭਾਸ਼ਣ: **ਜੈਸੀ ਸੁਨੜ, ਐਮ ਐਲ ਏ ਸਰੀ-ਨਿਊਟਨ, ਅਟਾਰਨੀ ਜਨਰਲ ਅਤੇ ਡਿਪਟੀ ਪ੍ਰੀਮੀਅਰ ਨਿਕੀ ਸ਼ਰਮਾ ਦੀ ਪਾਰਲੀਮੈਂਟ ਸੈਕਰੇਟਰੀ**

**ਗੈਰੀ ਥਿੰਦ (ਸਰੀ), ਨਿੰਮੀ ਦੌਲਾ (ਡੈਲਟਾ) ਅਤੇ ਪ੍ਰੀਤ ਰਾਏ (ਐਬਟਸਫੋਰਡ)** ਸਕੂਲ ਜ਼ਿਲਿਆਂ ਦੇ ਨੁਮਾਇੰਦਿਆਂ ਵਲੋਂ ਪੰਜਾਬੀ ਦੀ ਪੜ੍ਹਾਈ ਬਾਰੇ ਜਾਣਕਾਰੀ

ਸਥਾਨਕ ਪੰਜਾਬੀ ਵਿਦਿਆਰਥੀਆਂ ਵਲੋਂ **ਕਵਿਤਾਵਾਂ, ਗੀਤ ਅਤੇ ਕਹਾਣੀਆਂ**

ਪੰਜਾਬੀ ਸਿੱਖਣ ਦੀ ਪ੍ਰੇਰਨਾ ਦੇਣ ਵਾਲੀ ਵੀਡੀਓ - ਪੇਸ਼ਕਾਰ **ਜੇਡਿਨ ਗਿੱਲ ਅਤੇ ਰੋਹਨ ਗਿੱਲ** ਵਲੋਂ

ਕਨੇਡਾ ਵਿੱਚ ਜੰਮੇ ਪਲ਼ੇ ਪੰਜਾਬੀ ਲੇਖਕ - **ਪ੍ਰਭਜੋਤ ਕੌਰ ਅਤੇ ਹਰਮਨ ਪੰਧੇਰ**

ਸਥਾਨਿਕ ਪੰਜਾਬੀ ਗਾਇਕ - **ਸੁੱਖੀ ਲਾਲੀ ਅਤੇ ਬਿੰਦਰ ਰੋਡੇ**

***ਪਲੀ ਵਲੋਂ ਸੱਭ ਨੂੰ ਖੁੱਲ੍ਹਾ ਸੱਦਾ ਹੈ ਕਿ ਆਓ ਮਿਲ਼ ਕੇ ਆਪਣੀ ਮਾਂ-ਬੋਲੀ ਦਾ ਜਸ਼ਨ ਮਨਾਈਏ।***

*ਤੁਹਾਨੂੰ ਸਨੇਹ ਨਾਲ ਸੱਦਾ ਦੇਣ ਵਾਲੇ ਪੰਜਾਬੀ ਦੀ ਪੜ੍ਹਾਈ ਲਈ ਸਰਗਰਮ ਪਲੀ ਦੇ ਮੈਂਬਰ:*

**ਬਲਵੰਤ ਸੰਘੇੜਾ, ਪਾਲ ਬਿਨਿੰਗ, ਗੁਰਪ੍ਰੀਤ ਬੈਂਸ, ਰਾਜਿੰਦਰ ਪੰਧੇਰ, ਰਣਬੀਰ ਜੌਹਲ, ਗੁਰਿੰਦਰ ਮਾਨ, ਹਰਮੋਹਨਜੀਤ ਪੰਧੇਰ, ਕਮਲਜੀਤ ਕੈਂਥੋ, ਪ੍ਰਭਜੋਤ ਕੌਰ, ਅਮਨਦੀਪ ਸ਼ੀਨਾ, ਰੀਤਿੰਦਰ ਕੌਰ, ਦਇਆ ਜੌਹਲ, ਸਾਧੂ ਬਿਨਿੰਗ**

**ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਸੰਪਰਕ:**

**ਬਲਵੰਤ ਸੰਘੇੜਾ** - 604 - 836 - 8976

**ਸਾਧੂ ਬਿਨਿੰਗ** - 778 - 773 - 1886

**ਪਾਲ ਬਿਨਿੰਗ** - 778 - 889 - 8255

**Punjabi Language Education Association (PLEA)**


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
UNBEATABLE BIGGEST SALE IN CANADA
UNBEATABLE EXTRA SUPER SPECIAL
Sher Atta Desi Style 20 lbs
(Disclaimer: with the purchase of $25 in groceries,excluding flyer items. Limit 2 bags per family)
ਸ਼ੇਰ ਆਟਾ ਦੇਸੀ ਸਟਾਈਲ
Reg: $15.98
$13.98 bag
EXTRA SUPER SUPER SPECIAL
Roma Tomatoes
ਰੋਮਾ ਟਮਾਟਰ
88¢ lb
Red Onions 25 lbs
ਲਾਲ ਗੰਢੇ
$16.99 bag
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ 9
$2.99 ea.
SUPER SPECIAL
Yellow Onions 50 lbs
ਪੀਲੇ ਗੰਢੇ
$10.98 bag
Gachak (Indican) 400 g
ਇੰਡੀਕਨ ਗੁੜ ਗਚਕ
$2.98 pkg.
Fresh Garlic
ਤਾਜ਼ਾ ਲਸਣ
$1.88 lb
SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
99¢ lb
SUPER SPECIAL
Yellow Onions
ਪੀਲੇ ਗੰਢੇ
29¢ lb
Zucchini
ਜ਼ੁਕੀਨੀ ਸਕੁਐਸ਼
78¢ lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle
Chickpeas & Red Lentil Whole
ਚਿੱਟੇ ਛੋਲੇ ਧੋਤੀ ਮਸਰਾਂ ਦੀ ਦਾਲ
88¢ lb
Ponkan Mandarin (Santrae)
ਸੰਤਰੇ (ਪੋਂਕਾਨ ਮੈਂਡਰਿਨ)
$1.99 lb
Cilantro
ਧਣੀਆ
2 bunches for $1.49
Fresh Ginger
ਤਾਜ਼ਾ ਅਦੱਰਕ
$1.59 lb
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.
Red Lentil Whole, Red Lentil Split, Black Chana & Chickpeas 4 lbs (Indican)
$3.98 bag
Seedless Oranges (Small)
ਛੋਟਾ ਸੰਤਰੇ ( ਬਿਨਾ ਬੀਜ ਤੋਂ )
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Broccoli Crown
ਬਰੋਕਲੀ ਕਰਾਉਨ
$1.49 lb
Italpasta Elbow Macaroni 450 g
ਇਟਾਲਪਾਸਤਾ ਮੈਕਰੋਨੀ 450 gr
$1.99 pkg.
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
Fresh Spinach
ਪਾਲਕ
$1.69 bunch
Roasted Peanuts in Shell
ਭੁੰਜੀ ਮੂੰਗਫਲੀ
$1.88 lb
English Cucumbers
ਇੰਗਲਿਸ਼ ਖੀਰੇ
2 for $1.49
Indican Premium Tea 216's
ਇੰਡੀਕਨ ਪ੍ਰਾਈਮ ਚਾਹ 216
$5.99 box
Thur Feb 13, 2025 - Wed Feb 19, 2025
We reserve the right to limit the quantities while they last
Specials valid for Lower Mainland only
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520